

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

# ਹਫਤਾਵਾਰੀ ਦੇਸ਼ ਦੁਆਬਾ

VOL - 7 ISSUE - 42
January 30, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦੀ ਸਪੁੱਤਰੀ ਜਗਦੀਸ਼ ਕੌਰ ਰਾਮ 'ਜੈਕੀ' ਜੋ ਬੀਤੇ ਦਿਨੀਂ ਭਰ ਜਵਾਨੀ ਵਿਚ ਸਦੀਵੀ ਵਿਛੋੜਾ ਦੇ ਗਏ, ਦਾ ਅੰਤਿਮ ਸਸਕਾਰ 30 ਜਨਵਰੀ 2019 ਨੂੰ ਹੋਵੇਗਾ। ਅਦਾਰਾ 'ਦੇਸ਼ ਦੁਆਬਾ' ਉਹਨਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ। (ਹੋਰ ਜਾਣਕਾਰੀ ਲਈ ਦੇਖੋ ਸਫਾ 23 ਅਤੇ 24)



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ (ਗਦਰੀ ਯੋਧੇ ਅਤੇ ਆਦਿ ਧਰਮ ਦੇ ਬਾਨੀ) ਦੀ ਕਿਤਾਬ ਰਿਲੀਜ਼ ਕਰਦੇ ਹੋਏ ਅਤੇ ਸ੍ਰੀਮਾਨ ਓ ਪੀ ਬਾਲੀ ਕਿਤਾਬ ਪ੍ਰਤੀ ਦੋ ਸ਼ਬਦ ਰੱਖਦੇ ਹੋਏ। (ਹੋਰ ਜਾਣਕਾਰੀ ਲਈ ਦੇਖੋ ਸਫਾ 13)

# ਕੜਾਕੇ ਦੀ ਠੰਡ ਦੀ ਲਪੇਟ ਵਿਚ ਅਮਰੀਕਾ

## ਪਾਰਾ ਮਨਫੀ 50 ਡਿਗਰੀ ਤੱਕ ਪਹੁੰਚਿਆ, ਸੈਂਕੜੇ ਉਡਾਣਾਂ ਰੱਦ

**ਵਾਸ਼ਿੰਗਟਨ (ਬਿਊਰੋ)**– ਆਰਕਟਿਕ ਤੋਂ ਆ ਰਹੀਆਂ ਬਰਫੀਲੀਆਂ ਹਵਾਵਾਂ ਦੇ ਕਾਰਨ ਦੋ ਤਿਹਾਈ ਅਮਰੀਕੀ ਕੰਬਾਅ ਦੇਣ ਵਾਲੀ ਸਰਦੀ ਦੀ ਲਪੇਟ ਵਿਚ ਹਨ। ਕਈ ਥਾਵਾਂ ਤੇ ਤਾਪਮਾਨ ਮਨਫੀ 50 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ। ਠੰਡ ਨੇ ਪਿਛਲੇ ਕਈ ਰਿਕਾਰਡ ਤੋੜ ਦਿੱਤੇ ਹਨ। ਨੈਸ਼ਨਲ ਵੈਦਰ ਸਰਵਿਸ ਮੁਤਾਬਕ ਹਾਲੇ ਕੁਝ ਦਿਨ ਹੋਰ ਠੰਡ ਇਸੇ ਤਰ੍ਹਾਂ ਵਧੇਗੀ।

ਓਹਾਇਹੋ, ਦਾ ਗ੍ਰੇਟ ਲੇਕਸ ਅਤੇ ਨਿਊ ਇੰਗਲੈਂਡ ਦੇ ਇਲਾਕਿਆਂ ਵਿਚ ਸਭ ਤੋਂ ਜ਼ਿਆਦਾ ਸਰਦੀ ਪੈ ਰਹੀ ਹੈ। ਮੰਗਲਵਾਰ ਸ਼ਾਮ ਨੂੰ ਸ਼ਿਕਾਗੋ ਦੇ ਆਸ ਪਾਸ ਤਾਪਮਾਨ ਮਨਫੀ 46 ਡਿਗਰੀ ਤੱਕ ਹੇਠਾਂ ਡਿੱਗ ਗਿਆ ਸੀ। ਕਈ ਥਾਵਾਂ ਤੇ ਭਾਰ ਬਰਫਬਾਰੀ ਵੀ ਹੋਈ ਹੈ। ਖਰਾਬ ਮੌਸਮ ਨੂੰ ਦੇਖਦਿਆਂ ਵਿਸਕਾਂਸਿਨ, ਮਿਸ਼ੀਗਨ ਅਤੇ ਅਲਬਾਮਾ ਵਿਚ ਐਮਰਜੈਂਸੀ ਲਾਗੂ ਕਰ ਦਿੱਤੀ ਹੈ ਅਤੇ ਕਰੀਬ 1200 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।



ਇੱਧਰ ਰਾਸ਼ਟਰਪਤੀ ਟਰੰਪ ਦੀ ਟਵੀਟ ਤੇ ਹੰਗਾਮਾ ਹੋ ਰਿਹਾ ਹੈ। ਟਰੰਪ ਨੇ ਕਹਾ ਕਿ ਕਈ ਥਾਵਾਂ ਤੇ ਤਾਪਮਾਨ ਮਨਫੀ 60 ਡਿਗਰੀ ਤੱਕ ਪਹੁੰਚ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਤਾਪਮਾਨ ਹੋਰ ਡਿੱਗ ਸਕਦਾ ਹੈ। ਲੋਕ ਘਰ ਤੋਂ ਨਹੀਂ ਨਿਕਲ ਪਾ ਰਹੇ ਹਨ।

# ਭਾਰਤ ਵਿਚ ਚੋਣਾਂ ਤੋਂ ਪਹਿਲਾਂ ਹੋ ਸਕਦੇ ਨੇ ਅੱਤਵਾਦੀ ਹਮਲੇ- ਅਮਰੀਕੀ ਚਿਤਾਵਨੀ

**ਵਾਸ਼ਿੰਗਟਨ (ਬਿਊਰੋ)**– ਅਮਰੀਕਾ ਨੇ ਕਿਹਾ ਹੈ ਕਿ ਪਾਕਿਸਤਾਨ ਸਮਰਥਕ ਅੱਤਵਾਦੀ ਗਰੁੱਪ ਭਾਰਤ ਅਤੇ ਅਮਰੀਕਾ ਵਿਚ ਹਮਲੇ ਜਾਰੀ ਰੱਖਣਗੇ। ਅਮਰੀਕਾ ਦੇ ਕੌਮੀ ਖੁਫੀਆ ਵਿਭਾਗ ਦੇ ਡਾਇਰੈਕਟਰ ਡੈਨ ਕੋਟਸ ਨੇ ਕਿਹਾ ਕਿ ਅੱਤਵਾਦ ਦੇ ਖਿਲਾਫ ਲੜਾਈ ਵਿਚ ਪਾਕਿ-ਸਤਾਨ ਦਾ ਨਜ਼ਰੀਆ ਸੰਕੋਚਵਾਂ ਹੈ। ਉਹ ਉਹਨਾਂ ਹੀ ਦਹਿਸ਼ਤੀ ਗਰੁੱਪਾਂ ਦੇ ਖਿਲਾਫ ਕਾਰਵਾਈ ਕਰਦਾ ਹੈ, ਜਿਹਨਾਂ ਤੋਂ ਪਾਕਿਸਤਾਨ ਨੂੰ ਖਤਰਾ ਹੁੰਦਾ ਹੈ। ਪਾਕਿ-ਸਤਾਨ ਅੱਤਵਾਦ ਨੂੰ ਨੀਤੀਬੱਧ ਹਥਿਆਰ ਦੇ ਰੂਪ ਵਿਚ ਵਰਤ ਰਿਹਾ ਹੈ। ਇਸ ਨਾਲ ਤਾਲਿਬਾਨ ਦੇ ਖਿਲਾਫ ਲੜਾਈ ਵਿਚ ਅਮਰੀਕੀ ਯਤਨਾਂ ਨੂੰ ਲੋੜੀਂਦੀ ਸਫਲਤਾ ਨਹੀਂ ਮਿਲ ਰਹੀ ਹੈ।

ਭਾਰਤ ਅਤੇ ਚੀਨ ਦੇ ਸਬੰਧਾਂ ਤੇ ਕੋਟਸ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਅੱਗੇ ਵੀ ਤਣਾਅ ਬਣਿਆ ਰਹੇਗਾ। ਉਹਨਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੁਆਰਾ ਦੋਵੇਂ ਮੁਲਕਾਂ ਦੇ ਸਬੰਧਾਂ ਵਿਚ ਸੁਧਾਰ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕੋਟਸ ਮੁਤਾਬਕ ਫੌਜੀ ਹਲਚਲ ਜਾਂ ਬਾਰਡਰ ਤੇ ਨਿਰਮਾਣ ਗਤੀਵਿਧੀਆਂ ਨੂੰ ਲੈ ਕੇ ਮਤਭੇਦ ਦੇ ਕਾਰਨ ਦੋਵੇਂ ਮੁਲਕਾਂ ਵਿਚਕਾਰ ਇਸ ਸਾਲ ਵੀ ਤਣਾਅ ਦੀ ਸਥਿਤੀ ਰਹੇਗੀ। ਚੀਨ ਆਪਣੀ ਆਰਥਿਕ ਤਾਕਤ, ਰਾਜਨੀਤਿਕ ਪ੍ਰਭਾਵ ਅਤੇ ਫੌਜੀ ਸਮਰੱਥਾ ਵਧਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟਿਆ ਰਹੇਗਾ।

ਕੋਟਸ ਨੇ ਭਾਰਤ ਵਿਚ ਆਮ ਚੋਣਾਂ ਤੋਂ ਪਹਿਲਾਂ ਸੰਪਰਦਾਇਕ ਹਿੰਸਾ ਦਾ ਸ਼ੰਕਾ ਪ੍ਰਗਟ ਕੀਤਾ। ਉਹਨਾਂ ਕਿਹਾ ਕਿ ਜੇਕਰ ਭਾਜਪਾ ਹਿੰਦੂਤਵ ਨੂੰ ਲੈ ਕੇ ਅੱਗੇ ਵਧਦੀ ਹੈ ਤਾਂ ਦੇਸ਼ ਵਿਚ ਚੋਣਾਂ ਤੋਂ ਪਹਿਲਾਂ ਦੰਗੇ ਭੜਕਣ ਦਾ ਖਤਰਾ ਹੈ। ਖੁਫੀਆ ਮਾਮਲਿਆਂ 'ਤੇ ਅਮ-ਰੀਕੀ ਸੈਨੇਟ ਦੀ ਸਿਲੈਕਟ ਕਮੇਟੀ ਨੂੰ ਕੋਟਸ ਨੇ ਦੱਸਿਆ ਕਿ ਮੋਦੀ ਦੇ ਪਹਿਲੇ ਕਾਰਜਕਾਲ ਦੌਰਾਨ ਭਾਜਪਾ ਦੀਆਂ ਨੀਤੀਆਂ ਦੇ ਕਾਰਨ ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਵਿਚ ਸੰਪਰਦਾਇਕ ਤਣਾਅ ਵਧਿਆ ਹੈ।

# ਕਮਲਾ ਹੈਰਿਸ ਨੇ ਆਰੰਭ ਕੀਤੀ ਆਪਣੀ ਚੋਣ ਮੁਹਿੰਮ

**ਵਾਸ਼ਿੰਗਟਨ (ਬਿਊਰੋ)**– ਭਾਰਤੀ ਮੂਲ ਦੀ ਸੈਨੇਟਰ ਕਮਲਾ ਹੈਰਿਸ (54) ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਚੋਣ 'ਚ ਡੈਮੋਕਰੈਟਿਕ ਪਾਰਟੀ ਦਾ ਉਮੀਦ-ਵਾਰ ਬਣਨ ਲਈ ਆਪਣੀ ਪ੍ਰਚਾਰ ਮੁਹਿੰਮ ਸ਼ੁਰੂ ਕਰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਦੀ ਐਤਵਾਰ ਨੂੰ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਅਮਰੀਕੀ ਲੋਕਤੰਤਰ 'ਤੇ



ਪਹਿਲਾਂ ਕਦੇ ਵੀ ਅਜਿਹਾ ਹਮਲਾ ਨਹੀਂ ਹੋਇਆ। ਆਪਣੀ ਮਾਂ ਸ਼ਿਆਮਲਾ ਗੋਪਾਲਨ ਦੀ ਜੁਝਾਰੂ ਪ੍ਰਵਿਰਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਪਣੇ ਗ੍ਰਹਿ ਨਗਰ ਓਕਲੈਂਡ 'ਚ ਭੀੜ ਨੂੰ ਕਿਹਾ ਕਿ ਟਰੰਪ ਵਰਗੇ ਆਗੂ ਖ਼ਿਲਾਫ਼ ਇਹ ਆਸਾਨ ਚੋਣ ਨਹੀਂ ਹੋਵੇਗੀ। 'ਮੇਰੀ ਮਾਂ ਆਖਦੀ ਸੀ ਕਿ ਖਾਲੀ ਬੈਠ ਕੇ ਸਿਰਫ਼ ਸ਼ਿਕਾਇਤਾਂ (ਬਾਕੀ ਸਫਾ 5 'ਤੇ)




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823
Sandeep Jony Bagga



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ
ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY


MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ   ਬਰਿੰਦਰ ਬੰਗੜ

Super Eyebrow Threading Now Open

Eyebrow Threading
& Henna Tattoo

7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



INDIA BAZAAR


Jai Ram Gaught   Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



Raja

SWEETS & CATERING

AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਬਾਬਾ ਬੁੱਢਾ ਜੀ ਸਿੱਖ ਟੈਂਪਲ ਵਿਖੇ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਜਨਮ ਦਿਨ ਮਨਾਇਆ







**ਕੈਲੇਫੋਰਨੀਆ–** ਬੀਤੀ 27 ਜਨਵਰੀ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬਾਬਾ ਬੁੱਢਾ ਜੀ ਸਿੱਖ ਟੈਂਪਲ ਆਫ ਕੈਲੇਫੋਰਨੀਆ ਵਿਖੇ ਮਨ-ਾਇਆ ਗਿਆ। ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦੇ ਭੋਗ ਤੋਂ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਕਥਾ, ਕੀਰਤਨ ਦੇ ਪਰਵਾਹ 2 ਘੰਟੇ ਚੱਲੇ। ਸਭ ਤੋਂ ਪਹਿਲਾਂ ਭਾਈ ਕਾਬਲ ਸਿੰਘ ਦੇ ਜਥੇ ਨੇ ਕੀਰਤਨ ਦੀ ਹਾਜ਼ਰੀ ਭਰੀ, ਉਪਰੰਤ ਭਾਈ ਸੁਰਜੀਤ ਸਿੰਘ ਚਾਕਰ ਨੇ ਕਥਾ ਦੁਆਰਾ ਬਾਬਾ ਦੀਪ ਸਿੰਘ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਫਿਰ ਭਾਈ ਤਾਰਾ ਸਿੰਘ ਸੈਕਰਾਮੈਂਟੋ ਵਾਲਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਲੰਗਰਾਂ ਦੀ ਸੇਵਾ ਭਾਈ ਸਵਰਨ ਸਿੰਘ, ਟੁਲੇਰੀ ਵਾਲੇ ਗਿੱਲ ਪਰਿਵਾਰ ਨੇ ਕੀਤੀ।

ਇਸ ਮੌਕੇ ਹੈਪੀ ਦਿਓਲ, ਜੋਤੀ ਦਿਓਲ, ਚੌਹਾਨ ਪਰਿਵਾਰ, ਗਿੱਲ ਪਰਿਵਾਰ, ਢਿੱਲੋਂ ਪਰਿਵਾਰ ਅਤੇ ਭਾਈ ਬਲਵੀਰ ਸਿੰਘ, ਦਰਸ਼ਨ ਸਿੰਘ, ਫਤਿਹ ਸਿੰਘ ਸੈਕਰਾਮੈਂਟੋ, ਜਸਪਾਲ ਸਿੰਘ ਰੋਜ਼ਵਿਲ, ਇਕਬਾਲ ਸਿੰਘ ਸਾਗਰ ਯੂਬਾ ਸਿਟੀ ਵਾਲੇ ਨੇ ਹਾਜਰੀ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਆਏ ਹੋਏ ਪ੍ਰਚਾਰਕਾਂ ਦਾ ਸਿਰੋਪਾਓ ਅਤੇ ਮਾਇਆ ਨਾਲ ਧੰਨਵਾਦ ਕੀਤਾ। ਕਮੇਟੀ ਵੱਲੋਂ ਸਾਰੀ ਸੰਗਤ ਦਾ ਧੰਨਵਾਦ ਕੀਤਾ ਗਿਆ।

# ਫਰਿਜਨੋ ਵਿਖੇ 'ਆਸੀਸ ਪ੍ਰੋਗਰਾਮ' ਦੌਰਾਨ ਬਜ਼ੁਰਗਾਂ ਨੂੰ ਦਿੱਤਾ ਸਨਮਾਨ





**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਅੱਜ ਦੇ ਸਮੇਂ ਅੰਦਰ ਵਿਦੇਸੀਆਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਪਰਿਵਾਰ ਦਾ ਆਪਸੀ ਇਕ-ਦੂਜੇ ਨੂੰ ਸਮਾਂ ਦੇਣਾ ਬਹੁਤ ਮੁਸ਼ਕਲ ਹੋ ਗਿਆ ਹੈ। ਖਾਸਕਰ ਬਹੁਤ ਔਰਤਾਂ ਘਰ ਬਾਹਰੀ ਕੰਮ-ਕਾਰ ਤੋਂ ਇਲਾਵਾ ਘਰ ਦੇ ਚੁੱਲੇ-ਚੌਕੇ (ਰਸ਼ੋਈ) ਤੱਕ ਸੀਮਤ ਹੋ ਗਈਆਂ ਹਨ। ਜਿਸ ਦਾ ਵਧੇਰੇ ਅਸਰ ਬਜ਼ੁਰਗ ਔਰਤਾਂ ਉੱਪਰ ਪਿਆ ਹੈ। ਪਰ ਉਨ੍ਹਾਂ ਦੀ ਪਰਿਵਾਰਾਂ ਨੂੰ ਬਹੁਤ ਦੇਣ ਹੈ। ਘਰ ਅੰਦਰ ਰਸ਼ੋਈ ਦੇ ਕੰਮ ਤੋਂ ਬੱਚੇ ਸੰਭਾਲਣ ਤੱਕ ਸਾਰਾ ਕੰਮ ਉਹ ਕਰਦੀਆਂ ਹਨ। ਉਨ੍ਹਾਂ ਦਾ ਹੀ ਆਸੀਰਵਾਦ ਹੈ ਕਿ ਪਰਿਵਾਰ ਖੁਸ਼ਹਾਲ ਜਿੰਦਗੀ ਬਤੀਤ ਕਰ ਰਹੇ ਹਨ। ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੀ ਸੀ। ਇਸੇ ਸਦਕਾ ਨੌਜਵਾਨ ਔਰਤਾਂ ਨੇ ਮਿਲਕੇ ਫਰਿਜ਼ਨੋ ਵਿਖੇ "ਆਸ਼ੀਸ਼" ਨਾਂ ਦੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਜਿਸ ਦੀ ਸੁਰੂਆਤ ਭਾਰਤੀ ਗਣਤੰਤਰ ਦਿਵਸ ਨੂੰ ਮੁੱਖ ਰੱਖਦੇ ਹੋਏ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਉਪਰੰਤ ਮਾਂਵਾਂ-ਧੀਆਂ, ਸੱਸਾ-ਨੂੰਹਾਂ, ਪੋਤੀਆਂ ਆਦਿਕ ਸਭ ਰਲ ਇਕੱਠੀਆਂ ਹੋਈਆਂ ਅਤੇ ਆਪਸੀ ਆਪਸੀ ਰਲ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਸਿਆਣੀਆਂ ਹਾਜ਼ਰ ਬਜ਼ੁਰਗ ਔਰਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਜਿਸ ਤੋਂ ਇਲਾਵਾ ਮੰਨੋਰੰਜਨ ਲਈ ਰਲ ਗਿੱਧਾ, ਬੋਲੀਆਂ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆਂ।

ਜਿਸ ਦੌਰਾਨ ਪਰਮਜੀਤ ਧੰਜ਼ਲ 'ਪਿੰਕੀ' ਨੇ ਗੀਤਾਂ ਰਹੀ ਖੂਬ ਰੰਗ ਬੰਨਿਆਂ। ਪ੍ਰੋਗਰਾਮ ਵਿੱਚ ਸਾਮਲ ਔਰਤਾਂ ਦੁਆਰਾਂ ਪੰਜਾਬੀ ਵਿਰਸੇ ਨੂੰ ਯਾਦ ਕਰਦੇ ਹੋਏ ਗੀਤ ਅਤੇ ਬੋਲੀਆਂ ਵੀ ਗਾਈਆਂ ਗਈਆਂ। ਇਸ ਸਮੇਂ ਅਜੋਕੇ ਸਮਾਜਿਕ ਹਾਲਾਤਾਂ 'ਤੇ ਚੋਟ ਕਰਦੀਆਂ ਵਿਅੰਗਮਈ ਸਕਿੱਟਾਂ ਵੀ ਕੀਤੀਆਂ ਗਈਆਂ। ਸੱਜ-ਸਵਰ ਕੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਜਿਸ ਨੂੰ ਸਫਲ ਬਣਾਉਣ ਵਿੱਚ ਰਮਨ ਵਿਰਕ, ਜਗਮੀਤ ਰੈਪਸੀ ਅਤੇ ਅਰਵਿੰਦ ਸੇਖੋ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੇ ਸਹਿਯੋਗ ਦਿੱਤਾ। ਇਸ ਸਮੇਂ ਹਾਜ਼ਰੀਨ ਔਰਤਾਂ ਨੇ ਵਿਚਾਰਾ ਦਾ ਅਦਾਨ-ਪ੍ਰਦਾਨ ਵੀ ਕੀਤਾ।

ਮਨੋਰੰਜਨ ਲਈ ਗੀਤ-ਸੰਗੀਤ, ਗਿੱਧਾ ਅਤੇ ਅਜੋਕੇ ਹਾਲਾਤਾ 'ਤੇ ਸਕਿੱਟਾ ਕੀਤੀਆ ਗਈਆ। ਪ੍ਰੋਗਰਾਮ ਵਿੱਚ ਹਾਜ਼ਰ ਸਮੂੰਹ ਮੈਂਬਰਾਂ ਦੇ ਲਈ ਸੁਆਦਿਸਟ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇੰਨ੍ਹਾਂ ਔਰਤਾਂ ਦੁਆਰਾਂ ਰਲ ਕੇ ਕੀਤਾ ਜਾਣ ਵਾਲਾ ਇਹ ਪ੍ਰੋਗਰਾਮ ਆਪਣੇ ਦੂਸਰੇ ਸਾਲ ਯਾਦਗਾਰੀ ਹੋ ਨਿਬੜਿਆ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com


Give us a chance to provide you best services

2680 N TRACY BLVD, SUITE 4, TRACY, CA 95376

# ਜੱਸਲ ਪਰਿਵਾਰ ਨੂੰ ਗਹਿਰਾ ਸਦਮਾ

## ਮਿਲਖੀ ਰਾਮ ਜੱਸਲ ਦਾ ਦੇਹਾਂਤ

**ਸੈਕਰਾਮੈਂਟੋ–** ਜੱਸਲ ਪਰਿਵਾਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਪੰਜਾਬੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸ਼ਖਸੀਅਤ ਸ੍ਰੀ ਮਿਲਖੀ ਰਾਮ ਜੱਸਲ 104 ਸਾਲਾਂ ਦੀ ਵਾਹਿਗੁਰੂ ਵੱਲੋਂ



ਬਖਸ਼ੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 27 ਜਨਵਰੀ 2019 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਜੋ ਆਪਣੇ ਪਿੱਛੇ ਹੱਸਦਾ-ਵੱਸਦਾ ਪਰਿਵਾਰ ਛੱਡ ਗਏ ਹਨ। ਉਹਨਾਂ ਦਾ ਪਿਛਲਾ ਜੱਦੀ ਪਿੰਡ ਕਰੀਹਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਸੀ। ਸਵਰਗੀ ਮਿਲਖੀ ਰਾਮ ਜੱਸਲ ਦਾ ਅੰਤਿਮ ਸਸਕਾਰ ਆਉਂਦੇ ਸ਼ਨਿਚਰਵਾਰ 2 ਫਰਵਰੀ 2019 ਨੂੰ ਸਵੇਰੇ 10 ਤੋਂ ਦੁਪਹਿਰ 12 ਵਜੇ ਤੱਕ North Sacramento Funeral Home, Inc 725 El Camino Avenue Sacramento, CA 95815 (1-916-922-966) ਵਿਖੇ ਹੋਵੇਗਾ ਅਤੇ ਉਸੇ ਦਿਨ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹੋਵੇਗੀ।ਹੋਰ ਜਾਣਕਾਰੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹਨਾਂ ਦੇ ਸਪੁੱਤਰ ਸ੍ਰੀ ਦਲਜੀਤ ਜੱਸਲ ਨਾਲ 916-801-8031 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਦਾ ਦੇਹਾਂਤ

**ਨਵੀਂ ਦਿੱਲੀ–** ਦੇਸ਼ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ (88) ਦਾ ਮੰਗਲਵਾਰ ਨੂੰ ਦੇਹਾਂਤ ਹੋ ਗਿਆ। ਉਹ ਲੰਮੇ ਸਮੇਂ ਤੋਂ ਯਾਦ ਸ਼ਕਤੀ ਗੁਆਚਣ ਦੀ ਬਿਮਾਰੀ (ਅਲਜ਼ਾਈਮਰ) ਤੋਂ ਪੀੜਤ ਸਨ ਤੇ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਸਵਾਈਨ ਫਲੂ ਵੀ ਹੋ ਗਿਆ ਸੀ। ਰਾਜ ਸਭਾ ਅਤੇ ਲੋਕ ਸਭਾ ਦੇ ਮੈਂਬਰ ਰਹੇ ਫਰਨਾਂਡੇਜ਼ ਅਟਲ ਬਿਹਾਰੀ ਵਾਜਪਈ ਦੀ ਸਰਕਾਰ ’ਚ ਰੱਖਿਆ ਮੰਤਰੀ ਰਹੇ। ਇਸ ਤੋਂ ਇਲਾਵਾ ਉਹ ਸੰਚਾਰ ਮੰਤਰੀ, ਉਦਯੋਗ ਮੰਤਰੀ, ਰੇਲ ਮੰਤਰੀ ਜਿਹੇ ਅਹਿਮ ਅਹੁਦਿਆਂ ਉੱਤੇ ਵੀ ਰਹੇ। ਜਾਰਜ ਫਰਨਾਂਡੇਜ਼ 14ਵੀਂ ਲੋਕ ਸਭਾ ’ਚ ਮੁਜ਼ੱਫ਼ਰਪੁਰ ਤੋਂ ਜਨਤਾ ਦਲ (ਯੂਨਾਈਟਿਡ) ਦੀ ਟਿਕਟ ’ਤੇ ਸੰਸਦ ਮੈਂਬਰ ਚੁਣੇ ਗਏ ਸਨ। ਉਨ੍ਹਾਂ ਸਮਤਾ ਪਾਰਟੀ ਦੀ ਸਥਾਪਨਾ ਵੀ ਕੀਤੀ। ਉਹ 1998 ਤੋਂ 2004 ਤੱਕ ਐਨਡੀਏ ਸਰਕਾਰ ਵਿਚ ਰੱਖਿਆ ਮੰਤਰੀ ਰਹੇ। ਸੰਨ 1967 ਤੋਂ 2004 ਤੱਕ ਉਨ੍ਹਾਂ ਨੌਂ ਲੋਕ ਸਭਾ ਚੋਣਾਂ ਜਿੱਤੀਆਂ। ਫਰਨਾਂਡੇਜ਼ ਦੀ ਮੌਤ ਉਨ੍ਹਾਂ ਦੇ ਘਰ ਵਿਚ ਹੀ ਹੋਈ। ਸਾਬਕਾ ਕੇਂਦਰੀ ਮੰਤਰੀ ਦੀ ਪਤਨੀ ਲੀਲਾ ਕਬੀਰ ਫਰਨਾਂਡੇਜ਼ ਨੇ ਦੱਸਿਆ ਕਿ ਉਨ੍ਹਾਂ ਦੀਆਂ ਅੰਤਿਮ ਰਸਮਾਂ ਪੁੱਤਰ ਸ਼ੌਨ ਫਰਨਾਂਡੇਜ਼ ਦੇ ਅਮਰੀਕਾ ਤੋਂ ਆਉਣ ’ਤੇ ਕੀਤੀਆਂ ਜਾਣਗੀਆਂ।



ਸਾਬਕਾ ਰੱਖਿਆ ਮੰਤਰੀ ਦੇ ਦੇਹਾਂਤ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਟਵੀਟ ਕਰਦਿਆਂ ਲਿਖਿਆ ਕਿ ਜਾਰਜ ਫਰਨਾਂਡੇਜ਼ ਬੇਖੌਫ਼, ਇਮਾਨਦਾਰ ਤੇ ਭਵਿੱਖਮੁਖੀ ਸਨ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਜਾਰਜ ਫਰਨਾਂਡੇਜ਼ ਦੇ ਦੇਹਾਂਤ ਤੇ ਦੁੱਖ ਪ੍ਰਗਟਾਉਂਦਿਆਂ ਸਾਬਕਾ ਕੇਂਦਰੀ ਮੰਤਰੀ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਬਿਹਾਰ ਸਰਕਾਰ ਨੇ ਜਾਰਜ ਫਰਨਾਂਡੇਜ਼ ਦੇ ਦੇਹਾਂਤ ’ਤੇ ਦੋ ਦਿਨਾ ਸੂਬਾਈ ਸੋਗ ਦਾ ਐਲਾਨ ਕੀਤਾ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਐੱਲ.ਕੇ. ਅਡਵਾਨੀ, ਅਮਿਤ ਸ਼ਾਹ, ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਆਦਿ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

**ਲੋਕ ਸੰਘਰਸ਼ਾਂ ਦੇ ਨਾਇਕ ਸਨ ਫਰਨਾਂਡੇਜ਼**

ਕਰਨਾਟਕ ਦੇ ਮੈਂਗਲੌਰ ’ਚ ਜੂਨ 1930 ਵਿਚ ਜਨਮੇ ਫਰਨਾਂਡੇਜ਼ ਸਾਰੀ ਉਮਰ ਸਮਾਜਵਾਦੀ ਬਣ ਕੇ ਵਿਚਰੇ ਤੇ ਵਿਚਾਰਧਾਰਾ ਪੱਖੋਂ ਉਲਟ ਦੋ ਕੇਂਦਰ ਸਰਕਾਰਾਂ ਵਿਚ ਕੈਬਨਿਟ ਰੈਂਕ ਤੱਕ ਅੱਪੜੇ। ਉਹ ਆਰਐੱਸਐੱਸ ਦੇ ਵੀ ਤਕੜੇ ਆਲੋਚਕ ਸਨ। ਸੰਨ 1977 ਵਿਚ ਨਿੱਜੀਕਰਨ ਖ਼ਿਲਾਫ਼ ਝੰਡਾ ਚੁੱਕਦਿਆਂ ਉਨ੍ਹਾਂ ਕੋਕਾ-ਕੋਲਾ ਤੇ ਆਈਬੀਐੱਮ ਨੂੰ ਦੇਸ਼ ਤੋਂ ਬਾਹਰ ਦਾ ਰਸਤਾ ਦਿਖਾਇਆ ਤੇ ਕਾਫ਼ੀ ਚਰਚਾ ਵਿਚ ਰਹੇ। ਇਸ ਤੋਂ ਇਲਾਵਾ 1999 ਦੀ ਕਾਰਗਿਲ ਜੰਗ ਵੇਲੇ ਉਹ ਦੇਸ਼ ਦੇ ਰੱਖਿਆ ਮੰਤਰੀ ਵੱਜੋਂ ਸਰਗਰਮ ਰਹੇ। ਪੋਖ਼ਰਨ ਪਰਮਾਣੂ ਧਮਾਕੇ ਵੀ 1998 ਵਿਚ ਉਨ੍ਹਾਂ ਦੇ ਰੱਖਿਆ ਮੰਤਰੀ ਹੁੰਦਿਆਂ ਕੀਤੇ ਗਏ। ਟਰੇਡ ਯੂਨੀਅਨ ਆਗੂ ਵੱਜੋਂ 1974 ’ਚ ਉਨ੍ਹਾਂ ਮੁੰਬਈ ਵਿਚ ਰੇਲ ਹੜਤਾਲਾਂ ਦੀ ਜ਼ਬਰਦਸਤ ਅਗਵਾਈ ਕੀਤੀ ਤੇ ਮੁਲਕ ਦੇ ਸਿਆਸੀ ਨਕਸ਼ੇ ’ਤੇ ਵੱਡੇ ਆਗੂ ਵਜੋਂ ਉੱਭਰੇ।

# ਗ੍ਰਹਿ ਜ਼ਿਲ੍ਹਿਆਂ ’ਚ ਤਾਇਨਾਤ ਅਧਿਕਾਰੀਆਂ ਨੂੰ ਫੌਰੀ ਬਦਲਿਆ ਜਾਵੇ- ਚੋਣ ਕਮਿਸ਼ਨ

**ਨਵੀਂ ਦਿੱਲੀ–** ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਤੇਜ਼ ਕਰਦੇ ਹੋਏ ਸਾਰੀਆਂ ਸੂਬਾ ਸਰਕਾਰਾਂ ਨੂੰ ਆਪਣੇ ਗ੍ਰਹਿ ਜ਼ਿਲ੍ਹਿਆਂ ’ਚ ਤਾਇਨਾਤ ਤੇ ਪਿਛਲੇ 4 ਸਾਲ ’ਚ ਇਕੋ ਜ਼ਿਲ੍ਹੇ ’ਚ ਤਿੰਨ ਸਾਲ ਤੋਂ ਵੱਧ ਸਮਾਂ ਗੁਜ਼ਾਰਨ ਵਾਲੇ ਅਧਿ-ਕਾਰੀਆਂ ਦੇ ਤਬਾਦਲੇ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਜਾਣਕਾਰੀ ਅਨੁਸਾਰ 2019 ਦੀਆਂ ਲੋਕ ਸਭਾ ਚੋਣਾਂ ਦਾ ਮਾਰਚ ਦੇ ਪਹਿਲੇ ਹਫਤੇ ਐਲਾਨ ਹੋਣ ਤੋਂ ਬਾਅਦ ਇਨ੍ਹਾਂ ਨੂੰ ਅਪ੍ਰੈਲ ਤੇ ਮਈ ’ਚ ਕਰਵਾਏ ਜਾਣ ਨੂੰ ਲੈ ਕੇ ਚੋਣ ਕਮਿਸ਼ਨ ਨੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਫਸਰਾਂ ਤੇ ਮੁੱਖ ਸਕੱਤਰਾਂ ਨੂੰ ਚੋਣਾਂ ਨਾਲ ਸਬੰਧਿਤ ਅਧਿਕਾਰੀਆਂ ਦੇ ਤਬਾਦਲਿਆਂ ਤੇ ਨਿਯੁਕਤੀਆਂ ਸਬੰਧੀ ਪੱਤਰ ਲਿਖਿਆ ਹੈ। ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਨੇ ਰਾਜਾਂ ਦੇ ਮੁੱਖ ਸਕੱਤਰਾਂ ਤੇ ਪੁਲਿਸ ਮੁਖੀਆਂ ਨੂੰ ਸਾਫ ਕਰ ਦਿੱਤਾ ਹੈ ਕਿ 28 ਫਰਵਰੀ ਤੋਂ ਬਾਅਦ ਕੋਈ ਵੀ ਤਬਾਦਲਾ ਤੇ ਨਿਯੁਕਤੀ ਨਹੀਂ ਕੀਤੀ ਜਾ ਸਕੇਗੀ। ਚੋਣ ਕਮਿਸ਼ਨ ਨੇ ਕਿਹਾ ਕਿ ਹੈ ਕਿ ਜੋ ਵੀ ਤਬਾਦਲਾ ਤੇ ਨਿਯੁਕਤੀ ਕਰਨੀ ਹੈ ਉਹ 28 ਫਰਵਰੀ ਤੋਂ ਪਹਿਲਾਂ ਕਰ ਲਈ ਜਾਵੇ। ਇਸ ਤੋਂ ਸਾਫ ਹੋ ਗਿਆ ਹੈ ਕਿ 28 ਫਰਵਰੀ ਤੋਂ ਬਾਅਦ ਕੋਈ ਵੀ ਤਬਾਦਲਾ ਤੇ ਨਿਯੁਕਤੀ ਨਹੀਂ ਕੀਤੀ ਜਾ ਸਕੇਗੀ। ਇਸੇ ਦੌਰਾਨ ਚੋਣ ਕਮਿਸ਼ਨ ਨੇ ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਓਡੀਸ਼ਾ ਤੇ ਸਿੱਕਮ, ਜਿਥੇ ਇਸੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਦੇ ਸਬੰਧਿਤ ਅਧਿਕਾਰੀਆਂ ਨੂੰ ਵੀ ਇਸ ਸਬੰਧ ’ਚ ਪੱਤਰ ਲਿਖਿਆ ਹੈ। ਚੋਣ ਕਮਿਸ਼ਨ ਇਕ ਇਕਸਾਰ ਨੀਤੀ ਵੀ ਅਪਨਾ ਰਿਹਾ ਹੈ ਕਿ ਸੂਬੇ ਜਾਂ ਕੇਂਦਰ




ਸ਼ਾਸਿਤ ਪ੍ਰਦੇਸ਼ਾਂ ’ਚ ਚੋਣਾਂ ਨਾਲ ਸਿੱਧੇ ਤੌਰ ’ਤੇ ਜੁੜੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਜੱਦੀ ਜ਼ਿਲ੍ਹੇ ਜਾਂ ਜਿਥੇ ਉਨ੍ਹਾਂ ਲੰਬੇ ਸਮੇਂ ਤੱਕ ਸੇਵਾ ਨਿਭਾਈ ਹੈ, ’ਚ ਨਿਯੁਕਤ ਨਹੀਂ ਕੀਤਾ ਜਾ ਸਕਦਾ। ਵੈਸੇ ਤਾਂ ਵਰਤਮਾਨ ’ਚ ਲੋਕ ਸਭਾ ਚੋਣਾਂ ’ਚ ਕੋਈ ਢਾਈ ਮਹੀਨੇ ਦਾ ਸਮਾਂ ਹੀ ਬਾਕੀ ਹੈ, ਪਰ ਹੁਣ ਸਰਕਾਰ ਕੋਲ ਕੰਮ ਕਰਨ ਲਈ ਕਰੀਬ ਇਕ ਮਹੀਨੇ ਦਾ ਹੀ ਸਮਾਂ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਲਗਭਗ ਇਕ ਮਹੀਨੇ ਬਾਅਦ ਚੋਣ ਕਮਿਸ਼ਨ ਲੋਕ ਸਭਾ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰ ਦੇਵੇਗਾ। ਇਸ ਦੇ ਜਾਰੀ ਹੁੰਦੇ ਹੀ ਦੇਸ਼ ’ਚ ਆਦਰਸ਼ ਚੋਣ ਜ਼ਾਬਤਾ ਲੱਗ ਜਾਵੇਗਾ, ਜਿਸ ਤੋਂ ਬਾਅਦ ਸਰਕਾਰ ਕੋਈ ਵੀ ਐਲਾਨ ਤੇ ਨਵੇਂ ਕੰਮ ਨਹੀਂ ਕਰ ਸਕੇਗੀ। ਚੋਣਾਂ ਲਈ ਰਾਜਨੀਤਕ ਦਲਾਂ ਨੇ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਮੌਜੂਦਾ ਲੋਕ ਸਭਾ ਦੀ ਸਮਾਪਤੀ 3 ਜੂਨ ਨੂੰ ਸਮਾਪਤ ਹੋ ਰਹੀ ਹੈ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hayward, CA 94544



Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਅਮਰੀਕਾ ਦੀ ਸਟੇਟ ਕੰਨੈਕਟਿਕਟ ਦੇ ਸਕੂਲਾਂ ਵਿਚ ਸਿੱਖਾਂ ਬਾਰੇ ਦੱਸਣ ਉਤੇ ਚਰਚਾ ਛਿੜੀ

## ਸਕੂਲ ਵਿਚ ਪੰਜਾਬੀ ਵਿਚ 'ਜੀ ਆਇਆਂ ਨੂੰ' ਦੇ ਬੋਰਡ ਲੱਗੇ

**ਨੋਰਵਿਚ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਸਿੱਖਾਂ ਬਾਰੇ ਜ਼ਿਆਦਾ ਜਾਣਕਾਰੀ ਨਾ ਹੋਣ ਕਰਕੇ ਅਕਸਰ ਸਿੱਖ ਨਸਲੀ ਹਮਲਿਆਂ ਦਾ ਸ਼ਿਕਾਰ ਹੁੰਦੇ ਆਏ ਹਨ। ਇਹਨਾਂ ਘਟਨਾਵਾਂ ਦੇ ਮੱਦੇਨਜ਼ਰ ਅਮਰੀਕਾ ਦੀਆਂ ਕੁਝ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਜੇ ਸਕੂਲਾਂ ਦੇ ਸਿਲੇਬਸ ਵਿਚ ਸਿੱਖਾਂ ਬਾਰੇ ਜਾਣਕਾਰੀ ਉਪਲਬਧ ਕਰਵਾਈ ਜਾਵੇ ਤਾਂ ਇਸ ਸਮੱਸਿਆ ਦਾ ਹੱਲ ਜੜ੍ਹੋਂ ਕੀਤਾ ਜਾ ਸਕਦਾ ਹੈ। ਸਵਰਨਜੀਤ ਸਿੰਘ ਖਾਲਸਾ ਡਾਇਰੈਕਟਰ ਯੂਨਾਈਟਿਡ ਸਿੱਖਸ ਵੱਲੋਂ ਇਕ ਖਾਸ ਮੀਟਿੰਗ ਨੌਰਵਿਚ ਪਬਲਿਕ ਸਕੂਲ ਅਤੇ ਨੌਰਵਿਚ ਬੋਰਡ ਆਫ ਐਜੂਕੇਸ਼ਨ ਦੇ ਨੁਮਾਇੰਦਿਆਂ ਨਾਲ ਰਖਵਾਈ ਗਈ, ਜਿਸ ਵਿਚ ਸਿੱਖ ਕੋਲੀਸ਼ਨ ਦੇ ਮੈਂਬਰ ਵੀ ਸ਼ਾਮਲ ਹੋਏ। ਇਸ ਮੀਟਿੰਗ ਵਿਚ ਜਿੱਥੇ ਸਕੂਲ ਦੀ ਪ੍ਰਿੰਸੀਪਲ ਅਲੇਸਇੰਦ੍ਰੀਆ ਲਾਜ਼ਾਰੀ ਅਤੇ ਸਕੂਲ ਦੇ ਵਾਇਸ ਸੁਪਰਡੈਂਟ ਟੌਮ ਬੈਰਡ ਨੂੰ ਸਿੱਖਾਂ ਬਾਰੇ



ਜਾਣਕਾਰੀ ਦਿੱਤੀ, ਉਥੇ ਸਿੱਖਾਂ ਦੀਆਂ ਅਮਰੀਕਾ ਤੇ ਖਾਸ ਕਰਕੇ ਕੰਨੈਕਟਿਕਟ ਸੂਬੇ ਵਿਚ ਹੋਈਆਂ ਪ੍ਰਾਪਤੀਆਂ ਬਾਰੇ ਵੀ ਜਾਣੂ ਕਰਵਾਇਆ ਗਿਆ। ਸਿੱਖ ਆਗੂਆਂ ਵੱਲੋਂ ਜਿੱਥੇ 1984 ਸਿੱਖ ਨਸਲਕੁਸ਼ੀ ਬਾਰੇ ਸਿਲੇਬਸ ਵਿਚ ਪਾਉਣ ਬਾਰੇ ਕਿਹਾ, ਉਥੇ ਸਿੱਖਾਂ ਦੇ ਧਾਰਮਿਕ ਚਿੰਨ੍ਹਾ ਬਾਰੇ ਵੀ ਬੱਚਿਆਂ ਨੂੰ ਪੜ੍ਹਾਉਣ ਬਾਰੇ ਵਿਚਾਰਾਂ ਹੋਈਆਂ। ਮੀਟਿੰਗ ਵਿਚ ਸਿਟੀ ਕੌਂਸਲ ਮੈਂਬਰ ਤਰੁਕਰ ਬੱਦਰਕ, ਬੋਰਡ ਆਫ ਐਜੂਕੇਸ਼ਨ ਮੈਂਬਰ ਮਾਰਕ ਕੁਦੋਸ, ਸਿੱਖ ਕੁਲੀਸ਼ਨ ਦੀ ਡਾਇਰੈਕਟਰ ਸਤਜੀਤ ਕੌਰ ਅਤੇ ਯੂਨਾਈਟਿਡ ਸਿੱਖਸ ਵੱਲੋਂ ਪ੍ਰਿਤਪਾਲ ਸਿੰਘ, ਰਾਜੇਸ਼ ਸਿੰਘ ਆਦਿ ਸ਼ਾਮਲ ਹੋਏ। ਸਵਰਨਜੀਤ ਸਿੰਘ ਖਾਲਸਾ ਜੋ ਕਿ ਉਸ ਸ਼ਹਿਰ ਦੇ ਕਮਿਸ਼ਨ ਤੇ ਸਿਟੀ ਪਲਾਨ ਦੇ ਮੈਂਬਰ ਵੀ ਹਨ, ਦਾ ਕਹਿਣਾ ਹੈ ਕਿ ਆਸ ਕੀਤੀ ਜਾਂਦੀ ਹੈ ਕਿ ਛੇਤੀ ਹੀ ਕੌਮ ਦੀ ਝੋਲੀ ਇਕ ਵੱਡੀ ਪ੍ਰਾਪਤੀ ਹੋਵੇਗੀ।

# ਸਿੱਖ ਜਥੇਬੰਦੀਆਂ ਨੇ ਅਮਰੀਕੀ ਸੈਨੇਟਰਾਂ ਨੂੰ ਭਾਰਤ ਵੱਲੋਂ ਜਥੇਦਾਰ ਹਵਾਰਾ ਉਤੇ ਹੋ ਰਹੇ ਅਣਮਨੁੱਖੀ ਤਸ਼ੱਦਦ ਬਾਰੇ ਜਾਣੂ ਕਰਵਾਇਆ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਅਮਰੀਕਾ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਕਨੈਕਟਿਕਟ ਦੇ ਯੂ ਸ ਸੈਨੇਟਰ ਕ੍ਰਿਸ ਮਰਫੀ ਅਤੇ ਸੈਂਟਰ ਰਿਸਰਚ ਬਲਮੇਥਲ ਦੇ ਮੁੱਖ ਸਲਾਹਕਾਰਾਂ



ਨਾਲ ਇਕ ਖਾਸ ਮੀਟਿੰਗ ਕੀਤੀ, ਜਿਸ ਵਿਚ ਖਾਸ ਤੌਰ 'ਤੇ ਜ਼ਿਕਰ ਕੀਤਾ ਕਿ ਸਰਬੱਤ ਖਾਲਸਾ ਵਿਚ ਸਿੱਖ ਕੌਮ ਦੀ ਅਗਵਾਈ ਕਰਨ ਲਈ ਚੁਣੇ ਗਏ ਜਥੇਦਾਰ ਜਗਤਾਰ ਸਿੰਘ ਹਵਾਰਾ ਉਤੇ ਭਾਰਤੀ ਸਰਕਾਰ ਵੱਲੋਂ ਲੰਮੇ ਸਮੇਂ ਤੋਂ ਤਸ਼ੱਦਦ ਕੀਤਾ ਜਾ ਰਿਹਾ ਹੈ। ਭਾਵੇਂ ਉਹਨਾਂ ਨੂੰ ਪੰਜਾਬ ਤੋਂ ਬਾਹਰ ਰੱਖਣ ਦੀ ਗੱਲ ਹੋਵੇ ਜਾਂ ਫਿਰ ਉਹਨਾਂ ਦਾ ਸਹੀ ਮੈਡੀਕਲ ਇਲਾਜ ਨਾ ਕਰਵਾਉਣ ਦੀ ਤੇ ਭਾਵੇਂ ਨਾਜਾਇਜ਼ ਕੇਸਾਂ 'ਚ ਖਿੱਚਣ ਦੀ। ਭਾਰਤੀ ਸਰਕਾਰ ਦਾ ਰਵੱਈਆ ਘੱਟ ਗਿਣਤੀਆਂ ਲਈ ਹਮੇਸ਼ਾ ਵਿਤਕਰੇ ਭਰਿਆ ਹੀ ਰਿਹਾ। ਅਮਰੀਕਾ ਦੇ ਕੁਝ ਨੌਜਵਾਨ ਨੁਮਾਇੰਦਿਆਂ ਨੇ ਆਪਣਾ ਦਰਦ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਜਾ ਕੇ ਆਪਣੇ ਸੈਨੇਟਰਾਂ ਨੂੰ ਬਿਆਨ ਕੀਤਾ ਤੇ ਸਟੇਟ ਡਿਪਾਰਟਮੈਂਟ ਨੂੰ ਜਥੇਦਾਰ ਹਵਾਰਾ ਦੀ ਰਿਹਾਈ ਲਈ ਅਪੀਲ ਕਰਨ ਨੂੰ ਕਿਹਾ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com


# ਚਰਚਿਤ ਲੇਖਕ ਚਰਨਜੀਤ ਸਿੰਘ ਪੰਨੂ ਨੂੰ ਸਿਰੋਪਾ ਭੇਟ ਕਰ ਕੇ ਸਨਮਾਨਿਆ ਗਿਆ

**ਫਰੀਮਾਂਟ (ਬਿਊਰੋ)–** ਅਲਾਸਕਾ, ਵਾਈਟ ਹਾਊਸ, ਹਵਾਈ, ਉਚੇ ਬੁਰਜ ਲਾਹੌਰ ਦੇ, ਕੀਨੀਆ, ਤਨਜਾਨੀਆ ਆਦਿ ਸਫਰਨਾਮਿਆਂ ਦੇ ਚਰਚਿਤ ਲੇਖਕ ਚਰਨਜੀਤ ਸਿੰਘ ਪੰਨੂ ਦਾ ਨਵਾਂ ਤਾਜ਼ਾ ਸਫਰਨਾਮਾ ਪਾਕਿਸਤਾਨ 'ਮਿੱਟੀ ਦੀ ਮਹਿਕ' ਦੇ ਸੰਬੰਧ ਵਿਚ ਗੁਰਦੁਆਰਾ ਫਰੀਮੌਂਟ ਦੀ ਸੁਪਰੀਮ ਕੋਰਟ ਦੇ ਮੈਂਬਰਾਂ ਵੱਲੋਂ ਲਿਖਾਰੀ ਨੂੰ ਮਾਣ ਸਤਿਕਾਰ ਵਜੋਂ ਸਿਰੋਪਾ ਭੇਟ ਕਰ ਕੇ ਸਨਮਾਨਿਆ ਗਿਆ। ਸਟੇਜ ਸਕੱਤਰ ਪਲਵਿੰਦਰ ਸਿੰਘ ਨੇ ਲੇਖਕ ਦੀ ਜਾਣਕਾਰੀ ਦਿੰਦੇ ਦੱਸਿਆ ਕਿ ਚਰਨਜੀਤ ਸਿੰਘ ਪੰਨੂ ਪੁਰਾਣਾ ਸਥਾਪਤ ਲਿਖਾਰੀ ਹੈ ਜੋ ਪਿਛਲੇ ਪੰਜਾਹ ਸਾਲਾਂ ਤੋਂ ਲਿਖਦਾ ਆ ਰਿਹਾ ਹੈ। ਇਸ ਪੁਸਤਕ ਵਿਚਲੀ ਸਾਰੀ ਸਮਗਰੀ ਉਸ ਨੇ ਆਪ ਪਾਕਿਸਤਾਨ ਜਾ ਕੇ ਵੇਖੀ ਜਾਚੀ ਘੋਖੀ ਤੇ ਇਕੱਤਰ ਕਰ ਕੇ ਸੰਗਤਾਂ ਦੇ ਪੇਸ਼ ਕੀਤੀ ਹੈ। ਇਸ ਵਿਚ 1947 ਦੇ ਤਰਾਸਦਿਕ ਉਜਾੜੇ ਦਾ ਭਰਪੂਰ ਦਰਦ ਹੈ ਜਦ ਪੰਦਰਾਂ ਲੱਖ ਤੋਂ ਵਧੀਕ ਮਨੁੱਖੀ ਜਾਨਾਂ ਦਾ ਘਾਣ ਹੋਇਆ। ਇਸ ਵਿਚ ਸਿੱਖਾਂ ਪਾਕਿਸਤਾਨ ਵਿਚ ਰਹਿ ਗਏ ਧਾਰਮਿਕ, ਇਤਿਹਾਸਕ ਤੇ ਰਾਜਨੀਤਕ ਵਿਰਸੇ ਦੇ ਹੂਬਹੂ ਦਰਸ ਦੀਦਾਰ ਹੁੰਦੇ ਹਨ। ਲੇਖਕ ਨੇ ਬਹੁਤ ਮਿਹਨਤ ਕੀਤੀ ਹੈ ਤੇ ਉਸ ਦੀ ਮਿਹਨਤ ਤਾਂ ਹੀ ਵਰ ਸਮਝੀ ਜਾਏਗੀ ਜੇ ਅਸੀਂ ਇਸ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਉਸ ਦੀ ਹੌਸਲਾ ਅਫ਼ਜਾਈ ਕਰੀਏ। ਆਪਣੇ ਵਿਰਸੇ, ਧਰਮ ਤੇ ਇਤਿਹਾਸ ਨੂੰ ਪਰੇਮ ਕਰਨ ਵਾਲੇ ਹਰੇਕ ਮਾਈ ਭਾਈ ਦੇ ਇਹ ਪੜ੍ਹਨ ਵਾਲੀ ਕਿਤਾਬ ਹੈ। ਲੇਖਕ ਨੇ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਦੇ ਗੁਰੂ ਨਾਨਕ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਸਮਾਗਮਾਂ ਦੀ ਮੁਬਾਰਕ ਦਿੱਤੀ ਅਤੇ ਗੁਰਦੁਆਰਾ ਫਰੀਮੌਂਟ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਸ ਨੇ ਦੱਸਿਆ ਕਿ 1969 ਵਿਚ ਗੁਰੂ ਨਾਨਕ ਦੇਵ ਜੀ ਦੇ ਪੰਜ ਸੌਵੇਂ ਪ੍ਰਕਾਸ਼ ਉਤਸਵ ਸਮੇਂ ਉਸ ਨੇ ਆਪਣੀ ਪਹਿਲੀ ਕਾਵਿ ਪੁਸਤਕ 'ਨਾਨਕ ਰਿਸ਼ਮਾ' ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕਰ ਕੇ ਮੁਫਤ ਭੇਟ ਕੀਤੀ ਸੀ। ਇਨ੍ਹਾਂ ਪੰਜਾਹ ਸਾਲਾ ਵਿਚ ਉਸ ਨੇ ਕਵਿਤਾ, ਨਾਵਲ, ਕਹਾਣੀਆਂ, ਨਾਟਕ, ਸਫਰਨਾਮੇਂ ਆਦਿ ਬਾਈ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਹੁਣ ਇਹ ਪੁਸਤਕ ਪਾਕਿਸਤਾਨ ਸਫਰਨਾਮਾ ਵੀ ਉਸ ਨੇ ਗੁਰੂ ਨਾਨਕ ਦੇ ਪੰਜ ਸੌ ਪੰਜਾਹਵੇਂ ਜਨਮ ਦਿਹਾੜੇ ਨੂੰ ਸਮਰਪਿਤ ਕੀਤਾ ਹੈ। ਲੇਖਕ ਨੇ ਦੱਸਿਆ ਕਿ ਉਸ ਨੇ ਇਸ ਸਫਰਨਾਮੇ ਦੀਆਂ ਦੋ ਸੌ



ਪੁਸਤਕਾਂ ਮੁਫਤ ਵੰਡਣ ਦਾ ਤਹੱਈਆ ਕੀਤਾ ਹੈ ਜੋ ਜਿਆਦਾ ਕਰਕੇ ਭਾਰਤ ਤੇ ਪੰਜਾਬ ਦੇ ਪਾਠਕਾਂ ਵਾਸਤੇ ਰਾਖਵਾਂ ਹੈ। ਦੇਸ਼ ਵਿਚ ਪੰਜ ਸੌ ਰੁਪੈ ਅਤੇ ਵਿਦੇਸ਼ ਵਿਚ ਇਸ ਦੀ ਭੇਟਾ ਵੀਹ ਡਾਲਰ ਹੈ ਪਰ ਜੇ ਕੋਈ ਵਿਦੇਸ਼ੀ ਪਾਠਕ ਵੀ ਨਾ ਦੇਣਯੋਗ ਹੋਵੇ ਤਾਂ ਉਹ ਵੀ ਮੁਫਤ ਪੜ੍ਹ ਸਕਦਾ ਹੈ। ਇਸ ਦੀ ਪ੍ਰਾਪਤੀ ਵਾਸਤੇ ਫੋਨ ਨੰਬਰ 14086084961 ਜਾਂ 919812007176 ਤੇ ਸੰਪਰਕ ਕੀਤਾ ਜਾ ਸਕਦਾ ਹੈ। ਚਰਨਜੀਤ ਸਿੰਘ ਪੰਨੂ ਨੂੰ ਸਨਮਾਨ ਕਰਨ ਵਾਲੀਆਂ ਸ਼ਖਸ਼ੀਅਤਾਂ ਵਿਚ ਭਾਈ ਜਗਤਾਰ ਸਿੰਘ ਮੁੱਖ ਸੇਵਦਾਰ, ਭਾਈ ਹਰਿੰਦਰਪਾਲ ਸਿੰਘ, ਪਰਮਿੰਦਰ ਸਿੰਘ ਪਰਵਾਨਾ, ਭਾਈ ਗੁਰਜੀਤ ਸਿੰਘ ਸਮਾਨਾ, ਜਸਜੀਤ ਸਿੰਘ, ਕਮਲਜੀਤ ਸਿੰਘ ਅਟਵਾਲ, ਹਰਬੰਸ ਸਿੰਘ, ਪਲਵਿੰਦਰ ਸਿੰਘ ਸਟੇਜ ਸਕੱਤਰ, ਹਰਮਿੰਦਰ ਸਿੰਘ, ਡਾ. ਜੋਤਪ੍ਰੀਤ ਸਿੰਘ ਸ਼ਾਮਲ ਹੋਏ। ਫਰੀਮੌਂਟ ਦੀ ਸੰਗਤ ਨੇ ਲੇਖਕ ਨਾਲ ਪਾਕਿਸਤਾਨ ਫੇਰੀ ਬਾਰੇ ਜਾਣਨ ਲਈ ਚੰਗੀ ਦਿਲਚਸਪੀ ਦਿਖਾਈ, ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਤੇ ਪੁਸਤਕ ਨੂੰ ਖੂਬ ਚੰਗਾ ਹੁੰਗਾਰਾ ਭਰਿਆ।

## ਅਮਰੀਕੀ ਕੰਪਨੀ ਨੇ ਸਿੱਖ ਮਾਡਲ ਨੂੰ ਚੁਣਿਆ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੀ ਇਕ ਕੰਪਨੀ ਨੇ ਆਪਣੇ ਉਤਪਾਦਨਾਂ ਦੀ ਇਸ਼ਤਿਹਾਰਬਾਜੀ ਲਈ ਇਕ 74 ਸਾਲਾ ਸਿੱਖ ਮਾਡਲ ਦੀ ਚੋਣ ਕੀਤੀ ਹੈ। ਪਰੀਤਮ ਸਿੰਘ ਨਾਮੀ ਇਹ ਸਿੱਖ ਮਾਡਲ ਨੌਰਥਰਜ਼, ਕੈਲੀਫੋਰਨੀਆ ਦਾ ਵਸਨੀਕ ਹੈ ਤੇ ਉਹ ਹਰ ਇਕ ਦਾ ਧਿਆਨ ਖਿੱਚ ਰਿਹਾ ਹੈ। ਡਾਲਰ ਸ਼ੇਵ ਕਲੱਬ ਕੰਪਨੀ ਬਲੇਡ ਤੇ ਹੋਰ ਨਿੱਜੀ




ਵਰਤੋਂ ਵਿਚ ਆਉਣ ਵਾਲੇ ਉਤਪਾਦਨਾਂ ਦੀ ਵਿਕਰੀ ਕਰਦੀ ਹੈ। ਕੰਪਨੀ ਦੀ ਇਸ਼ਤਿਹਰਾਬਾਜੀ ਵਿਚ ਪਰੀਤਮ ਸਿੰਘ ਲਾਲ ਦਸਤਾਰ ਜਾਈ ਦਾੜੀ ਦੀ ਸਾਂਭ ਸੰਭਾਲ ਲਈ ਵਰਤੇ ਜਾਂਦੇ ਤੇਲ ਨਾਲ ਨਜਰ ਆ ਰਿਹਾ ਹੈ। ਪਰੀਤਮ ਸਿੰਘ 'ਹੈਨਕੁਕ' ਵਰਗੀਆਂ ਫਿਲਮਾਂ ਵਿਚ ਸੰਖੇਪ ਭ ਤਮਕਾ ਵੀ ਨਿਭਾਅ ਚੁੱਕਾ ਹੈ। ਉਸ ਦਾ ਪੁੱਤਰ ਅਮਨਦੀਪ ਸਿੰਘ ਵੀ ਮਾਡਲ ਤੇ ਐਕਟਰ ਹੈ।

# ਕਮਲਾ ਹੈਰਿਸ ਨੇ ਆਰੰਭ ਕੀਤੀ ਆਪਣੀ ਚੋਣ ਮੁਹਿੰਮ

(ਸਫਾ 1 ਦੀ ਬਾਕੀ)

ਕਰਨ ਦੀ ਲੋੜ ਨਹੀਂ ਹੈ। ਕੁਝ ਕਰਨਾ ਵੀ ਚਾਹੀਦਾ ਹੈ।' ਕਰੀਬ ਅੱਧੇ ਘੰਟੇ ਦੇ ਜੋਸ਼ੀਲੇ ਭਾਸ਼ਣ ਦੌਰਾਨ ਉਸ ਨੇ ਕਿਹਾ ਕਿ ਮਾਂ ਦੀ ਜੁਝਾਰੂ ਤਾਕਤ ਕਰਕੇ ਉਹ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਆਪਣੀ ਦਾਅਵੇਦਾਰੀ ਦਾ ਐਲਾਨ ਕਰਦੀ ਹੈ। 'ਮੈਂ ਲੋਕਾਂ ਦੀ, ਲੋਕਾਂ ਵੱਲੋਂ ਅਤੇ ਲੋਕਾਂ ਲਈ ਰਾਸ਼ਟਰਪਤੀ ਬਣਾਂਗੀ।' ਜ਼ਿਕਰਯੋਗ ਹੈ ਕਿ ਚਾਰ ਮਹਿਲਾਵਾਂ ਰਾਸ਼ਟਰਪਤੀ ਅਹੁਦੇ ਦੀ ਦਾਅਵੇਦਾਰੀ ਦੀ ਦੌੜ 'ਚ ਹੋਣਗੀਆਂ। ਇਨ੍ਹਾਂ 'ਚ ਕਮਲਾ ਹੈਰਿਸ ਤੋਂ ਇਲਾਵਾ ਸੈਨੇਟਰ ਐਲਿਜ਼ਾਬੈਥ ਵਾਰੈਨ, ਕਿਰਸਟਨ ਗਿਲੀਬਰੈਂਡ ਅਤੇ ਕਾਂਗਰਸਵੂਮੈਨ ਤੁਲਸੀ ਗਾਬਾਰਡ ਦੇ ਨਾਮ ਸ਼ਾਮਲ ਹਨ। ਇਹ ਚਾਰੇ ਡੈਮੋਕਰੈਟਿਕ ਪਾਰਟੀ ਦਾ ਉਮੀਦਵਾਰ ਨਾਮਜ਼ਦ ਹੋਣ ਲਈ ਆਪਸ 'ਚ ਭਿੜਨਗੀਆਂ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ: www.deshdoaba.com www.ambedkartimes.com

# ਸੰਘਰਸ਼ ਵਿਚੋਂ ਉਭਰਿਆ ਲੀਡਰ

ਭਾਰਤ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡਿਸ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿਚ ਰੱਖਿਆ ਮੰਤਰੀ ਸਨ। 88 ਸਾਲਾਂ ਦੀ ਉਮਰ ਵਿਚ ਸਵਰਗ ਸਿਧਾਰਨ ਵਾਲੇ ਜਾਰਜ ਲੰਮੇ ਸਮੇਂ ਤੋਂ ਬਿਮਾਰ ਸਨ। ਜਾਰਜ ਫਰਨਾਂਡਿਸ ਇਕ ਅਜਿਹੇ ਲੀਡਰ ਸਨ, ਜਿਹੜੇ ਹੇਠਲੇ ਪੱਧਰ ਦੀ ਸਿਆਸਤ ਤੋਂ ਉਠ ਕੇ ਲੰਮਾ ਪੈਂਡਾ ਤਹਿ ਕਰਕੇ ਸਿਖਰ ਤੇ ਆਏ ਸਨ। ਲੋਕਾਂ ਦੇ ਇਸ ਆਗੂ ਦੀ ਇਹ ਮਕਬੂਲੀਅਤ ਹੀ ਹੈ ਕਿ ਉਹ 1967 ਤੋਂ ਲੈ ਕੇ 2004 ਤੱਕ 9 ਵਾਰ ਸੰਸਦ ਮੈਂਬਰ ਬਣੇ। ਕੌਮੀ ਪੱਧਰ ਤੇ ਜਾਰਜ ਨੂੰ ਪਹਿਲੀ ਵਾਰ ਪਛਾਣ ਉਦੋਂ ਮਿਲੀ, ਜਦੋਂ ਉਹਨਾਂ ਨੇ 1967 ਵਿਚ ਦੱਖਣੀ ਮੁੰਬਈ ਦੀ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਵੱਡੇ ਆਗੂ ਸ੍ਰੀ ਪਾਇਲ ਨੂੰ ਹਰਾਇਆ ਸੀ। ਉਸ ਵਕਤ ਤੋਂ ਉਹਨਾਂ ਦਾ ਨਾਂ 'ਜਾਰਜ: ਦਾ ਜਾਇੰਟ ਕਿਲਰ' ਪੈ ਗਿਆ ਸੀ। ਮੁੰਬਈ ਵਿਚ ਕਿਰਤੀਆਂ ਦੀਆਂ ਮੰਗਾਂ ਨੂੰ ਲੈ ਕੇ ਉਹਨਾਂ ਨੇ ਲੰਮਾ ਸੰਘਰਸ਼ ਕੀਤਾ। 1974 ਦੀ ਰੇਲਵੇ ਦੀ ਹੜਤਾਲ ਨੇ ਉਹਨਾਂ ਨੂੰ ਬਹੁਤ ਪ੍ਰਸਿੱਧੀ ਦਿਵਾਈ। ਐਮਰਜੈਂਸੀ ਦਾ ਵਿਰੋਧ ਕਰਦਿਆਂ ਉਹਨਾਂ ਨੂੰ ਜੇਲ੍ਹ ਵੀ ਜਾਣਾ ਪਿਆ। ਫਿਰ ਉਹ ਲੋਕ ਸਭਾ ਦੀ ਮੁਜ਼ੱਫਰਪੁਰ ਸੀਟ ਤੋਂ ਚੋਣ ਲੜੇ ਅਤੇ ਜਿੱਤੇ। ਬਾਅਦ ਵਿਚ ਮੋਰਾਰਜੀ ਦੇਸਾਈ ਸਰਕਾਰ ਵਿਚ ਮੰਤਰੀ ਬਣੇ। ਚੌਧਰੀ ਚਰਨ ਸਿੰਘ ਦੇ ਪਾਲੇ ਵਿਚ ਜਾਣ ਕਾਰਨ ਉਹਨਾਂ ਦੀ ਆਲੋਚਨਾ ਵੀ ਹੋਇ। ਰੇਲਵੇ ਸਮੇਤ ਉਹ ਕਈ ਵਿਭਾਗਾਂ ਦੇ ਮੰਤਰੀ ਰਹੇ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿਚ ਰੱਖਿਆ ਮੰਤਰੀ ਬਣੇ ਤਾਂ 'ਤਹਿਲਕਾ' ਦੇ ਸਟਿੰਗ ਅਪਰੇਸ਼ਨ ਵਿਚ ਜਯਾ ਜੇਟਲੀ ਦਾ ਨਾਂ ਆਉਣ ਕਾਰਨ ਉਹਨਾਂ ਨੂੰ ਅਸਤੀਫਾ ਦੇਣਾ ਪਿਆ। ਹਾਲਾਂਕਿ ਉਹਨਾਂ ਦਾ ਜੀਵਨ ਬਹੁਤ ਸੰਘਰਸ਼ਮਈ ਰਿਹਾ ਪਰ ਉਹਨਾਂ ਦੀ ਪਛਾਣ ਟਰੇਡ ਯੂਨੀਅਨਾਂ ਦੇ ਲੀਡਰ ਵਜੋਂ ਜ਼ਿਆਦਾ ਬਣੀ। ਜਾਰਜ ਫਰਨਾਂਡਿਸ ਘੱਟ ਗਿਣਤੀ ਨਾਲ ਸਬੰਧਤ ਸਨ, ਪਰ ਉਹਨਾਂ ਲਈ ਇਹ ਕਦੀ ਅੜਿੱਕਾ ਨਹੀਂ ਬਣੀ, ਬਲਕਿ ਉਹ ਇਕ ਸਰਵ ਪ੍ਰਵਾਨਿਤ ਲੀਡਰ ਵਜੋਂ ਵਿੱਚਰਦੇ ਸਨ। ਵਾਜਪਾਈ ਸਰਕਾਰ ਦਰਮਿਆਨ ਉਹਨਾਂ ਨੇ ਭਾਰਤ ਦੀ ਰੱਖਿਆ ਨੀਤੀ ਨੂੰ ਬਦਲਿਆ ਅਤੇ ਚੀਨ ਵੱਲ ਕੇਂਦਰਿਤ ਕੀਤਾ। ਇਸ ਤੋਂ ਪਹਿਲਾਂ ਭਾਰਤ ਅਤੇ ਪਾਕਿਸਤਾਨ ਦੀ ਹੀ ਖਿੱਚਾਤਾਣੀ ਦੀਆਂ ਖਬਰਾਂ ਆਇਆ ਕਰਦੀਆਂ ਸਨ। ਇਸ ਨੀਤੀ ਕਾਰਨ ਚੀਨ ਦੀ ਵੀ ਚਿੰਤਾ ਵਧੀ ਅਤੇ ਭਾਰਤ ਦੀ ਸੁਰੱਖਿਆ ਨੂੰ ਚੁਣੌਤੀਆਂ ਤੇ ਧਿਆਨ ਕੇਂਦਰਿਤ ਹੋਇਆ। ਹੁਣ ਭਾਰਤ ਵਿਚ ਅਜਿਹੇ ਲੀਡਰਾਂ ਦੀ ਬਹੁਤ ਘਾਟ ਹੈ, ਹੁਣ ਤਾਂ ਪੈਰਾਸ਼ੂਟ ਰਾਹੀਂ ਲੀਡਰ ਉਤਾਰੇ ਜਾਂਦੇ ਹਨ। ਪਰ ਇਸ ਦੇ ਬਾਵਜੂਦ ਜਾਰਜ ਫਰਨਾਂਡਿਸ ਨੂੰ ਉਹਨਾਂ ਦੇ ਸੰਘਰਸ਼ਮਈ ਜੀਵਨ ਅਤੇ ਕਿਰਤੀਆਂ ਦੇ ਹੱਕਾਂ ਵਿਚ ਲੜਨ ਲਈ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਨੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-92

## ਖਿੰਥਾ ਤੋਂ ਕੀ ਭਾਵ ਹੈ



ਅਵਤਾਰ ਸਿੰਘ ਮਿਸ਼ਨਰੀ
510-432-5827

"ਖਿੰਥਾ" ਸੰਸਕ੍ਰਿਤ ਮੂਲ ਦੇ ਲਫਜ਼ "ਕੰਥਾ" ਤੋਂ ਨਿਕਲਿਆ ਤੇ ਇਸ ਦੇ ਅਰਥ ਗੋਦੜੀ, ਕੱਫਣੀ ਹਨ। ਜੋਗੀ, ਫਕੀਰ ਜਾਂ ਭੇਖਧਾਰੀ ਸਾਧ ਆਮ ਤੌਰ ਤੇ ਇਸ ਨੂੰ ਓੜਦੇ ਸਨ। ਇਹ ਲੋਕ ਸਰਦੀਆਂ ਵਿੱਚ ਕਪਾਹ ਆਦਿਕ ਖੱਦਰ ਦੀ ਬਣਾਉਂਦੇ, ਕਈ ਇਸ ਤੇ ਟਾਕੀਆਂ ਵੀ ਜੜ ਲੈਂਦੇ ਅਤੇ ਕਈਆਂ ਦੀ ਲੀਰਾਂ ਦੀ ਵੀ ਬਣੀ ਹੁੰਦੀ ਸੀ। ਯੋਗ ਸਾਧਨਾਂ ਵਿੱਚ ਇਸ ਨੂੰ ਭੇਖ ਦਾ ਅੰਗ ਮੰਨਿਆਂ ਜਾਂਦੈ ਪਰ ਇਨ੍ਹਾਂ ਭੇਖਾਂ ਨਾਲ ਯੋਗ ਪੂਰਾ ਨਹੀਂ ਹੁੰਦਾ। ਸਿੱਖਾਂ ਦੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਗੁਰੂ ਗ੍ਰੰਥ ਦੇ ਸੂਹੀ ਰਾਗ ਵਿੱਚ ਦਰਸਾਉਂਦੇ ਹਨ ਕਿ ਯੋਗ ਨਾ ਖਿੰਥਾ ਪਹਿਨਣ, ਨਾ ਡੰਡੇ ਧਾਰਨ ਅਤੇ ਨਾਂ ਹੀ ਸਰੀਰ 'ਤੇ ਸਵਾਹ ਮਲਣ ਵਿੱਚ ਹੈ।

ਯੋਗ ਦੀ ਜੁਗਤੀ, ਸੰਸਾਰ ਘਰ ਪ੍ਰਵਾਰ ਵਿੱਚ ਰਹਿੰਦੇ ਮਾਇਆ ਮੋਹ ਦੀ ਪਕੜ ਤੋਂ ਬਚ ਕੇ ਪਾਈ ਜਾ ਸਕਦੀ ਹੈ-ਜੋਗੁ ਨ ਖਿੰਥਾ, ਜੋਗੁ ਨ ਡੰਡੈ, ਜੋਗੁ ਨ ਭਸਮ ਭਸਮ ਚੜਾਈਐ॥...ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ (ਸ਼ਬਦ ਗੁਰੂ ਗ੍ਰੰਥ-੭੩੦)

ਜੋਗੀ ਦੇ ਭੇਖ ਦਾ ਅਟੁੱਟ ਅੰਗ ਹੋਣ ਕਰਕੇ, ਇਸ ਦਾ ਸਰੀਰ ਦੇ ਪ੍ਰਤੀਕ ਵਜੋਂ ਭਗਤ ਕਬੀਰ ਜੀ ਨੇ ਵੀ ਜਿਕਰ ਕੀਤੈ ਕਿ ਵਿਕਾਰਾਂ ਦੀ ਅੱਗ 'ਚ ਪੈ ਕੇ ਜਿਸ ਬਦ ਨਸੀਬ ਜੋਗੀ ਦੀ ਸਰੀਰ ਗੋਦੜੀ ਸੜ ਕੇ ਕੋਲਾ ਹੋ ਗਈ ਤੇ ਜਿਸ ਦਾ ਮਨ ਰੂਪੀ ਖੱਪਰ ਦਰ ਦਰ ਤੋਂ ਵਾਸ਼ਨਾਂ ਦੀ ਭਿੱਖਿਆ ਹੀ ਇਕੱਠੀ ਕਰਦਾ ਰਿਹਾ, ਉਹ ਮੰਦ ਭਾਗੀ ਜੀਵ-ਜੋਗੀ ਮਨੁੱਖਾ ਜਨਮ ਦੀ ਖੇਡ ਉਖਾੜ ਕੇ ਹੀ ਜਾਂਦੈ ਅਤੇ ਉਸ ਪੱਲੇ ਖੇਹ ਖੁਆਰੀ ਹੀ ਪੈਂਦੀ ਹੈ-ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟਮ ਫੂਟ॥ ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ॥(੧੩੬੬) ਯੋਗ ਭਾਵ ਮਨ ਕਰਕੇ ਕੁਦਰਤਿ ਰਾਹੀਂ ਕਰਤਾਰ ਨਾਲ ਜੁੜਨਾ, ਕੇਵਲ ਭੇਖਧਾਰੀ ਜੋਗੀ ਨਹੀਂ ਹੋ ਸਕਦਾ। ਸਰੀਰ ਹੀ ਖਿੰਥਾ (ਗੋਦੜੀ) ਹੈ ਇਸ ਦੀ ਦੇਖ ਭਾਲ ਕਰਕੇ ਨਿਰੋਗ ਰੱਖਣਾ ਚਾਹੀਦਾ ਹੈ। ਜੋਗੀ ਵੀ ਆਮ ਲੋਕਾਂ ਗ੍ਰਿਹਿਸਤੀਆਂ ਤੇ ਅਜਿਹੇ ਭੇਖਾਂ ਦਾ ਪ੍ਰਭਾਵ ਪਾ ਕੇ ਪੇਟ ਪੂਰਤੀ ਕਰਦੇ ਤੇ ਅਜੋਕੇ ਡੇਰੇਦਾਰ, ਸੰਪ੍ਰਦਾਈ ਟਕਸਾਲੀ ਸਾਧ ਵੀ ਭੇਖ, ਕਰਮਕਾਂਡਾਂ, ਮੰਤ੍ਰ ਜਾਪਾਂ ਅਤੇ ਆਪੂੰ ਬਣਾਏ ਵਿਧੀ ਵਿਧਾਨਾਂ ਵਾਲੇ ਪਾਠਾਂ ਨਾਲ ਆਮ ਲੋਕਾਂ ਨੂੰ ਲੁੱਟਦੇ, ਕੁੱਟਦੇ ਤੇ ਐਸ਼ ਕਰਦੇ ਹਨ।

# ਕਿਸਾਨੀ ਜਾਗਰੂਕਤਾ ਐਪ 'ਪਸ਼ੂ ਬੋਲੀ' ਅਜੋਕੇ ਸਮੇਂ ਦੀ ਮੁੱਖ ਲੋੜ

ਅੱਜ ਦੇ ਤਕਨੀਕੀ ਦੌਰ ਵਿੱਚ ਮੋਬਾਇਲ ਕਲਚਰ 'ਤੇ ਨਿਰਭਰ ਮਨੁੱਖ ਨੇ ਪੂਰੀ ਦੁਨੀਆ ਨੂੰ ਆਪਣੀ ਮੁੱਠੀ ਵਿੱਚ ਕੀਤਾ ਹੋਇਆ ਹੈ। ਚਾਹੇ ਮਨੋਰੰਜਨ ਹੋਵੇ ਜਾਂ ਸਿੱਖਿਆ ਦਾ ਖੇਤਰ, ਮੋਬਾਇਲ ਨੇ ਹਰ ਪੱਖੋਂ ਮਨੁੱਖ ਦਾ ਪੱਖ ਪੂਰਿਆ ਹੈ। ਬੱਚਿਆਂ ਤੋਂ ਲੈ ਕੇ ਨੌਜਵਾਨ,ਬਜ਼ੁਰਗ ਗੱਲ ਕਿ ਹਰ ਉਮਰ ਦੇ ਬੰਦੇ ਨੂੰ ਮੋਬਾਇਲ ਨੇ ਆਪਣੇ ਵੱਸ 'ਚ ਕੀਤਾ ਹੋਇਆ ਹੈ। ਇਸ ਗਿਆਨ ਦੀ ਵਿਸ਼ਾਲ ਦੁਨੀਆ ਨਾਲ ਜੁੜੇ ਤਜਰਬੇਕਾਰ ਤਕਨੀਕੀ ਮਾਹਿਰਾਂ ਨੇ ਹੋਰ ਜਾਣਕਾਰੀਆਂ ਦੇ ਇਲਾਵਾ ਹੁਣ ਦੇਸ਼ ਦੇ ਅੰਨ ਦਾਤੇ ਕਿਸਾਨ ਬਾਰੇ ਇੱਕ ਖਾਸ ਪਲੇਟਫਾਰਮ ਤਿਆਰ ਕੀਤਾ ਹੈ। ਜੋ ਕਿਸਾਨੀ ਜ਼ਿੰਦਗੀ ਦੇ ਕੰਮਾਂ-ਕਾਰਾਂ ਨੂੰ ਸੌਖਾਲਾ ਕਰਨ ਵਿੱਚ ਮਦਦਗਾਰ ਸਾਬਤ ਹੋਵੇਗੀ ਤੇ ਹਰੇਕ ਸਮੱਸਿਆ ਦੇ ਹੱਲ ਘਰੇ ਬੈਠਿਆਂ ਮਿਲ ਸਕਣਗੇ। ਜਿਸ ਨਾਲ ਉਸ ਨੂੰ ਫਾਇਦਾ ਵੀ ਹੋਵੇਗਾ ਤੇ ਗਿਆਨ ਵੀ ਵਧੇਗਾ। ਇਹ ਸਭ ਕਿਵੇਂ ਹੋਵੇਗਾ ਇਸ ਬਾਰੇ ਸਬੰਧਿਤ ਐਪ ਨੂੰ ਐਨਡਰਾਇਡ ਫ਼ੋਨ ਜ਼ਰੀਏ ਡਾਊਨ ਲੋਡ ਕਰਕੇ ਸਮਝਣ ਦੀ ਲੋੜ ਹੈ।

ਫਰਵਰੀ ਮਹੀਨੇ ਦੇ ਪਹਿਲੇ ਹਫ਼ਤੇ ਲਾਂਚ ਕੀਤੀ ਜਾ ਰਹੀ ਵਿਲੱਖਣ ਸੋਚ ਵਾਲੀ ਐਪ 'ਪਸ਼ੂ ਬੋਲੀ' ਸਿਰਫ਼ ਪਸ਼ੂ ਪਾਲਕਾਂ ਤੱਕ ਹੀ ਸੀਮਤ ਨਹੀਂ ਹੋਵੇਗੀ ਬਲਕਿ ਕਿਰਸਾਨੀ ਕਿੱਤੇ ਨਾਲ ਜੁੜੇ ਉਸ ਹਰੇਕ ਵਿਅਕਤੀ ਲਈ ਲਾਹੇਵੰਦ ਸਿੱਧ ਹੋਵੇਗੀ ਜੋ ਆਪਣੇ ਵਪਾਰ ਅਤੇ ਜੀਵਨ ਸ਼ੈਲੀ ਨੂੰ ਉੱਚਾ ਚੁੱਕ ਕੇ ਆਪਣਾ ਭਵਿੱਖ ਉੱਜਲ ਬਣਾਉਣਾ ਚਾਹੁੰਦਾ ਹੈ। ਇਹ ਐਪ ਜਿੱਥੇ ਕਿਸਾਨੀ ਕਿੱਤੇ ਨਾਲ ਸਬੰਧਿਤ ਸਮੱਸਿਆਵਾਂ ਦੇ ਹੱਲ, ਨਵੀਂ ਤਕਨੀਕ ਦੀ ਜਾਣਕਾਰੀ, ਉੱਨਤ ਕਿਸਮ ਦੇ ਬੀਜ, ਖੇਤੀ ਦਵਾਈਆਂ, ਖਾਦਾਂ ਸਬੰਧੀ ਮੁਕੰਮਲ ਜਾਣਕਾਰੀ ਮਾਹਿਰਾਂ ਵਲੋਂ ਮੁਹੱਈਆ ਕਰਵਾਏਗੀ ਉੱਥੇ ਖੇਤੀ ਕਰਨ ਦੀ ਨਵੀਂ ਤਕਨੀਕ, ਘੱਟ ਜ਼ਮੀਨ ਵਿੱਚੋਂ ਵਧੇਰੇ ਪੈਦਾਵਾਰ ਲੈਣ ਦੀ ਵਿਧੀ ਬਾਰੇ ਵੀ ਜਾਣੂ ਕਰਵਾਏਗੀ। ਇਸ ਤੋਂ ਇਲਾਵਾ ਪਸ਼ੂ ਪਾਲਣ ਸਬੰਧੀ, ਵੇਚ-ਖਰੀਦ, ਚੰਗੀ ਨਸਲ ਦੇ ਦੁਧਾਰੂ ਪਸ਼ੂਆਂ ਸਬੰਧੀ ਮਾਹਿਰ ਵੈਟਨਰੀ ਡਾਕਟਰਾਂ ਨਾਲ ਸਿੱਧਾ ਰਾਬਤਾ ਕਾਇਮ ਕਰਵਾਏਗੀ। ਇਹ ਸਭ ਕਿਵੇਂ ਹੋਵੇਗਾ ਇਸ ਬਾਰੇ 'ਐਪ' ਦੁਆਰਾਂ ਹੀ ਜਾਣਕਾਰੀ ਦਿੱਤੀ ਜਾਵੇਗੀ ਜੋ ਕਿ ਹਿੰਦੀ, ਪੰਜਾਬੀ ਤੋਂ ਇਲਾਵਾ ਦੇਸ਼ ਦੀਆਂ ਬਾਕੀ ਭਾਸ਼ਾਵਾਂ ਵਿੱਚ ਵੀ ਹੋਵੇਗੀ।

ਇਸ ਐਪ ਸਬੰਧੀ ਜਾਣਕਾਰੀ ਦਿੰਦਿਆਂ ਇੱਕ ਨੁਮਾਇੰਦੇ ਨੇ ਵਿਸਥਾਰ ਪੂਰਵਕ ਦੱਸਿਆ ਕਿ 40 ਬੰਦਿਆਂ ਦੀ ਇੱਕ ਵੱਡੀ ਟੀਮ ਨੇ ਪਿਛਲੇ ਚਾਰ ਸਾਲਾਂ ਤੋਂ ਦੇਸ਼ ਦੇ ਵੱਖ ਵੱਖ ਖੇਤੀ ਸੈਕਟਰਾਂ ਵਿੱਚ ਕਿਸਾਨੀ ਜੀਵਨ ਦੇ ਵੱਖ ਵੱਖ ਪਹਿਲੂਆਂ ਬਾਰੇ ਖੋਜ ਪੜਤਾਲ ਕਰਨ ਮਗਰੋਂ ਇੱਕ ਪਲੇਟਫਾਰਮ ਦੇ ਰੂਪ ਵਿੱਚ ਇਹ ਐਪ ਤਿਆਰ ਕੀਤੀ ਹੈ। ਵੱਖ ਵੱਖ ਦੇਸ਼ਾਂ ਦੇ ਸਰਵੇਖਣ ਮੁਤਾਬਕ ਇਹ ਗੱਲ ਸਾਹਮਣੇ ਆਈ ਹੈ ਕਿ ਦੁਨੀਆ ਦੇ ਬਹੁਤੇ ਦੇਸ਼ ਖੇਤੀ ਧੰਦੇ ਨਾਲ ਜੁੜੇ ਹੋਏ ਹਨ। ਅਮਰੀਕਾ ਕੈਨੇਡਾ ਵਰਗੇ ਉਨਤ ਦੇਸ਼ਾਂ ਦੇ 80 ਪ੍ਰਤੀਸ਼ਤ ਬਿਜ਼ਨਸਮੈਨ ਖੇਤੀ ਉਦਯੋਗ ਨਾਲ ਜੁੜ ਕੇ ਸਫ਼ਲ ਮੰਡੀ ਕਰਨ ਕਰ ਰਹੇ ਹਨ। ਇਹ ਵੀ ਸੱਚਾਈ ਹੈ ਕਿ ਭਾਰਤ ਦਾ ਬਹੁਤਾ ਯੂਥ ਖਾਸ਼ਕਰ ਪੰਜਾਬ ਹਰਿਆਣਾ ਗੁਜਰਾਤ ਵਿਦੇਸ਼ਾਂ ਵਿੱਚ ਗੋਰਿਆਂ ਕੋਲ ਖੇਤੀ ਕਰਦਾ ਹੈ। ਇਹ ਉਹੀ ਕਿਸਾਨ ਹੈ ਜੋ ਪੰਜਾਬ ਵਿੱਚ ਖੇਤੀ ਕਰਨ 'ਚ ਅਸਫ਼ਲ ਰਿਹਾ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਾਡੇ ਦੇਸ਼ ਦੇ ਕਿਸਾਨਾਂ ਕੋਲ ਜਾਗਰੂਕਤਾ ਦੀ ਘਾਟ ਹੈ ਜਦਕਿ ਗੋਰੇ ਕਿਸਾਨ ਇਸ ਵਿੱਚ ਨਿਪੁੰਨ ਹਨ, ਉਨ੍ਹਾਂ ਨੂੰ ਤਕਨੀਕੀ ਸੂਝ ਹੈ ਜਦਕਿ ਸਾਡੇ ਜ਼ਿਆਦਾਤਰ ਕਿਸਾਨਾਂ ਕੋਲ ਸਿਰਫ਼ ਰੀਸ਼ ਹੈ, ਭੇਡ ਚਾਲ ਹੈ ਜਿਸ ਦੇ ਮਗਰ ਲੱਗ ਕੇ ਉਹ ਕਰਜ਼ਾ ਚੁੱਕ ਕੇ ਖੇਤੀ ਮਸ਼ੀਨਰੀ,ਕਾਰਾਂ ਕੋਠੀਆਂ ਆਦਿ ਲੈਂਦਾ ਹੈ, ਮਹਿੰਗੇ ਵਿਆਹਾਂ ਦੀ ਦੌੜ ਵਿੱਚ ਸ਼ਾਮਿਲ ਹੋ ਕੇ ਕਰਜ਼ਾਈ ਹੋ ਜਾਂਦਾ ਹੈ ਤੇ ਖੁਦਕੁਸ਼ੀਆਂ ਦੇ ਰਾਹ ਪੈ ਜਾਂਦਾ ਹੈ।

ਇਸ ਐਪ ਦੀ ਵਰਤੋਂ ਨਾਲ ਦੇਸ਼ ਦੇ ਹਰੇਕ ਛੋਟੇ-ਵੱਡੇ ਕਿਸਾਨ ਨੂੰ ਫਾਇਦਾ ਹੋਵੇਗਾ। ਉਦਾਹਰਣ ਦੇ ਤੌਰ 'ਤੇ ਇੱਕ ਕਿਸਾਨ ਕੋਲ ਕਿੰਨੀ ਜ਼ਮੀਨ ਹੈ, ਉਸਨੇ ਕਿਹੜੀ ਖੇਤੀ ਕਰਨੀ ਹੈ, ਕਿਹੜਾ ਰੇਹ-ਸਪਰੇਅ ਵਰਤਣਾ ਹੈ, ਕਿੰਨੀ ਪੈਦਾਵਾਰ ਹੋਵੇਗੀ, ਕਿਹੜੀ ਮੰਡੀ ਵਿੱਚ ਵਧੇਰੇ ਮੁਨਾਫ਼ਾ ਹੋਵੇਗਾ। ਇਹ ਸਭ ਕੁਝ ਬਾਰੇ ਇਹ ਐਪ ਦੱਸ ਸਕੇਗੀ। ਇਹ ਇੱਕ ਸੱਚਾਈ ਹੈ ਕਿ ਇੱਕ ਪਿੰਡ ਦਾ ਸਰਵੇ ਕੀਤਾ ਗਿਆ ਜਿਸ ਵਿੱਚ ਇਹ ਗੱਲ ਸਪੱਸ਼ਟ ਹੋਈ ਕਿ ਪੰਜ ਏਕੜ ਵਾਲੇ ਕਿਸਾਨ ਕੋਲ ਵੀ ਟਰੈਕਟਰ, ਰੀਪਰ, ਕੰਬਾਇਨ ਆਦਿ ਮਹਿੰਗੀ ਖੇਤੀ ਮਸ਼ੀਨਰੀ ਹੈ ਤੇ ਵੀਹ ਏਕੜ ਵਾਲੇ ਕੋਲ ਵੀ, ਜੋ ਕਿ ਗ਼ਲਤ ਹੈ। ਇਹ ਐਪ ਰਾਹੀਂ ਪਿੰਡ ਦੇ ਹਰੇਕ ਛੋਟੇ ਵੱਡੇ ਕਿਸਾਨ ਨੂੰ ਇੱਕ ਸਾਂਝੀ ਸੰਸਥਾ ਨਾਲ ਜੋੜਿਆ ਜਾਵੇਗਾ ਜਿੱਥੋਂ ਉਹ ਸਸਤੇ ਭਾਅ ਦੇ ਕਿਰਾਏ ਨਾਲ ਆਪਣੀਆਂ ਲੋੜਾਂ ਪੂਰੀਆਂ ਕਰ ਸਕਣਗੇ।। ਇਸ ਤਰ੍ਹਾਂ ਮੱਧਵਰਗੀ ਕਿਸਾਨਾਂ ਦੇ ਖਰਚੇ ਘਟਣਗੇ ਤੇ ਆਮਦਨ ਵਧੇਗੀ। ਪਸ਼ੂ-ਧਨ ਦੇ ਖੇਤਰ ਵਿੱਚ ਵੀ ਇਹ ਐਪ ਬਹੁਤ ਫਾਇਦੇਮੰਦ ਰਹੇਗੀ। ਹਰੇਕ ਕਿਸਾਨ ਦੇ ਘਰ ਲਵੇਰਾ ਹੁੰਦਾ ਹੈ। ਕਿਸਾਨ ਇਸ ਐਪ ਰਾਹੀਂ ਜਾਣ ਸਕੇਗਾ ਕਿ ਕਿਹੜਾ ਪਸ਼ੂ ਕਿਹੜੇ ਵੇਲੇ ਨਵੇਂ ਦੁੱਧ ਹੋਣਾ ਹੈ ਤੇ ਅੱਗੇ ਕਿਹੜੀ ਨਸਲ ਦਾ ਕੱਟਰੂ-ਵੱਛਾ ਲੈਣਾ ਹੈ। ਉਹਦੀਆਂ ਬਿਮਾਰੀਆਂ ਅਤੇ ਮੁਕੰਮਲ ਡਾਕਟਰੀ ਦਾ ਸਮਾਧਾਨ ਇਸ ਐਪ ਰਾਹੀਂ ਤਜਰਬੇਕਾਰ ਮਾਹਿਰ ਡਾਕਟਰਾਂ ਦੀ ਟੀਮ ਨਾਲ ਹੱਲ ਹੋਵੇਗਾ। ਇਸ ਤੋਂ ਇਲਾਵਾ ਜੇਕਰ ਕੋਈ ਕਿਸਾਨ ਆਪਣੇ ਪਸ਼ੂ ਦੀ ਖਰੀਦ-ਵੇਚ ਕਰਨੀ ਚਾਹੇ ਤਾਂ ਵੀ ਇਸ ਐਪ ਦੀ ਮਦਦ ਲੈ ਸਕਦਾ ਹੈ,ਕਿਸਾਨ ਲਈ ਉਪਜਾਊ ਮਿੱਟੀ ਦਾ ਹੋਣਾ ਬਹੁਤ ਜਰੂਰੀ ਹੈ। ਮਿੱਟੀ ਦੀ ਗੁਣਵਣਤਾ, ਲੋੜੀਂਦੇ ਤੱਤਾਂ ਦੀ ਪੂਰਤੀ, ਖਾਦਾਂ ਆਦਿ ਦਾ ਪੂਰਨ ਵੇਰਵਾ ਵੀ ਇਸ ਐਪ ਰਾਹੀਂ ਮਿਲ ਸਕੇਗਾ। ਇਹ ਵੀ ਜਾਣਕਾਰੀ ਮਿਲੇਗੀ ਕਿ ਕਿਹੜੀ ਫ਼ਸਲ ਦੀ ਪੈਦਾਵਾਰ ਉਹਨਾਂ ਨੂੰ ਵਧੇਰੇ ਮੁਨਾਫ਼ਾ ਦੇ ਸਕਦੀ ਹੈ।

ਸਾਡੇ ਦੇਸ਼ ਦਾ ਕਿਸਾਨ ਬਹੁਤ ਮਿਹਨਤੀ ਹੈ, ਨਿਡਰ ਹੈ ਪਰ ਅਫਸੋਸ ਕਿ ਜਾਗਰੂਕਤਾ ਦੀ ਘਾਟ ਹੈ। ਇਹ ਐਪ ਉਸਦੀ ਸਫ਼ਲ ਜ਼ਿੰਦਗੀ ਲਈ ਰਾਹ ਦੁਸੇਰਾ ਬਣੇਗੀ। ਇਹ ਐਪ ਗਿਆਨ ਦੇ ਨਾਲ ਨਾਲ ਮਨੋਰੰਜਨ ਜਗਤ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਏਗੀ ਜੋ ਵੱਖ ਵੱਖ ਸੂਬਿਆਂ ਦੀ ਬੋਲੀ ਅਧਾਰਤ ਗੀਤ ਸੰਗੀਤ ਦੀ ਜਾਣਕਾਰੀ ਅਤੇ ਮਨੋਰੰਜਨ ਨਾਲ ਜੋੜੇਗੀ। ਆਉਣ ਵਾਲੇ ਕੁਝ ਹੀ ਮਹੀਨਿਆਂ ਵਿੱਚ ਦੇਸ਼ ਦਾ ਹਰ ਛੋਟਾ ਵੱਡਾ ਕਿਸਾਨ ਇਸ ਐਪ ਨਾਲ ਆਪਣੇ ਆਪ ਨੂੰ ਜੋੜ ਕੇ ਦੇਸ਼ ਨੂੰ ਉੱਨਤੀ ਦੇ ਰਾਹਾਂ ਵੱਲ ਤੋਰਨ ਵਿੱਚ ਯਤਨਸ਼ੀਲ ਹੋਵੇਗਾ। ਜ਼ਿਕਰ ਯੋਗ ਹੈ ਕਿ ਇਸ ਐਪ ਦੇ ਗੁਣਾਂ ਨੂੰ ਵੇਖਦਿਆਂ ਹੋਏ ਪੰਜਾਬ ਦੇ ਨਾਮੀਂ ਗਾਇਕ, ਫ਼ਿਲਮੀ ਕਲਾਕਾਰ ਇਸਦੇ ਪ੍ਰਚਾਰ ਲਈ ਅੱਗੇ ਆ ਰਹੇ ਹਨ। ਆਓ, ਅੱਜ ਦੇ ਤਕਨੀਕੀ ਗਿਆਨ ਦੀ ਪੂਰਤੀ ਲਈ ਇਸ ਗਿਆਨ ਭਰਪੂਰ ਐਪ ਪਸ਼ੂ ਬੋਲੀ ਨਾਲ ਜੁੜ ਕੇ ਆਪਣੇ ਗਿਆਨ ਭੰਡਾਰ ਵਿੱਚ ਵਾਧਾ ਕਰੀਏ ਤੇ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਈਏ।

**-ਸੁਰਜੀਤ ਸਿੰਘ, ਹਰਜਿੰਦਰ ਸਿੰਘ**

# ਹਰੀ ਸਿੰਘ ਨਲੂਆ ਦੇ ਕਿਲ੍ਹੇ ਨੂੰ ਅਜਾਇਬ ਘਰ 'ਚ ਕੀਤਾ ਜਾਵੇਗਾ ਤਬਦੀਲ

**ਅੰਮ੍ਰਿਤਸਰ-** ਪਾਕਿਸਤਾਨ ਸਰਕਾਰ ਨੇ ਸੂਬਾ ਖ਼ੈਬਰ ਪਖਤੂਨਖ਼ਵਾ ਦੇ ਸ਼ਹਿਰ ਹਰੀਪੁਰ 'ਚ 35420 ਵਰਗ ਫੁੱਟ 'ਚ ਬਣੇ ਹਰੀ ਸਿੰਘ ਨਲੂਆ ਦੇ ਇਤਿਹਾਸਕ ਕਿਲ੍ਹਾ ਹਰਿਕਿਸ਼ਨਗੜ੍ਹ ਨੂੰ ਅਜਾਇਬਘਰ 'ਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਹੈ। ਇਤਿਹਾਸਕ ਕਿਲ੍ਹੇ ਨੂੰ ਪੁਰਾਤਤਵ ਵਿਭਾਗ ਦੇ ਸਪੁਰਦ ਕਰਨ ਲਈ ਵਿਭਾਗ ਵਲੋਂ ਸੂਬੇ ਦੇ ਮੁੱਖ ਮੰਤਰੀ ਮਹਿਮੂਦ ਖ਼ਾਨ ਨੂੰ ਪੱਤਰ ਲਿਖਿਆ ਹੈ।

ਪੁਰਾਤਤਵ ਵਿਭਾਗ ਨੇ ਸਿੱਖ ਰਾਜ ਦੀ ਇਸ ਧਰੋਹਰ ਨੂੰ ਅਜਾਇਬਘਰ 'ਚ ਤਬਦੀਲ ਕੀਤੇ ਜਾਣ ਦੀ ਮੰਗ ਕੀਤੀ ਸੀ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ: ਹਰੀ ਸਿੰਘ ਨਲਵਾ ਦੁਆਰਾ ਵਸਾਇਆ ਸ਼ਹਿਰ ਹਰੀਪੁਰ ਮੌਜੂਦਾ ਸਮੇਂ ਇਸਲਾਮਾਬਾਦ ਤੋਂ 65 ਕਿੱਲੋਮੀਟਰ ਦੀ ਦੂਰੀ 'ਤੇ ਆਬਾਦ ਹੈ। ਸ: ਨਲੂਆ ਨੇ ਸੰਨ 1822-23 'ਚ ਇਹ ਸ਼ਹਿਰ ਵਸਾਇਆ ਅਤੇ ਇਸ ਦੇ ਚਾਰੋਂ ਪਾਸੇ ਚਾਰ ਗਜ਼ ਚੌੜੀ ਅਤੇ 16 ਗਜ਼ ਉੱਚੀ ਪੱਕੀ ਫ਼ਸੀਲ ਬਣਵਾਈ, ਜਿਸ 'ਚ ਥੋੜ੍ਹੀ-ਥੋੜ੍ਹੀ ਦੂਰੀ 'ਤੇ ਚਾਰ ਦਰਵਾਜ਼ੇ ਵੀ ਬਣਵਾਏ ਗਏ ਸਨ। ਹਜ਼ਾਰਾ ਦੀ ਗਵਰਨਰੀ ਸਮੇਂ ਸ. ਨਲਵਾ ਨੇ ਹਜ਼ਾਰਾ ਦੀਆਂ ਲੜਾਕੀਆਂ ਕੌਮਾਂ ਤਰੀਨ, ਤਾਰਖ਼ਲੀ, ਉਤਸਾਨਜ਼ਈ ਅਤੇ ਮਸ਼ਵਾਨੀ ਖੇਲ੍ਹਾ ਨੂੰ ਹਾਰ ਦੇਣ ਤੋਂ ਬਾਅਦ ਸ਼ਹਿਰ ਤੋਂ ਲਗਪਗ ਡੇਢ ਕਿੱਲੋਮੀਟਰ ਦੀ ਦੂਰੀ 'ਤੇ ਇਕ ਮਜ਼ਬੂਤ ਕਿਲ੍ਹੇ ਦਾ ਨਿਰਮਾਣ ਕਰਵਾ ਕੇ ਉਸ ਦਾ ਨਾਂਅ ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਦੇ ਨਾਂਅ 'ਤੇ 'ਕਿਲ੍ਹਾ ਹਰਿਕਿਸ਼ਨਗੜ੍ਹ' ਰੱਖਿਆ। ਸਿੱਖ ਰਾਜ ਦੀ ਸਮਾਪਤੀ ਤੋਂ ਬਾਅਦ ਸੰਨ 1849 ਤੋਂ ਸੰਨ 1853 ਤੱਕ ਬ੍ਰਿਟਿਸ਼ ਸ਼ਾਸਨ ਸਮੇਂ ਇਹ ਕਿਲ੍ਹਾ ਹਜ਼ਾਰਾ ਦਾ ਹੈੱਡਕੁਆਰਟਰ ਰਿਹਾ ਅਤੇ ਬਾਅਦ 'ਚ ਇਹ ਕਿਲ੍ਹਾ ਪੁਲਿਸ ਵਿਭਾਗ ਤੇ ਮਾਲ ਵਿਭਾਗ ਨੂੰ ਦੇ ਦਿੱਤਾ ਗਿਆ।

ਮੌਜੂਦਾ ਸਮੇਂ ਸਹਿਜ ਸੰਭਾਲ ਨਾ ਰੱਖੇ ਜਾਣ ਕਾਰਨ ਕਿਲ੍ਹਾ ਹਰਿਕਿਸ਼ਨਗੜ੍ਹ ਦੀ ਇਮਾਰਤ ਕਾਫ਼ੀ ਜ਼ਿਆਦਾ ਢਹਿ ਚੁੱਕੀ ਹੈ ਅਤੇ ਖ਼ੂਬਸੂਰਤ ਦਰਵਾਜ਼ੇ ਤਿੰਨ-ਚਾਰ ਫੁੱਟ ਤੱਕ ਜ਼ਮੀਨ 'ਚ ਧਸ ਚੁੱਕੇ ਹਨ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਿਰਭਉ ਨਿਰਵੈਰ

# ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ





ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਹਰਿਰਾਇ ਜੀ ਦੇ ਇਕ ਆਦਰਸ਼ਕ ਗੁਰ-ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਸ ਪੋਤਰੇ ਨੂੰ ਸੱਤਵੀਂ ਪਾਤਸ਼ਾਹੀ ਦੀ ਗੁਰਗੱਦੀ ਸੌਂਪੀ। ਉਸ ਵੇਲੇ ਆਪ ਜੀ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਇ ਜੀ ਦੇ ਮਨ 'ਤੇ ਗੁਰੂ ਹਰਿਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਹਨਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਗੁਰਬਾਣੀ ਵਿਚਾਰ, ਬੀਰ ਰਸ ਦੇ ਪ੍ਰਭਾਵ ਦੇ ਨਾਲ-ਨਾਲ ਸ਼ਸਤਰ ਵਿੱਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਕੀਤਾ ਗਿਆ ਸੀ। ਛੋਟੀ ਉਮਰ ਵਿਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਅਤੇ ਬੀਰਤਾ ਦੇ ਪੁੰਜ ਸਨ। ਉਹਨਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਹਨਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਹੈ। ਇਸੇ ਭਾਵ ਵਿਚ ਆਪ ਨੇ ਤਾਣ ਹੁੰਦਿਆਂ ਹੋਇਆਂ ਵੀ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਪ੍ਰਕਾਸ਼ 16 ਜਨਵਰੀ 1630 ਈ. ਨੂੰ ਸ਼ੀਸ਼ ਮਹਿਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ 1640ਈ: ਵਿਚ ਮਾਤਾ ਕ੍ਰਿਸ਼ਨ ਕੌਰ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਏ ਅਤੇ ਗੁਰੂ ਹਰਿਕ੍ਰਿਸ਼ਨ ਜੀ ਸਨ।ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਈ. ਹੈ। ਗੁਰੂ ਕਾਲ ਦੀ ਹਮੇਸ਼ਾ ਇਹ ਵਿਸ਼ੇਸ਼ਤਾ ਰਹੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਗੁਰੂਆਂ ਨੇ ਅੱਗੇ ਤੋਰਿਆ ਹੈ। ਉਸੇ ਆਸ਼ੇ ਅਧੀਨ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ। ਆਪ ਨੇ ਸੰਗਤਾਂ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ-ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ ਸਗੋਂ ਇਸ ਦੀ ਰੱਖਿਆ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਨਾ ਕਿਸੇ ਨੂੰ ਡਰਾਉਂਦਾ ਹੈ। ਨਿਰਭਉ ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜ੍ਹਾ ਖਾਣ, ਥੋੜ੍ਹਾ ਸੌਣ ਤੇ ਸਰੀਰ ਤੰਦਰੁਸਤ ਰੱਖਣਾ ਅਤੇ ਸਹਿਜ ਵਿਚ ਰਹਿਣਾ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ। ਗੁਰੂ ਕੇ ਲੰਗਰਾਂ ਦੀ ਸੇਵਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਿਆਦਾ ਬਣਾ ਦਿੱਤੀ। ਸਿੱਖ ਦੇ ਘਰੋਂ ਕੋਈ ਭੁੱਖਾ, ਨਿਰਾਸ਼ ਨਾ ਜਾਵੇ। ਘਰ-ਘਰ ਅੰਦਰ ਧਰਮਸਾਲ ਦੇ ਨਾਲ ਨਾਲ ਘਰ-ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਉਹੀ ਲੰਗਰ ਸਫਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖਾਂ ਦੀ ਰਹਿਣੀ-ਬਹਿਣੀ ਦਾ ਇਕ ਪ੍ਰਤੱਖ ਅੰਗ ਦੱਸਿਆ।ਇਸੇ ਉਪਦੇਸ਼ ਅਧੀਨ ਜਦ 1644 ਈ: ਵਿਚ ਲਾਹੌਰ ਵਿਚ ਭਿਆਨਕ ਬਿਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਸੰਗਤਾਂ ਨੇ ਗਰੀਬਾਂ ਬੇਸਹਾਰਿਆਂ ਦੀ ਸੇਵਾ ਕੀਤੀ।

ਆਪ ਜੀ ਨੂੰ ਗੁਰਿਆਈ ਬਖ਼ਸ਼ਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਸਵੈ-ਰੱਖਿਆ ਲਈ ਫੌਜ ਜ਼ਰੂਰ ਰੱਖਣੀ ਹੈ, ਤਦ ਹੀ ਤਾਂ 2200 ਘੋੜ ਸਵਾਰਾਂ ਦੀ ਜੁਝਾਰੂ ਫੌਜ ਆਪ ਜੀ ਦੇ ਕੋਲ ਸੀ ਜੋ ਖਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਮੀਰੀ-ਪੀਰੀ ਦੀ ਮਰਿਆਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਅ ਦੀ ਬੇਨਤੀ 'ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਹੇਠ ਲੈ ਕੇ ਔਰੰਗਜ਼ੇਬ ਦੀ ਫੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਿਕੋਅ ਬਚ ਨਿਕਲਣ ਵਿਚ ਸਫਲ ਹੋ ਸਕੇ। ਜਿੱਥੇ ਆਪ ਸੰਗਤ ਨੂੰ ਨਾਮ-ਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਹਿ ਰੱਖਿਆ ਸੀ ਕਿ ਲੰਗਰਾਂ ਵਿਚ ਜੋ ਵੀ ਰਸਦ ਆਵੇ, ਬੜੀ ਸੰਭਾਲ ਕੇ ਰੱਖਣੀ ਹੈ। ਜੋ ਲੋੜ ਪੈਣ 'ਤੇ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਬੜੀਆਂ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਹਨਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ, ਮੁਫ਼ਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ ਤਾਂ ਜੋ ਉਹ ਨਿਰੋਗ ਰਹਿਣ। ਜਦ ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਅ ਸਖ਼ਤ ਬਿਮਾਰੀ ਦਾ ਸ਼ਿਕਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨੇ ਦੀਆਂ ਔਸ਼ਧੀਆਂ ਨਾਲ ਤੰ-ਦਰੁਸਤ ਹੋ ਗਿਆ। ਉਸਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਚੰਗਾ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

ਗੁਰੂ ਜੀ ਨਾਲ ਦਾਰਾ ਦਾ ਮੇਲ-ਮਿਲਾਪ ਵਧਦਾ ਵੇਖ ਕੇ ਔਰੰਗਜ਼ੇਬ ਨੇ ਬਹਾਨੇ ਨਾਲ ਗੁਰੂ ਜੀ ਨੂੰ ਤਲਬ ਕਰਨਾ ਚਾਹਿਆ। ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ। ਔਰੰਗਜ਼ੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਜਬਰੀ ਧਰਮ ਪ੍ਰੀਵਰਤਨ ਦਾ ਆਦੀ ਹੋ ਚੁੱਕਾ ਸੀ। ਉਸਨੇ ਚਾਹਿਆ ਕਿ ਰਾਮਰਾਇ ਨੂੰ ਭਰਮਾ ਕੇ ਇਸਲਾਮ ਵਿਚ ਲਿਆਂਦਾ ਜਾਵੇ ਤਾਂ ਉਸਨੇ ਬਾਣੀ ਦਾ ਹਵਾਲਾ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਦਰਜ ਹੈ- ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।। ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ।

ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ ਹੈ? ਬਾਦਸ਼ਾਹ ਨਾਲ ਸਾਂਝ ਵਧਾਉਣ ਲਈ ਕਹਿ ਦਿੱਤਾ ਕਿ ਮਿੱਟੀ ਮੁਸਲਮਾਨ ਦੀ ਨਹੀਂ ਮਿੱਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸਦੀ ਚਤੁਰਾਈ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਹਰਿਰਾਇ ਜੀ ਨੂੰ ਉਸਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਹਨਾਂ ਦਾ ਮਨ ਬੜਾ ਉਚਾਟ ਹੋਇਆ। ਗੁਰੂ ਜੀ ਆਪਣੇ ਅਸੂਲਾਂ ਦੇ ਬੜੇ ਪੱਕੇ ਸਨ, ਉਹਨਾਂ ਨੇ ਦ੍ਰਿੜ੍ਹ ਇਰਾਦਾ ਬਣਾ ਲਿਆ ਕਿ ਰਾਮਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ।

ਗੁਰੂ ਜੀ ਨੇ ਜਿੱਥੇ ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਹਨਾਂ ਨੇ ਸੰਗਤਾਂ ਨੂੰ ਗੁਰ ਉਪਦੇਸ਼ ਦ੍ਰਿੜ੍ਹ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲ੍ਹੇ ਅਤੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ ਕਿ ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਜਿਹਨਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ ਤੇ ਭਾਈ ਭਗਤੂ ਨਿਯੁਕਤ ਕੀਤੇ। ਅਕਤੂਬਰ 20, 1666 ਈ: ਨੂੰ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਤੇ ਬਿਠਾਇਆ ਤੇ ਆਪ ਜੋਤੀ-ਜੋਤ ਸਮਾ ਗਏ।

# ਈ. ਵੀ. ਐੱਮ. ਦੀ ਭਰੋਸੇਯੋਗਤਾ ਤੇ ਸ਼ੁਜਾ ਨੇ ਲਗਾਇਆ ਸਵਾਲੀਆ ਚਿੰਨ..?



ਗੁਰਿੰਦਰਜੀਤ ਸਿੰਘ
'ਨੀਟਾ ਮਾਛੀਕੇ'

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕ-ਤੰਤਰਿਕ ਦੇਸ ਹੋਣ ਦਾ ਦਾਅਵਾ ਕਰਦਾ ਆ ਰਿਹਾ ਹੈ, ਲੇਕਿਨ ਲੋਕ-ਤੰਤਰ ਦੇ ਮਖੌਟੇ ਵਿੱਚ ਇੱਥੇ ਜਿਸ ਤਰਾਂ ਦੀਆਂ ਘਿਨਾਉਣੀਆਂ ਘਟਨਾਵਾਂ ਘਟਦੀਆਂ ਆ ਰਹੀਆਂ ਹਨ ਇਹਨਾਂ ਕਰਕੇ ਦੁਨੀਆਂ ਵਿੱਚ ਇਹ ਲਗਾਤਾਰ ਬਦਨਾਮ ਵੀ ਹੋ ਰਿਹਾ ਹੈ। ਵੱਖੋ ਵੱਖ ਸਮਿਆਂ ਤੇ ਭਾਰਤ ਦੀ ਵੋਟਿੰਗ ਪਰਨਾਲੀ ਤੇ ਪ੍ਰਸ਼ਨ ਚੁੱਕੇ ਜਾ ਰਹੇ ਹਨ। ਇੱਥੇ ਜਿੱਥੇ ਧਰਮ-ਜਾਤ ਅਤੇ ਨਸਲ ਦੀ ਸਿਆਸਤ ਕੀਤੀ ਜਾ ਰਹੀ ਹੈ ਓਥੇ ਹੀ ਪਿਛਲੇ ਲੰਮੇ ਸਮੇ ਤੋ ਈ. ਵੀ. ਐੱਮ. ਵੋਟਿੰਗ ਮਸ਼ੀਨਾ ਵੀ ਵਿਵਾਦ ਦੇ ਘੇਰੇ ਵਿੱਚ ਰਹੀਆਂ ਹਨ। ਕਦੇ ਕੇਜਰੀਵਾਲ ਈ. ਵੀ. ਐੱਮ. ਮਸ਼ੀਨਾਂ ਤੇ ਸਵਾਲ ਚੱਕ ਰਹੇ ਹਨ ਕਦੇ ਮਮਤਾ ਅਤੇ ਕਦੇ ਅਖਲੇਸ ਯਾਦਵ ਅਤੇ ਹੁਣ ਇੰਗਲੈਂਡ ਵਿੱਚ ਹੋਏ ਹੈਕਾਥਾਨ ਸੈਮੀਨਰ ਵਿੱਚ ਸਈਬਰ ਮਾਹਰ ਸਈਅਦ ਸ਼ੁਜਾ ਨੇ ਸ਼ਰੇਆਮ ਈ. ਵੀ. ਐੱਮ. ਸਕੈਂਮ ਦਾ ਪਰਦਾਫਾਸ਼ ਕੀਤਾ ਹੈ।



2014 ਦੀਆਂ ਆਮ ਚੋਣਾਂ ਵਿਚ ਵੀ ਈ. ਵੀ. ਐੱਮ. ਨਾਲ ਛੇੜਛਾੜ ਕੀਤੀ ਗਈ ਸੀ। ਇਹ ਕਹਿਣਾ ਹੈ ਇਕ ਅਮਰੀਕੀ ਸਾਈਬਰ ਐਕਸਪਰਟ ਸਈਅਦ ਸ਼ੁਜਾ ਦਾ, ਜਿਸ ਨੇ ਦਾਅਵਾ ਕੀਤਾ ਹੈ ਕਿ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ (ਈ. ਵੀ. ਐੱਮ.) ਨੂੰ ਹੈਕ ਕੀਤਾ ਜਾ ਸਕਦਾ ਹੈ। ਲੰਡਨ ਵਿਚ ਚੱਲ ਰਹੀ ਹੈਕਾਥਾਨ ਵਿਚ ਇਸ ਸਾਈਬਰ ਐਕਸਪਰਟ ਨੇ ਦਾਅਵਾ ਕੀਤਾ ਕਿ ਭਾਜਪਾ ਨੇਤਾ ਗੋਪੀਨਾਥ ਮੁੰਡੇ ਦੀ ਹੱਤਿਆ 2014 ਵਿਚ ਕੀਤੀ ਗਈ ਸੀ। ਐਕਸਪਰਟ ਦਾ ਕਹਿਣਾ ਹੈ ਕਿ ਮੁੰਡੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ ਨੂੰ ਹੈਕ ਕਰਨ ਬਾਰੇ ਜਾਣਕਾਰੀ ਰੱਖਦੇ ਸਨ।

ਭਾਰਤ ਵਿਚ ਵਰਤੋਂ ਕੀਤੀ ਜਾਣ ਵਾਲੀ ਈ. ਵੀ. ਐੱਮ. ਨੂੰ ਡਿਜ਼ਾਈਨ ਕਰਨ ਵਾਲੇ ਐਕਸਪਰਟ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਮਹਾਰਾਸ਼ਟਰ, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਿਚ ਵੀ ਧਾਂਦਲੀ ਹੋਈ ਸੀ। ਇਥੋਂ ਤੱਕ ਕਿ ਸੂਜਾ ਦਾ ਦਾਅਵਾ ਹੈ ਕਿ 2014 ਦੀਆਂ ਆਮ ਚੋਣਾਂ ਵਿਚ ਵੀ ਈ. ਵੀ. ਐੱਮ. ਨਾਲ ਛੇੜਛਾੜ ਕੀਤੀ ਗਈ ਸੀ। ਸਾਈਅਦ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੀ ਕਾਂਗਰਸ ਦੀ ਜਿੱਤ ਨੂੰ ਈ. ਵੀ. ਐੱਮ. ਮਸ਼ੀਨਾਂ ਦਾ ਚਮਤਕਾਰ ਦੱਸਿਆ। ਲੰਡਨ ਹੈਕਾਥਾਨ ਵਿਚ ਇਹ ਐਕਸਪਰਟ ਦੱਸ ਰਹੇ ਹਨ ਕਿ ਈ. ਵੀ. ਐੱਮ. ਕਿਵੇਂ ਹੈਕ ਕੀਤੀ ਜਾ ਸਕਦੀ ਹੈ। ਇੰਡੀਅਨ ਜਰਨਲਿਸਟ ਐਸੋਸੀਏਸ਼ਨ (ਯੂਰਪ) ਵਲੋਂ ਲੰਡਨ ਵਿਚ ਆਯੋਜਿਤ ਪ੍ਰੋਗਰਾਮ ਵਿਚ ਕਾਂਗਰਸ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਵੀ ਮੌਜੂਦ ਸਨ। ਦੱਸਣਯੋਗ ਹੈ ਕਿ ਚੋਣ ਕਮਿਸ਼ਨ ਹਮੇਸ਼ਾ ਇਸ ਗੱਲ ਦਾ ਦਾਅਵਾ ਕਰਦਾ ਰਿਹਾ ਹੈ ਕਿ ਭਾਰਤ ਵਿਚ ਵਰਤੀ ਜਾਣ ਵਾਲੀ ਈ. ਵੀ. ਐੱਮ. ਨਾਲ ਛੇੜਛਾੜ ਨਹੀਂ ਕੀਤੀ ਜਾ ਸਕਦੀ।

### ਐਕਸਪਰਟ ਨੇ ਕੀਤੇ ਕਈ ਹੋਰ ਦਾਅਵੇ


ਇਸ ਮਸ਼ੀਨ ਨੂੰ ਬਲੂਟੁਥ ਦੀ ਮਦਦ ਨਾਲ ਹੈਕ ਨਹੀਂ ਕੀਤਾ ਜਾ ਸਕਦਾ। ਗ੍ਰਿਫਾਈਟ ਅਧਾਰਿਤ ਟ੍ਰਾਂਸਮੀਟਰ ਦੀ ਮਦਦ ਨਾਲ ਈ. ਵੀ.ਐੱਮ. ਨੂੰ ਖੋਲ੍ਹਿਆ ਜਾ ਸਕਦਾ ਹੈ। ਇਨ੍ਹਾਂ ਟ੍ਰਾਂਸਮੀਟਰਾਂ ਦੀ ਵਰਤੋਂ 2014 ਦੀਆਂ ਚੋਣਾਂ ਵਿਚ ਵੀ ਕੀਤੀ ਗਈ ਸੀ।

ਐਕਸਪਰਟ ਦਾ ਦਾਅਵਾ ਹੈ ਕਿ ਕੋਈ ਵਿਅਕਤੀ ਈ. ਵੀ. ਐੱਮ. ਦੇ ਡਾਟਾ ਨੂੰ ਮੈਨੂਪੁਲੇਟ ਕਰਨ ਲਈ ਲਗਾਤਾਰ 'ਪਿੰਗ' ਕਰ ਰਿਹਾ ਸੀ। 2014 ਵਿਚ ਭਾਜਪਾ ਦੇ ਕਈ ਨੇਤਾਵਾਂ ਨੂੰ ਇਸ ਬਾਰੇ ਜਾਣਕਾਰੀ ਸੀ। ਜਦੋਂ ਉਨ੍ਹਾਂ ਨੇ ਇਕ ਹੋਰ ਭਾਜਪਾ ਨੇਤਾ ਤੱਕ ਇਹ ਗੱਲ ਪਹੁੰਚਾਈ ਤਾਂ ਉਨ੍ਹਾਂ ਨਾਲ ਕੰਮ ਕਰਨ ਵਾਲੇ ਵਿਅਕਤੀ ਦੀ ਹੱਤਿਆ ਕਰਵਾ ਦਿੱਤੀ ਗਈ।

ਐਕਸਪਰਟ ਦਾ ਦਾਅਵਾ ਹੈ ਕਿ ਈ. ਵੀ.ਐੱਮ. ਹੈਕ ਕਰਨ 'ਚ ਰਿਲਾਇੰਸ ਕਮਿਊਨੀਕੇਸ਼ਨ ਭਾਜਪਾ ਦੀ ਮਦਦ ਕਰਦਾ ਹੈ।

ਐਕਸਪਰਟ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਦਿੱਲੀ ਦੀਆਂ ਚੋਣਾਂ ਵਿਚ ਇਸ ਟ੍ਰਾਂਸਮੀਸ਼ਨ ਨੂੰ ਰੁਕਵਾ ਦਿੱਤਾ ਸੀ, ਇਸ ਲਈ ਭਾਜਪਾ ਇਹ ਚੋਣ ਹਾਰ ਗਈ ਸੀ। ਦਿੱਲੀ ਦੀਆਂ ਚੋਣਾਂ ਵਿਚ ਵੀ ਭਾਜਪਾ ਦੇ ਆਈ. ਟੀ. ਸੈੱਲ ਵਲੋਂ ਕੀਤਾ ਗਿਆ ਟ੍ਰਾਂਸਮੀਸ਼ਨ ਪਕੜ ਵਿਚ ਆ ਗਿਆ ਸੀ। ਐਕਸਪਰਟ ਨੇ ਕਿਹਾ,''ਅਸੀਂ ਟ੍ਰਾਂਸਮੀਸ਼ਨ ਨੂੰ ਆਮ ਆਦਮੀ ਪਾਰਟੀ ਦੇ ਪੱਖ ਵਿਚ ਕਰ ਦਿੱਤਾ ਸੀ। ਅਸਲ ਨਤੀਜੇ 2009 ਵਰਗੇ ਹੀ ਸਨ।

ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਗਰ ਸੱਚਮੁੱਚ ਈ. ਵੀ. ਐੱਮ. ਨੂੰ ਅਸਾਨੀ ਨਾਲ ਹੈਕ ਕੀਤਾ ਜਾ ਸਕਦਾ ਹੈ ਫਿਰ ਇਹ ਲੋਕ-ਤੰਤਰ ਦਾ ਪਖੰਡ ਕਰਕੇ ਆਮ ਵੋਟਰਾ ਨੂੰ ਕਿਉਂ ਮੂਰਖ ਬਣਾਇਆ ਜਾ ਰਿਹਾ ਹੈ। ਜਦੋਂ ਵੋਟਾਂ ਤਾਂ ਹੈਕਰ ਆਵਦੀ ਇੱਛਾ ਮੁਤਾਬਕ ਪਵਾਉਦੇ ਨੇ ਫੇਰ ਐਨੀ ਮਸ਼ੀਨਰੀ, ਪੁਲਿਸ ਤੰਤਰ, ਵਾਧੂ ਦੀ ਖੱਜਲ ਖੁਆਰੀ ਇਹ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਵਿਸ਼ਵਾਸ਼ਘਾਤ ਨਹੀਂ ਤਾਂ ਹੋਰ ਕੀ ਹੈ..? ਅਸੀਂ ਤੁਸੀਂ ਬਾਹਰੋਂ ਬੈਠੇ ਪੈਸੇ ਨਾਲ ਜਾ ਹੋਰ ਵਸੀਲੇ ਵਰਤਕੇ ਭਾਰਤ ਅੰਦਰ ਬਦਲਾਵ ਦੇ ਸੁਪਨੇ ਵੇਖ ਰਹੇ ਹਾਂ ਅਗਰ ਸਾਈਅਦ ਸ਼ੁਜਾ ਦੇ ਦਾਅਵੇ ਸੱਚੇ ਹਨ ਫੇਰ ਤਾਂ ਸਾਡੀ ਸਾਰੀ ਮਿਹਨਤ ਬੇਕਾਰ ਹੈ। ਮੇਰੇ ਖਿਆਲ ਮੁਤਾਬਕ ਇਸ ਸਮੇਂ ਭਾਰਤ ਦੀਆਂ ਉਹ ਸਿਆਸੀ ਪਾਰਟੀਆ ਜਿਹੜੀਆ ਤੀਸਰੇ ਬਦਲ ਲਈ ਪਰ ਤੋਲ੍ਹ ਰਹੀਆਂ ਹਨ ਉਹਨਾਂ ਨੂੰ ਚੋਣ ਕਮਿਸ਼ਨ ਦੇ ਖ਼ਿਲਾਫ਼ ਕੋਰਟਾਂ ਦੇ ਦਰਵਾਜ਼ੇ ਖੜਕਾਉਣੇ ਚਾਹੀਦੇ ਹਨ। ਆਮ ਵੋਟਰਾਂ ਨੂੰ ਉਹਨਾਂ ਨਾਲ ਹੋ ਰਹੇ ਧੋਖੇ ਸਬੰਧੀ ਜਾਗੁਰਕ ਕਰਨਾ ਚਾਹੀਦਾ ਤੇ ਗੋਰਮਿੰਟਾ ਤੇ ਪ੍ਰੈਸ਼ਰ ਪਾਉਣ ਲਈ ਸੰਘਰਸ਼ ਵਿੱਢਣੇ ਚਾਹੀਦੇ ਹਨ। ਨਹੀਂ ਤਾਂ ਫੇਰ ਜਿਸ ਪਾਸੇ ਪ੍ਰਸ਼ਾਤ ਕਿਸ਼ੋਰ ਹੋਵੇਗਾ ਓਹੀ ਪਾਰਟੀ ਜਿੱਤੇਗੀ। ਕਿਉਕੇ ਸਾਈਅਦ ਸ਼ੁਜਾ ਨੇ ਪ੍ਰਸ਼ਾਤ ਕਿਸ਼ੋਰ ਤੇ ਈ. ਵੀ. ਐੱਮ. ਹੈਕਿੰਗ ਲਈ ਦਲਾਲੀ ਦੇ ਦੋਸ਼ ਵੀ ਲਾਏ ਹਨ। ਸਾਈਅਦ ਸ਼ੁਜਾ ਨੇ ਦੱਸਿਆ ਕਿ ਉਹਨਾਂ ਦੀ ਇੱਕੀ ਮੈਂਬਰੀ ਟੀਮ ਇਸ ਹੈਕਿੰਗ ਨੂੰ ਅੰਜਾਮ ਦਿੰਦੀ ਸੀ ਅਤੇ ਇਸ ਟੀਮ ਦੇ ਤਕਰੀਬਨ 11 ਸਾਥੀ ਮੌਤ ਦੇ ਮੂੰਹ ਜਾ ਚੁੱਕੇ ਹਨ ਜਾ ਉਹ ਗਾਇਬ ਹਨ। ਮੋਦੀ ਗੌਰਮਿੰਟ ਨੇ ਸਾਈਅਦ ਦੁਆਰਾ ਲਾਏ ਦੋਸ਼ਾਂ ਦੀ ਤਫ਼ਤੀਸ਼ ਤਾਂ ਕੀ ਕਰਨੀ ਸੀ ਸਗੋਂ ਉਲਟਾ ਸਾਈਅਦ ਸ਼ੁੱਜਾ ਤੇ ਹੀ ਕੇਸ ਦਰਜ ਕਰ ਲਿਆ ਹੈ।



ਲੰਡਨ ਵਿੱਚ ਹੋਏ ਹੈਕਾਥਾਨ ਸੈਮੀਨਰ ਵਿੱਚ ਕਾਂਗਰਸ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਵੀ ਮਜੂਦ ਸਨ ਜਿਸ ਕਰਕੇ ਭਾਜਪਾ ਨੇ ਉਹਨਾਂ ਨੂੰ ਆਪਣੇ ਨਿਸ਼ਾਨੇ ਤੇ ਲਿਆ ਸੀ। ਭਾਜਪਾ ਤੇ ਪਲਟਵਾਰ ਕਰਦਿਆਂ ਸਿੱਬਲ ਨੇ ਕਿਹਾ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੀ ਹੈਕਿੰਗ ਨਾਲ ਜੁੜੇ ਸਾਈਬਰ ਮਾਹਰ ਸਈਅਦ ਸ਼ੁਜਾ ਦਾ ਦਾਅਵਾ ਬਹੁਤ ਗੰਭੀਰ ਹੈ ਅਤੇ ਇਸ ਦੀ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਇਹ ਭਾਰਤ ਵਿਚ ਲੋਕਤੰਤਰ ਦੇ ਭਵਿੱਖ ਨਾਲ ਸਬੰਧਿਤ ਵਿਸ਼ਾ ਹੈ। ਉਨ੍ਹਾਂ ਨੇ ਲੰਡਨ ਵਿਚ ਆਯੋਜਿਤ ਹੈਕੇਥਾਨ ਵਿਚ ਆਪਣੀ ਮੌਜੂਦਗੀ ਨੂੰ ਲੈ ਕੇ ਭਾਜਪਾ ਵਲੋਂ ਸਵਾਲ ਖੜ੍ਹੇ ਕੀਤੇ ਜਾਣ 'ਤੇ ਕਿਹਾ ਕਿ ਉਹ ਇਸ ਹੈਕੇਥਾਨ ਦੇ ਆਯੋਜਕ ਅਤੇ ਪੱਤਰਕਾਰ ਆਸ਼ੀਸ਼ ਰੇ ਦੇ ਸੱਦੇ 'ਤੇ ਵਿਅਕਤੀਗਤ ਹੈਸੀਅਤ ਨਾਲ ਉਥੇ ਪਹੁੰਚੇ ਸਨ। ਦਰਅਸਲ, ਕੇਂਦਰੀ ਮੰਤਰੀ ਅਤੇ ਭਾਜਪਾ ਨੇਤਾ ਰਵੀਸ਼ੰਕਰ ਪ੍ਰਸਾਦ ਨੇ ਦੋਸ਼ ਲਗਾਇਆ ਕਿ ਲੰਡਨ ਵਿਚ ਆਯੋਜਿਤ ਹੈਕੇਥਾਨ ਨੂੰ ਕਾਂਗਰਸ ਸਮਰਪਿਤ ਲੋਕਾਂ ਨੇ ਆਯੋਜਿਤ ਕੀਤਾ ਸੀ ਅਤੇ ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਉਸ ਦੀ ਮਾਨੀਟਰਿੰਗ ਲਈ ਉਥੇ ਗਏ ਸਨ। ਸਿੱਬਲ ਨੇ ਇਥੇ ਪੱਤਰਕਾਰਾਂ ਨੂੰ ਕਿਹਾ ਕਿ ਜੋ ਦੋਸ਼ ਉਸ ਨੇ ਲਗਾਏ ਹਨ, ਉਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

**ਬਰਸੀ 'ਤੇ ਵਿਸ਼ੇਸ਼**

# ਆਰ.ਸੀ. ਪਾਲ, ਅੰਬੇਡਕਰ ਮਿਸ਼ਨ ਜਿਸਦੀ ਜਿੰਦ ਜਾਨ ਸੀ ਨਹੀਂ ਰਹੇ

ਰਿਟਾਇਰਡ ਜੁਡੀਸ਼ੀਅਲ ਮੈਜਿਸਟ੍ਰੇਟ ਅਤੇ ਜਲੰਧਰ ਦੇ ਉੱਘੇ ਐਡਵੋਕੇਟ ਸ੍ਰੀ ਆਰ. ਸੀ. ਪਾਲ (ਰਮੇਸ਼ ਚੰਦਰ ਪਾਲ) (82) ਕੁਝ ਸਮਾਂ ਬਿਮਾਰ ਰਹਿਣ ਪਿੱਛੋਂ 30 ਜਨਵਰੀ 2015 ਨੂੰ ਆਪਣੇ ਪਿੱਛੇ ਸਮਾਜ ਸੇਵਾ ਦੀਆਂ ਬਹੁਤ ਸਾਰੀਆਂ ਯਾਦਾਂ ਨੂੰ ਛੱਡ ਕੇ ਚੱਲ ਵੱਸੇ। ਉਹ ਕਈ ਸਾਲ ਤੋਂ ਆਪਣੇ ਛੋਟੇ ਬੇਟੇ ਸ਼ਸ਼ੀ ਕਾਂਤ ਕੋਲ ਅਮਰੀਕਾ (ਕੈਲੇਫੋਰਨੀਆ) ਰਹਿ ਰਹੇ ਸਨ। ਜਿੱਥੇ ਉਹਨਾਂ ਦਾ ਜਿਗਰ ਦਾ ਕਾਫੀ ਦੇਰ ਤੋਂ ਇਲਾਜ ਚਲਦਾ ਰਿਹਾ। ਪਾਲ ਸਾਹਿਬ ਬੰਗਾ ਤੋਂ ਆ ਕੇ ਜਲੰਧਰ ਦੇ ਵਾਸੀ ਹੋ ਗਏ ਜੋ ਉਹਨਾਂ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਰਗਰਮੀਆਂ ਦਾ ਕੇਂਦਰ ਬਣਿਆ ਰਿਹਾ। ਦਸਵੀਂ ਕਲਾਸ ਬੰਗਾ ਹਾਈ ਸਕੂਲ ਤੋਂ ਪਾਸ ਕਰਕੇ ਉਹਨਾਂ ਨੇ ਜਲੰਧਰ ਦੋਆਬਾ ਕਾਲਜ ਤੋਂ ਐਫ. ਐਸ. ਸੀ. ਕੀਤੀ ਅਤੇ ਬਾਅਦ ਵਿਚ ਬਿਜਲੀ ਮਹਿਕਮੇ ਦੀ ਕੁਝ ਸਾਲ ਨੌਕਰੀ ਕੀਤੀ। ਇਹ ਹੌਸਲੇ ਅਤੇ ਇੱਛਾ ਸ਼ਕਤੀ ਦੀ ਇਕ ਮਿਸਾਲ ਹੈ ਕਿ ਉਹਨਾਂ ਨੇ ਰਾਤ-ਦਿਨ ਮਿਹਨਤ ਕਰਕੇ ਨੌਕਰੀ ਦੇ ਦੌਰਾਨ ਪਹਿਲਾਂ ਬੀ. ਏ. ਅਤੇ ਐਲ. ਐਲ. ਬੀ. ਪਾਸ ਕਰ ਲਈ ਅਤੇ ਨਾਲ ਲੱਗਦੇ ਪੀ. ਸੀ. ਐਸ. ਦਾ ਇਮਤਿਹਾਨ ਵੀ ਕੁਆਲੀਫਾਈ ਕਰ ਲਿਆ। ਕਈ ਸਾਲ ਬਤੌਰ ਜੂਡੀਸ਼ੀਅਲ ਮੈਜਿਸਟ੍ਰੇਟ ਸੇਵਾ ਕਰਕੇ ਉਹ 1979 ਵਿਚ ਸੇਵਾ ਮੁਕਤ ਹੋਏ। ਰਿਟਾਇਰ ਹੋਣ ਨਾਲ ਹੀ ਉਹਨਾਂ ਦਾ ਰਾਜਨੀਤਿਕ ਅਤੇ ਸਮਾਜਿਕ ਦੌਰ ਸ਼ੁਰੂ ਹੁੰਦਾ ਹੈ ਜੋ ਅਖੀਰ ਤੱਕ ਜਾਰੀ ਰਿਹਾ। ਜ਼ਿਲ੍ਹਾ ਕੋਰਟਾਂ ਵਿਚ ਪ੍ਰੈਕਟਿਸ ਕਰਦੇ ਕਰਦੇ ਉਹ ਇਕ ਸਫਲ ਵਕੀਲ ਬਣ ਕੇ ਸਮਾਜਿਕ ਪੱਧਰ'ਤੇ ਵੀ ਉਨੇ ਹੀ ਹਰਮਨ ਪਿਆਰੇ ਹੋ ਗਏ।

ਸਮਾਜ ਸੇਵਾ ਦਾ ਜਜ਼ਬਾ ਬਚਪਨ ਤੋਂ ਹੀ ਮੇਰੇ ਸਾਥ ਅਤੇ ਪ੍ਰਭਾਵ ਕਾਰਨ ਪੈਦਾ ਹੋ ਚੁੱਕਿਆ ਸੀ। ਮੇਰੀਆਂ ਰਾਜਨੀਤਿਕ ਅਤੇ ਸਮਾਜਿਕ ਸਰਗਰਮੀਆਂ ਵਿਚ ਪਾਲ ਸਾਹਿਬ ਦਾ ਭਾਵੇਂ ਉਹ ਉਮਰ ਵਿਚ ਪੰਜ ਸਾਲ ਛੋਟੇ ਸਨ, ਭਰਪੂਰ ਸਹਿਯੋਗ ਰਿਹਾ। ਸਕੂਲੀ ਦਿਨਾਂ ਵਿਚ ਆਦਿ ਧਰਮ ਰਵਿਦਾਸ ਬਾਲ ਸਭਾ ਬਣਾ ਕੇ ਸਮਾਜ ਦੀ ਜਾਗਰਤੀ ਲਈ ਖੂਬ ਧੂੰਆਂ-ਧਾਰ ਪ੍ਰਚਾਰ ਕੀਤਾ। ਕਾਲਜ ਦੇ ਦਿਨਾਂ ਵਿਚ ਜਦ ਮੈਂ ਵੀ ਹਾਲੇ ਕਾਲਜ ਵਿਚ ਹੀ ਸੀ ਅਤੇ 'ਉਜਾਲਾ' ਉਰਦੂ ਵੀਕਲੀ ਦੇ ਸੰਪਾਦਕ ਦਾ ਵੀ ਕੰਮ ਕਰ ਰਿਹਾ ਸੀ ਅਤੇ ਕਾਲਜਾਂ ਦੇ ਸ਼ਡਿਊਲਡ ਕਾਸਟ ਵਿਦਿਆਰਥੀਆਂ ਨੂੰ ਸੰਗਠਿਤ ਕਰਕੇ ਪੰਜਾਬ ਸ਼ੈਡਿਊਲਡ ਕਾਸਟ ਸਟੂਡੈਂਟਸ ਫੈਡਰੇਸ਼ਨ ਗਠਿਤ ਕੀਤੀ। ਸੂਰਜ ਭਾਨ ਪਿਛਲੇ ਗਵਰਨਰ ਉਸ ਸਮੇਂ ਅੰਬਾਲਾ ਕਾਲਜ ਵਿਚ ਬੀ. ਏ. ਸਟੂਡੈਂਟ ਸਨ ਅਤੇ ਮੇਰੇ ਨਾਲ 'ਉਜਾਲਾ' ਪੱਤ੍ਰਿਕਾ ਦੇ ਮਾਧਿਅਮ ਤੋਂ ਗੂੜ੍ਹੀ ਮਿੱਤਰਤਾ ਹੋ ਚੁੱਕੀ ਸੀ, ਨੂੰ ਫੈਡਰੇਸ਼ਨ ਦਾ ਪ੍ਰੈਜ਼ੀਡੈਂਟ ਥਾਪਿਆ ਅਤੇ ਪਾਲ ਸਾਹਿਬ ਉਸ ਦੇ ਜਨਰਲ ਸੈਕਟਰੀ ਬਣਾਏ ਗਏ। ਇਸ ਸੰਸਥਾ ਦੇ ਮੰਚ ਤੋਂ ਜਿੱਥੇ ਸ਼ਡਿਊਲਡ ਕਾਸਟ ਵਿਦਿਆਰਥੀਆਂ ਦੀਆਂ ਫੀਸਾਂ ਅਤੇ ਵਜ਼ੀਫਿਆਂ ਬਾਰੇ ਆਵਾਜ਼ ਬੁਲੰਦ ਕੀਤੀ ਗਈ, ਉਥੇ ਅੰਬੇਡਕਰੀ ਅੰਦੋਲਨ ਵਿਚ ਵੀ ਇਸ ਦਾ ਯੋਗਦਾਨ ਬਹੁਤ ਜ਼ੋਰਦਾਰ ਸੀ। ਉਸ ਵੇਲੇ ਦੇ ਕਾਂਗਰਸੀ ਵਜ਼ੀਰ ਪ੍ਰਿਥਵੀ ਸਿੰਘ ਆਜ਼ਾਦ ਨਾਲ ਆਪਣਿਆਂ ਮੰਗਾਂ ਨੂੰ ਲੈ ਕੇ ਅਕਸਰ ਨੋਕ-ਝੋਕ ਅਤੇ ਟੱਕਰ ਹੁੰਦੀ ਰਹਿੰਦੀ ਸੀ।



ਪਾਲ ਸਾਹਿਬ ਮੇਰੇ ਨਾਲ ਉਦੋਂ ਵੀ ਅੰਗ ਸੰਗ ਰਹੇ ਜਦ ਬਾਬਾ ਸਾਹਿਬ ਦੇ 27 ਅਕਤੂਬਰ 1951 ਨੂੰ ਜਲੰਧਰ ਆਗਮਨ 'ਤੇ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਮੈਂ ਸੰਭਾਲ ਰਿਹਾ ਸੀ। ਉਸ ਕਾਨਫਰੰਸ ਵਿਚ ਬਾਬਾ ਸਾਹਿਬ ਨੂੰ ਦੋ ਸਵਾਗਤ ਪੱਤਰ ਪੇਸ਼ ਕੀਤੇ ਗਏ, ਇਕ ਸੂਬਾ ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਪ੍ਰਧਾਨ ਸੇਠ ਕਿਸ਼ਨ ਦਾਸ ਦਾ ਸੀ, ਦੂਜਾ ਪੰਜਾਬ ਸ਼ਡਿਊਲਡ ਕਾਸਟ ਸਟੂਡੈਂਟਸ ਫੈਡਰੇਸ਼ਨ ਵੱਲੋਂ ਆਰ. ਸੀ. ਪਾਲ ਸਾਹਿਬ ਦਾ ਸੀ। ਬਾਬਾ ਸਾਹਿਬ ਨੂੰ ਸਵਾਗਤ ਪੱਤਰ ਪੇਸ਼ ਕਰਨਾ ਬੜੇ ਮਾਣ ਦੀ ਗੱਲ ਹੈ। ਇਸੇ ਤਰ੍ਹਾਂ ਜਦ ਕਾਨਫਰੰਸ ਦੀ ਸਮਾਪਤੀ 'ਤੇ ਅਸੀਂ ਬਾਬਾ ਸਾਹਿਬ ਨੂੰ ਜਲੰਧਰ ਛਾਉਣੀ ਦੇ ਰੈਸਟ ਹਾਊਸ ਜਿੱਥੇ ਉਹਨਾਂ ਨੂੰ ਠਹਿਰਾਇਆ ਗਿਆ ਸੀ, ਰਾਤ ਸਮੇਂ ਮਿਲਣ ਗਏ ਤਾਂ ਪਾਲ ਸਾਹਿਬ ਵੀ ਮੇਰੇ ਨਾਲ ਸਨ।

ਉਦੋਂ ਵੀ ਅਸੀਂ ਦੋਨਾਂ ਨੇ ਸੋਫੇ 'ਤੇ ਬੈਠੇ ਬਾਬਾ ਸਾਹਿਬ ਦੀਆਂ ਲੱਤਾਂ ਪੈਰ ਘੁੱਟ ਕੇ ਨੇੜਤਾ ਦਾ ਅਨੰਦ ਲਿਆ। ਅਗਲੀ ਸਵੇਰ ਫਿਰ ਅਸੀਂ ਬਾਬਾ ਸਾਹਿਬ ਨਾਲ ਗੱਲਾਂ ਕਰਦੇ ਉਹਨਾਂ ਨੂੰ ਦਿਨ ਦੀਆਂ ਅਖ਼ਬਾਰਾਂ ਵਿਚੋਂ ਚੋਣਵੀਆਂ ਖ਼ਬਰਾਂ ਸੁਣਾਉਂਦੇ ਰਹੇ। ਇਸੇ ਵਿਚ ਪਾਲ ਨੇ ਬੜੇ ਬੇਬਾਕ ਅੰਦਾਜ਼ ਵਿਚ ਉਹਨਾਂ ਤੋਂ ਇਕ ਸਵਾਲ ਕਰਕੇ ਜਵਾਬ ਪੁੱਛ ਲਿਆ ਕਿ ਕੀ ਵਿਦਿਆਰਥੀਆਂ ਨੂੰ ਪੋਲੀਟਿਕਸ (ਰਾਜਨੀਤੀ) ਵਿਚ ਹਿੱਸਾ ਲੈਣਾ ਚਾਹੀਦਾ ਹੈ? ਇਸ ਦਾ ਜਵਾਬ ਵੀ ਬਾਬਾ ਸਾਹਿਬ ਨੇ ਉਸੇ ਖੁੱਲ੍ਹੀ ਮੂਡ ਵਿਚ ਦਿੱਤਾ 'ਵਿਦਿਆਰਥੀਆਂ ਨੂੰ ਪਹਿਲਾਂ ਆਪਣੀ ਪੜ੍ਹਾਈ ਨੂੰ ਉਸੇ ਰੂਪ ਵਿਚ ਤਿਆਗ ਅਤੇ ਲਗਨ ਨਾਲ ਪੂਰਾ ਕਰਨਾ ਚਾਹੀਦਾ ਹੈ, ਜਿਵੇਂ ਇਕ ਤਪੱਸਵੀ ਸੰਸਾਰਕ ਉਲਝਣਾਂ ਤੋਂ ਦੂਰ ਰਹਿ ਕੇ ਆਪਣੀ ਤਪੱਸਿਆ ਪੂਰੀ ਕਰਦਾ ਹੈ। ਇਸ ਤੋਂ ਬਾਅਦ ਹੀ ਉਹ ਰਾਜਨੀਤੀ ਦੀਆਂ ਡੂੰਘਾਈਆਂ ਅਤੇ ਪੇਚੀਦਗੀਆਂ ਨੂੰ ਸਮਝਣ ਦੇ ਯੋਗ ਅਤੇ ਸਮਰੱਥ ਹੋ ਸਕਦੇ ਹਨ। ਬਾਬਾ ਸਾਹਿਬ ਦਾ ਇਹ ਕਥਨ ਬਹੁਤ ਲੇਖਾਂ ਅਤੇ ਕਿਤਾਬਾਂ ਵਿਚ ਛਪ ਚੁੱਕਾ ਹੈ।

ਪਾਲ ਸਾਹਿਬ ਬਤੌਰ ਵਕੀਲ ਹਰ ਜ਼ਰੂਰਤਮੰਦ ਵਿਅਕਤੀ ਦੇ ਕੰਮ ਆਉਂਦੇ ਰਹੇ। ਸਭ ਤੋਂ ਵੱਧ ਸਮਾਜ ਨੂੰ ਉਹਨਾਂ ਦੀ ਦਿੱਤੀ ਯਾਦਗਾਰ ਦੇਣ 'ਅੰਬੇਡਕਰ ਭਵਨ' ਦੀ ਸ਼ਕਲ ਵਿਚ ਹੈ ਜੋ ਜਲੰਧਰ (ਅਬਾਦਪੁਰ) ਦੀ ਉਸੇ ਪਵਿੱਤਰ ਭੂਮੀ 'ਤੇ ਉਸਾਰਿਆ ਗਿਆ, ਜਿੱਥੇ 1951 ਵਿਚ ਬਾਬਾ ਸਾਹਿਬ ਨੇ ਚਰਨ ਪਾਏ ਸਨ। ਇਸ ਭਵਨ ਦੀ ਉਸਾਰੀ ਅਤੇ ਪ੍ਰਬੰਧ ਹਿਤ ਬਣਾਏ ਗਏ 'ਅੰਬੇਡਕਰ ਭਵਨ ਟਰੱਸਟ' ਦੇ ਉਹ ਮੁਢਲੇ ਕਈ ਸਾਲਾਂ ਤੱਕ ਸੈਕਟਰੀ ਵਜੋਂ ਕੰਮ ਕਰਦੇ ਰਹੇ। ਸੰਸਥਾਪਕ ਟਰੱਸਟੀ ਸ੍ਰੀ ਲਾਹੌਰੀ ਰਾਮ ਬਾਲੀ ਨਾਲ ਮਿਲ ਕੇ ਭਵਨ ਦੀ ਉਸਾਰੀ ਅਤੇ ਵਿਕਾਸ ਲਈ ਜੋ ਤਨ, ਮਨ, ਧਨ ਨਾਲ ਉਹਨਾਂ ਨੇ ਯੋਗਦਾਨ ਦਿੱਤਾ ਹੈ, ਉਸ ਦਾ ਅੰਦਾਜ਼ਾ ਭਵਨ ਦੀ ਬਣ ਰਹੀ ਸ਼ਾਨ ਤੋਂ ਲਗਾਇਆ ਜਾ ਸਕਦਾ ਹੈ। ਜਿਸ ਦਾ ਮੈਂ ਖੁਦ 1986 ਤੋਂ ਟਰੱਸਟੀ ਹਾਂ। ਇਸੇ ਭਵਨ ਦੀ ਉਸਾਰੀ ਦੇ ਸਬੰਧ ਵਿਚ ਆਪਣੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਨਿੱਜੀ ਦੌਰਿਆਂ ਦੌਰਾਨ ਉਹਨਾਂ ਨੇ ਹਜ਼ਾਰਾਂ ਰੁਪਏ ਇਕੱਠੇ ਕਰਕੇ ਭਵਨ ਦੀ ਸੇਵਾ ਕੀਤੀ। ਪੰਜਾਬ ਅਸੈਂਬਲੀ ਦਾ ਦੋ ਵਾਰ ਇਲੈਕਸ਼ਨ ਵੀ ਲੜਿਆ ਲੇਕਿਨ ਸਫਲ ਨਹੀਂ ਹੋ ਸਕੇ। ਉਹ ਆਪਣੇ ਪਿੱਛੇ ਦੋ ਬੇਟੇ ਡਾ. ਰਵੀ ਕਾਂਤ (ਐਮ. ਐਸ.), ਸ਼ਸ਼ੀ ਕਾਂਤ (ਅਮਰੀਕਾ-ਬਿਜ਼ਨੈਸ), ਬੇਟੀ ਪੈਮਿਲਾ ਦਾਮਾਦ ਸ੍ਰੀ ਆਰ. ਪੀ. ਐਸ. ਪਵਾਰ ਰਿਟਾਇਰਡ ਪ੍ਰਿੰਸੀਪਲ ਸੈਕਟਰੀ, ਪਤਨੀ ਆਸ਼ਾ ਦੇਵੀ ਅਤੇ ਖੁਸ਼ਹਾਲ ਪਰਿਵਾਰ ਛੱਡ ਗਏ ਹਨ। ਉਹ ਨਿਮਰ ਸੁਭਾਅ, ਰਚਨਾਤਮਕ ਸੋਚ ਅਤੇ ਸਮਾਜ ਸਮਰਪਣ ਲਈ ਹਮੇਸ਼ਾ ਯਾਦ ਰਹਿਣਗੇ।

**ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਉਹਨਾਂ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ।**



ਕੇ. ਸੀ. ਸੁਲੇਖ
0172-4623503

# ਅੰਬੇਡਕਰਾਈਟ ਲੀਗਲ ਫੋਰਮ ਜਲੰਧਰ ਨੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਨਾਲ ਮਿਲ ਕੇ ਗਣਤੰਤਰ ਦਿਵਸ ਮਨਾਇਆ

**ਜਲੰਧਰ-** ਬੀਤੀ 26 ਜਨਵਰੀ ਨੂੰ ਅੰਬੇਡਕਰ-ਾਈਟ ਲੀਗਰ ਫੋਰਮ, ਜਲੰਧਰ ਨੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ ਨਾਲ ਮਿਲ ਕੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਅੰਬੇਡਕਰਾਈਟ ਲੀਗਰ ਫੋਰਮ, ਜਲੰਧਰ ਵੱਲੋਂ ਗਣਤੰਤਰ ਦਿਵਸ ਦੇ ਮੌਕੇ 'ਤੇ ਡਾ. ਅੰਬੇਡਕਰ ਜੀ ਦਾ ਇਕ ਖੂਬਸੂਰਤ ਪੋਰਟਰੇਟ ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ ਨੂੰ ਭੇਂਟ ਕੀਤੀ ਅਤੇ ਗਣਤੰਤਰ ਦਿਵਸ ਦੀ ਮਹਾਨਤਾ ਤੇ ਚਾਨਣਾ ਪਾਇਆ। ਇਸ ਮੌਕੇ ਮੁੱਖ ਬੁਲਾਰੇ ਐਡਵੋਕੇਟ ਸ੍ਰੀ ਮੋਹਨ ਲਾਲ ਫਿਲੌਰੀਆ ਤੇ ਹਰਭਜਨ ਸਾਂਪਲਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਨਿਰਮਾਣ ਬਾਰੇ ਵਿਸਥਾਰ ਨਾਲ ਸਰੋਤਿਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਬਹੁਤ ਸਾਰੇ ਵਕੀਲ ਸਾਹਿਬਾਨਾਂ ਨੇ ਆਪਣੇ ਵਿਚਾਰ ਇਕ-ਦੂਜੇ ਨਾਲ ਸਾਂਝੇ ਕੀਤੇ। ਇਸ ਮੌਕੇ ਤੇ ਅੰਬੇਡਕਰਾਈਟ ਲੀਗਲ ਫੋਰਮ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿਚ ਐਡਵੋਕੇਟ ਪ੍ਰਿਤਪਾਲ ਸਿੰਘ ਪ੍ਰਧਾਨ, ਰਜਿੰਦਰ ਕੁਮਾਰ ਉਪ ਪ੍ਰਧਾਨ, ਰਾਜੂ ਅੰਬੇਡਕਰ ਜਨਰਲ ਸਕੱਤਰ, ਸ੍ਰੀਮਤੀ ਕਿਰਨ ਬਾਲਾ ਖਜਾਨਚੀ, ਸੂਰਜ ਪ੍ਰਕਾਸ਼ ਲਾਡੀ ਪ੍ਰੈਸ ਸਕੱਤਰ, ਹਰਪ੍ਰੀਤ ਸਿੰਘ ਸਹਾਇਕ ਸਕੱਤਰ ਤੋਂ ਇਲਾਵਾ ਐਗਜ਼ੈਕਟਿਵ ਕਮੇਟੀ ਵਿਚ ਐਡਵੋਕੇਟ ਕਰਨ ਖੁੱਲਰ, ਸ੍ਰੀਮਤੀ ਪਰਵੀਨ ਕੈਂਥ, ਮਧੂ ਰਚਨਾ, ਬਲਦੇਵ ਪ੍ਰਕਾਸ਼ ਰੱਲ੍ਹ, ਮੋਹਨ ਲਾਲ ਫਿਲੌਰੀਆ, ਰਜਿੰਦਰ ਕੁਮਾਰ ਮਹਿਮੀ, ਐਨ. ਆਰ. ਜੱਸਲ, ਕੁਲਦੀਪ ਭੱਟੀ, ਰਮਨ ਕੁਮਾਰ ਮੱਟੂ ਅਤੇ ਤਜਿੰਦਰ ਕੁਮਾਰ ਬੱਧਨ ਚੁਣੇ ਗਏ। ਇਹ ਕਮੇਟੀ ਇਕ ਸਾਲ ਲਈ ਚੁਣੀ ਗਈ।





ਅੱਜ 26 ਜਨਵਰੀ 2019 ਹੈ। ਭਾਰਤ ਦਾ ਪਹਿਲਾ ਗਣਤੰਤਰ ਦਿਵਸ 26 ਜਨਵਰੀ 1950 ਸੀ।



ਇਹ ਦਿਨ ਨੂੰ ਦੇਖਣ ਲਈ ਹਜ਼ਾਰਾਂ ਹਿੰਦੁਸਤਾਨੀਆਂ ਨੇ ਜਾਨ ਵਾਰ ਕੇ ਸ਼ਹੀਦੀ ਜਾਮ ਪੀਤੇ ਤੇ ਅੰਗਰੇਜ਼ ਜਿਸ ਦੇ ਰਾਜ ਵਿੱਚ ਸੂਰਜ ਨਹੀਂ ਸੀ ਛੂਪਦਾ ਨੂੰ ਵਾਪਿਸ ਬਰਤਾਨੀਆਂ ਦਾ ਰਾਹ ਦਿਖਾਇਆ।

ਸਮਾਂ ਧਿਆਨ ਮੰਗਦਾ ਹੈ ਕਿ ਜਦੋਂ ਹਿੰਦੁਸਤਾਨ ਦੀ ਅਜ਼ਾਦੀ ਲਈ ਵੱਖ ਵੱਖ ਪਾਰਟੀਆਂ ,ਜੱਥੇਬੰਦੀਆਂ ਸੰਘਰਸ਼ ਕਰ ਰਹੀਆਂ ਸਨ ਉਨ੍ਹਾ ਦਾ ਨਾਅਰਾ ਸੀ ਧਰਮ ਆਪਣਾ ਆਪਣਾ 'ਅਜ਼ਾਦੀ' ਅੰਗਰੇਜ਼ ਤੋਂ ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਸਾਂਝੀ।

ਅੱਜ ਵੀ ਸਾਨੂੰ ਹੱਕ ਸੱਚ ਤੇ ਭਾਰਤੀ ਸਮਾਜ ਦੀ ਖ਼ੁਸ਼ਹਾਲੀ ਲਈ ਇੱਕ ਐਸਾ ਮੁਹਾਜ਼ ਬਣਾਉਣ ਦੀ ਲੋੜ ਹੈ ।

ਭਾਰਤ ਦੇ ਸੰਵਿਧਾਨ ਨੂੰ ਆਦਰ ਭੇਂਟ ਕਰੀਏ। ਸ਼ਹੀਦਾਂ ਨੂੰ ਯਾਦ ਕਰੀਏ।

# ਡਾ.ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਤੇ ਸਿੱਖਿਆ ਸੈਮੀਨਾਰ ਅਤੇ ਸਿੱਖਿਅਕ ਮੁਕਾਬਲਾ ਕਰਵਾਇਆ ਜਾਵੇਗਾ

**ਜਲੰਧਰ-** ਮਾਨਵ ਕਲਿਆਣ ਐਜੂਕੇਸ਼ਨ ਸੁਸਾਇਟੀ ਰਜਿ. (ਮੈਕਸ) ਪਿਛਲੇ 10 ਸਾਲਾਂ ਤੋਂ ਪੰਜਾਬ ਵਿਚ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਹੈ।

ਇਸ ਸੁਸਾਇਟੀ ਵੱਲੋਂ ਗਰੀਬ ਬੱਚਿਆਂ ਦੀਆਂ ਫੀਸਾਂ, ਯੂਨੀਫਾਰਮ ਅਤੇ ਕਿਤਾਬਾਂ ਦੀ ਸੇਵਾ ਕੀਤੀ ਜਾ ਰਹੀ ਹੈ।

ਇਸਦੇ ਨਾਲ ਇਸ ਸੁਸਾਇਟੀ ਵੱਲੋਂ ਇਕ ਸਿੱਖਿਅਕ ਮੁਕਾਬਲਾ ਵੀ ਕਰਵਾਉਣਾ ਸ਼ੁਰੂ ਕੀਤਾ ਹੈ। ਇਸਦਾ ਮੁਕਾਬਲਾ ਮਿਤੀ 19 ਨਵੰਬਰ 2017 ਨੂੰ ਕਰਵਾਇਆ ਗਿਆ।ਇਸ ਸਿੱਖਿਅਕ ਮੁਕਾਬਲੇ ਵਿਚ ਲੱਗਭੱਗ 1359 ਵਿਦਿਆਰਥੀਆਂ ਨੇ ਭਾਗ ਲਿਆ।

ਇਹਨਾਂ ਵਿਦਿਆਰਥੀਆਂ ਵਿਚੋਂ ਪਹਿਲੇ 125 ਵਿਦਿਆਰਥੀਆਂ ਨੂੰ ਰੁਪਏ 31,450 ਨਕਦ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ। ਇਸ ਸਿੱਖਿਅਕ ਮੁਕਾਬਲੇ ਦਾ ਨਤੀਜਾ ਮਿਤੀ 25 ਫਰਵਰੀ 2018 ਨੂੰ ਜਲੰਧਰ ਦੇ ਰੈਡ ਕ੍ਰਾਸ ਭਵਨ 'ਦੂਸਰੇ ਸਿੱਖਿਅਕ ਸੈਮੀਨਾਰ' ਵਿਖੇ ਐਲਾਨਿਆ ਗਿਆ।

ਇਸ ਸੁਸਾਇਟੀ ਵੱਲੋਂ ਦੂਜੇ ਸਿੱਖਿਅਕ ਮੁਕਾਬਲੇ ਦੀ ਘੋਸ਼ਣਾ 21 ਅਪ੍ਰੈਲ 2019 ਦਿਨ ਐਤਵਾਰ ਨੂੰ ਰੈਡ ਕ੍ਰਾਸ ਭਵਨ ਜਲੰਧਰ ਵਿਖੇ ਚੌਥੇ ਸਿੱਖਿਆ ਸੈਮੀਨਾਰ ਵਿਚ ਕੀਤੀ ਜਾਵੇਗੀ।ਇਹ ਸਿੱਖਿਆ ਸੈਮੀਨਾਰ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਵਜੋਂ ਆਯੋਜਿਤ ਕੀਤਾ ਜਾਵੇਗਾ। ਸੰਸਥਾ ਵੱਲੋਂ ਅਮਰੀਕਾ ਵਿਚ ਵੱਸਦੇ ਦਲਿਤ ਸਮਾਜ ਦੇ ਆਗੂਆਂ ਨੂੰ ਬੇਨਤੀ ਹੈ ਕਿ ਇਸ ਸਿੱਖਿਆ ਸੈਮੀਨਾਰ ਵਿਚ ਸ਼ਾਮਲ ਹੋਵੋ। ਇਹ ਜਾਣਕਾਰੀ ਪ੍ਰਧਾਨ ਸੁਖਦੇਵ ਬੱਤਰਾ ਨੇ ਦਿੱਤੀ।


# ਉੱਘੇ ਸ਼ਾਇਰ ਰਾਏਚੰਦ ਰਾਏ ਦੀ ਬਰਸੀ ਤੇ ਕਵੀ ਦਰਬਾਰ ਕਰਵਾਇਆ ਗਿਆ

**ਅਲਾਵਲਪੁਰ (ਮਦਨ ਬੰਗੜ)-** ਉਰਦੂ ਪੰਜਾਬੀ ਦੇ ਉੱਘੇ ਅਦੀਬ ਸ਼ਾਇਰ ਆਲਮ ਫਾਜ਼ਲ ਜਨਾਬ ਰਾਏ ਚੰਦ ਰਾਏ ਦੀ ਚਿਰ ਸਦੀਵੀ ਯਾਦ ਨੂੰ ਤਾਜ਼ਾ ਰੱਖਣ ਹਿੱਤ ਉਨ੍ਹਾਂ ਦੀ ਸਾਲਾਨਾ ਬਰਸੀ ਸਬੰਧੀ ਵਿਸ਼ੇਸ਼ ਸਮਾਗਮ ਤੇ ਕਵੀ ਦਰਬਾਰ ਹਜ਼ਰਤ ਬਾਬਾ ਮਾਗੂ ਸ਼ਾਹ ਦਰਬਾਰ ਰੰਧਾਵਾ ਮਸੰਦਾਂ ਵਿਖੇ ਆਯੋਜਿਤ ਕਰਵਾਇਆ ਗਿਆ ਇਹ ਸਮਾਗਮ ਸਾਈ ਕੁੰਦਨ ਲਾਲ ਜੀ ਮੌਜੂਦਾ ਗੱਦੀ ਨਸ਼ੀਨ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ ਕਵੀ ਦਰਬਾਰ ਦਾ ਆਗਾਜ਼ ਪ੍ਰਿੰਸੀਪਲ ਸੁਰਿੰਦਰ ਮੱਲ ਵੱਲੋਂ ਕੀਤਾ ਗਿਆ ਜਿਨ੍ਹਾਂ ਨੇ ਰਾਏ ਚੰਦ ਰਾਏ ਦੇ ਜੀਵਨ ਸਬੰਧੀ ਚਾਨਣਾ ਪਾਇਆ, ਸ਼ਾਇਰ-ਗਾਇਕ ਸਿਕੰਦਰ ਸਿੰਘ ਨੇ "ਗੋਰਿਆਂ ਦੇ ਦੇਸ਼ ਨਹੀਂ ਜੀਅ ਲੱਗਦਾ ਚਿੱਤ ਕਰਦਾ ਪੰਜਾਬ ਮੁੜ ਆਵਾਂ" ਪੇਸ਼ ਕੀਤਾ ਪ੍ਰਸਿੱਧ ਸ਼ਾਇਰ ਚਰਨ ਸੀਚੇਵਾਲਵੀ, ਆਸ਼ੀ ਈਸਪੁਰੀ, ਲਾਲੀ ਕਰਤਾਰਪੁਰੀ, ਸੁਜਾਨ ਸਿੰਘ ਸੁਜਾਨ, ਕੇਵਲ ਕਿਸ਼ੋਰ ਸ਼ੈਲੀ, ਰਘਵੀਰ ਸਿੰਘ ਪ੍ਰੇਮੀ, ਆਦਿ ਵੱਲੋਂ ਆਪਣੀਆਂ ਦਮਦਾਰ ਰਚਨਾਵਾਂ ਦੁਆਰਾ ਇਕੱਤਰ ਸੰਗਤਾਂ ਨੂੰ ਬੰਨ੍ਹ ਕੇ ਬਿਠਾ ਦਿੱਤਾ ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਪ੍ਰਿੰਸੀਪਲ ਆਰ ਐਲ ਸ਼ੈਲੀ ਨੇ ਆਖਿਆ ਕਿ ਜਨਾਬ ਰਾਏ ਸਾਹਿਬ ਬਹੁਤ ਹੀ ਉੱਘੇ ਸ਼ਾਇਰ, ਅਧਿਆਪਕ ਤੇ ਬਹੁਤ ਹੀ ਸੁਲਝੇ ਹੋਏ ਪ੍ਰਤਿਭਾ ਦੇ ਮਾਲਕ ਸਨ ਸ਼ਾਇਰੀ ਉਨ੍ਹਾਂ ਦੇ ਰੋਮ ਰੋਮ ਵਿੱਚ ਵਾਸ ਕਰਦੀ ਸੀ ਇਸ ਮੌਕੇ ਜਗਦੀਸ਼ ਮੱਲ, ਇੰਦਰਜੀਤ ਜੱਜ, ਨਰਿੰਦਰ ਸ਼ੈਲੀ, ਰਵਿੰਦਰ ਭਾਖੜੀ, ਸੁਰੇਸ਼ ਸ਼ੈਲੀ, ਈਸ਼ਵਰ ਸਰੂਪ, ਪ੍ਰਿੰਸੀਪਲ ਰਾਮ ਲਾਲ ਸ਼ੈਲੀ, ਓਮ ਪ੍ਰਕਾਸ਼ ਮੱਲ, ਚਮਨ ਲਾਲ, ਰੂਪ ਲਾਲ, ਕਮਲ ਕਿਸ਼ੋਰ ਸ਼ੈਲੀ ਆਦਿ ਹਾਜ਼ਰ ਸਨ ਮੰਚ ਸੰਚਾਲਕ ਆਸ਼ੀ ਈਸਪੁਰੀ ਨੇ ਬਾਖੂਬੀ ਨਿਭਾਇਆ ਸਮਾਗਮ ਤੋਂ ਬਾਅਦ ਆਏ ਹੋਏ ਕਵੀਆਂ ਅਦੀਬਾਂ ਨੂੰ ਸਨਮਾਨਿਤ ਵੀ ਕੀਤਾ ਗਿਆ



# ਜਮਹੂਰੀਅਤ ਦੇ ਆਦਰਸ਼ਾਂ ਦੇ ਆਧਾਰ ’ਤੇ ਹੋਵੇਗੀ ਲੋਕ ਸਭਾ ਚੋਣ: ਕੋਵਿੰਦ

ਨਵੀਂ ਦਿੱਲੀ- ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਨੂੰ ਸਪੱਸ਼ਟ ਤੇ ਉੱਚੀ ਸੁਰ ਵਿੱਚ ਸੱਦਾ ਦਿੱਤਾ ਕਿ ਉਹ ਵੋਟਿੰਗ ਦੇ ’ਪਵਿੱਤਰ ਕਾਰਜ’ ਨੂੰ ਜ਼ਰੂਰ ਪੂਰਾ ਕਰਨ। ਉਨ੍ਹਾਂ ਕਿਹਾ ਕਿ ਇਸ ਸਾਲ ਦੀਆਂ ਚੋਣਾਂ ‘ਸਦੀ ਵਿੱਚ ਆਉਣ ਵਾਲਾ ਇਕ ਮੌਕਾ’ ਹੈ, ਜੋ ਬਾਕੀ ਰਹਿੰਦੀ 21ਵੀਂ ਸਦੀ ਨੂੰ ਨਵਾਂ ਆਕਾਰ ਦੇਵੇਗਾ। ਉਨ੍ਹਾਂ ਕਿਹਾ ਕਿ ਚੋਣਾਂ ਮਹਿਜ਼ ਕੋਈ ਸਿਆਸੀ ਮਸ਼ਕ ਨਹੀਂ ਹਨ ਬਲਕਿ ਸਿਆਣਪ ਮੁਤਾਬਕ ਦਿੱਤਾ ਜਾਣ ਵਾਲਾ ਸਾਂਝਾ ਸੱਦਾ ਤੇ ਸਾਂਝੀ ਪੇਸ਼ਕਦਮੀ ਹੈ। ਉਨ੍ਹਾਂ ਕਿਹਾ ਕਿ ਜਮਹੂਰੀਅਤ ਦੇ ਨਵੇਂ ਵਿਚਾਰਾਂ ਤੇ ਆਦਰਸ਼ਾਂ ਦੇ ਆਧਾਰ ’ਤੇ 17ਵੀਂ ਲੋਕ ਸਭਾ ਦੀ ਚੋਣ ਹੋਵੇਗੀ।



70ਵੇਂ ਗਣਤੰਤਰ ਦਿਵਸ ਦੀ ਪੂਰਬਲੀ ਸੰਧਿਆ ’ਤੇ ਰਾਸ਼ਟਰ ਦੇ ਨਾਂ ਆਪਣੇ ਸੰਦੇਸ਼ ਵਿੱਚ ਰਾਸ਼ਟਰਪਤੀ ਨੇ ਕਿਹਾ ਕਿ ਬਹੁਲਵਾਦ, ਭਾਰਤ ਦੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਕਿਹਾ ਕਿ ਏਕਤਾ ਵਿੱਚ ਅਨੇਕਤਾ, ਜਮਹੂਰੀਅਤ ਤੇ ਵਿਕਾਸ ਵਿਸ਼ਵ ਲਈ ਇਕ ਮਿਸਾਲ ਹਨ। ਉਨ੍ਹਾਂ ਕਿਹਾ ਕਿ ਭਾਰਤ ਇਸ ਵੇਲੇ ਅਹਿਮ ਮੁਕਾਮ ’ਤੇ ਹੈ ਅਤੇ ਸਾਡਾ ਅੱਜ ਦਾ ਫੈਸਲਾ 21ਵੀਂ ਸਦੀ ਦੇ ਭਾਰਤ ਦਾ ਸਵਰੂਪ ਨਿਰਧਾਰਿਤ ਕਰੇਗਾ। ਉਨ੍ਹਾਂ ਕਿਹਾ ਕਿ ਅਗਾਮੀ ਚੋਣਾਂ ਇਸ ਲਿਹਾਜ਼ ਨਾਲ ਵਿਸ਼ੇਸ਼ ਹੋਣਗੀਆਂ ਕਿ 21ਵੀਂ ਸਦੀ ’ਚ ਜਨਮ ਲੈਣ ਵਾਲੇ ਵੋਟਰ ਪਹਿਲੀ ਵਾਰ ਵੋਟਾਂ ਪਾਉਣਗੇ ਤੇ ਨਵੀਂ ਲੋਕ ਸਭਾ ਦੇ ਗਠਨ ਵਿੱਚ ਆਪਣਾ ਯੋਗਦਾਨ ਪਾਉਣਗੇ। ਰਾਸ਼ਟਰਪਤੀ ਨੇ ਕਿਹਾ, ’ਦੇਸ਼ ਦੇ ਸਰੋਤਾਂ ’ਤੇ ਸਾਡੇ ਸਾਰਿਆਂ ਦਾ ਬਰਾਬਰ ਦਾ ਹੱਕ ਹੈ। ਸਾਡਾ ਬਹੁਲਵਾਦ, ਜਮਹੂਰੀਅਤ ਤੇ ਵਿਕਾਸ ਪੂਰੇ ਵਿਸ਼ਵ ਲਈ ਮਿਸਾਲ ਹੈ।’ ਉਨ੍ਹਾਂ ਕਿਹਾ ਕਿ ਸਾਡੇ ਗਣਰਾਜ ਨੇ ਲੰਮਾ ਪੈਂਡਾ ਤੈਅ ਕੀਤਾ ਹੈ, ਪਰ ਅਜੇ ਵੀ ਬਹੁਤ ਅੱਗੇ ਜਾਣਾ ਹੈ। ਜਨਰਲ ਵਰਗ ਦੇ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਨੂੰ ਦਿੱਤੇ 10 ਫੀਸਦ ਰਾਖਵਾਂਕਰਨ ਦਾ ਹਵਾਲਾ ਦਿੰਦਿਆਂ ਰਾਸ਼ਟਰਪਤੀ ਕੋਵਿੰਦ ਨੇ ਕਿਹਾ ਕਿ ਇਹ ਗਰੀਬ ਪਰਿਵਾਰਾਂ ਦੇ ਹੋਣਹਾਰ ਬੱਚਿਆਂ ਨੂੰ ਵਿਸ਼ੇਸ਼ ਸਹੂਲਤਾਂ ਦਿੰਦਿਆਂ ਸੁਪਨਿਆਂ ਦੇ ਭਾਰਤ ਵੱਲ ਇਕ ਹੋਰ ਕਦਮ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਨੌਜਵਾਨ ਮਹਿਲਾਵਾਂ ਅੱਜ ਹਰ ਖੇਤਰ ਵਿੱਚ ਅੱਗੇ ਹਨ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਹੈ ਜਦੋਂ ਮੁਲਕ ਗਰੀਬੀ ਨੂੰ ਜੜ੍ਹੋਂ ਪੁੱਟਣ ਦੀ ਕਗਾਰ ’ਤੇ ਹੈ ਤੇ ਸਿਹਤ ਸੇਵਾਵਾਂ ਸਮੇਤ ਹੋਰ ਕਈ ਲੋਕ ਪੱਖੀ ਪ੍ਰੋਗਰਾਮਾਂ ਦੀ ਸ਼ੁਰੂਆਤ ਹੋਈ ਹੈ।

# ਸੰਸਦ ’ਚ ਔਰਤਾਂ ਲਈ ਰਾਖ਼ਵਾਂਕਰਨ ਯਕੀਨੀ ਬਣਾਵਾਂਗੇ: ਰਾਹੁਲ

**ਕੋਚੀ–** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਇੱਥੇ ਕਿਹਾ ਕਿ ਜੇ ਪਾਰਟੀ 2019 ਦੀਆਂ ਚੋਣਾਂ ਤੋਂ ਬਾਅਦ ਸੱਤਾ ਸੰਭਾਲਦੀ ਹੈ ਤਾਂ ਸੰਸਦ ਤੇ ਵਿਧਾਨ ਸਭਾਵਾਂ ਵਿਚ ਔਰਤਾਂ ਨੂੰ 33 ਫੀਸਦ ਰਾਖ਼ਵਾਂਕਰਨ ਦੇਣ ਬਾਰੇ ਬਿੱਲ ਨੂੰ ਪਹਿਲ ਦੇ ਆਧਾਰ ’ਤੇ ਪਾਸ ਕੀਤਾ ਜਾਵੇਗਾ। ਉਨ੍ਹਾਂ ਨੂੰ ਅੱਜ ਇੱਥੇ ਇਕ ਪਾਰਟੀ ਵਰਕਰ ਨੇ ਕਿਹਾ ਸੀ ਕਿ ਔਰਤ ਉਮੀਦਵਾਰਾਂ ਦੀ ਗਿਣਤੀ ਵਧਾਏ ਜਾਣ ਦੀ ਲੋੜ ਹੈ। ਸੰਸਦ ਵਿਚ ਔਰਤਾਂ ਲਈ 33 ਫੀਸਦ ਰਾਖ਼ਵੇਂਕਰਨ ਦਾ ਬਿੱਲ ਕਈ ਚਿਰ ਤੋਂ ਲਟਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ 2019 ਵਿਚ ਜਿੱਤਣ ਦੀ ਸੂਰਤ ’ਚ ਉਹ ਪਹਿਲਾ ਕੰਮ ਇਹੀ ਕਰਨਗੇ। ਰਾਹੁਲ ਗਾਂਧੀ ਨੇ ਕਿਹਾ ਕਿ ਉਹ ਔਰਤਾਂ ਨੂੰ ਨੁਮਾਇੰਦਗੀ ਦੇਣ ਦੇ ਹੱਕ ਵਿਚ ਹਨ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਵਿਅੰਗ ਕੱਸਦਿਆਂ ਕਿਹਾ ਕਿ ਉਨ੍ਹਾਂ ਆਪਣੇ 15 ਮਿੱਤਰਾਂ ਲਈ ’ਵੱਧੋ-ਵੱਧ ਆਮਦਨ ਗਾਰੰਟੀ’ ਦਾ ਵਾਅਦਾ ਵਫ਼ਾ ਕੀਤਾ ਹੈ। ਦੱਸਣਯੋਗ ਹੈ ਕਿ ਰਾਹੁਲ ਨੇ ਸੋਮਵਾਰ ਨੂੰ ਗਰੀਬ ਤਬਕੇ ਲਈ ’ਘੱਟੋ-ਘੱਟ ਆਮਦਨ ਗਾਰੰਟੀ’ ਦੇਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਪਾਰਟੀ ਕੇਰਲ ਦੀਆਂ ਔਰਤਾਂ ਤੇ ਧਾਰਮਿਕ ਰਵਾਇਤਾਂ ਦਾ ਸਨਮਾਨ ਕਰਦੀ ਹੈ, ਪਰ ਹਿੰਸਕ ਘਟਨਾਵਾਂ ਦੀ ਨਿਖੇਧੀ ਕਰਦੀ ਹੈ।

### ਪਰੀਕਰ ਦਾ ਹਾਲ-ਚਾਲ ਪੁੱਛਿਆ

ਪਣਜੀ: ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਗੋਆ ਦੇ ਮੁੱਖ ਮੰਤਰੀ ਮਨੋਹਰ ਪਰੀਕਰ ਨਾਲ ਇੱਥੇ ਰਾਜ ਵਿਧਾਨ ਸਭਾ ਕੰਪਲੈਕਸ ਵਿਚ ਮੁਲਾਕਾਤ ਕਰ ਕੇ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ। ਦੱਸਣਯੋਗ ਹੈ ਕਿ ਪਰੀਕਰ (63) ਬਿਮਾਰੀ ਕਾਰਨ ਕੁਝ ਸਮਾਂ ਹਸਪਤਾਲ ਦਾਖ਼ਲ ਰਹੇ ਹਨ। ਭਾਜਪਾ ਦੀ ਅਗਵਾਈ ਵਾਲੇ ਸੂਬੇ ਦੇ ਮੁੱਖ ਮੰਤਰੀ ਨਾਲ ਰਾਹੁਲ ਦੀ ਇਹ ਮੁਲਾਕਾਤ ਕਾਂਗਰਸ ਪ੍ਰਧਾਨ ਵੱਲੋਂ ਸੋਮਵਾਰ ਕੀਤੇ ਉਸ ਦਾਅਵੇ



ਤੋਂ ਬਾਅਦ ਆਈ ਹੈ ਜਿਸ ਵਿਚ ਉਨ੍ਹਾਂ ’ਰਾਫਾਲ ਸੌਦੇ’ ਨਾਲ ਸਬੰਧਤ ’ਗੋਆ ਆਡੀਓ ਟੇਪ’ ਨੂੰ ਬਿਲਕੁਲ ਅਸਲੀ ਦੱਸਿਆ ਸੀ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਚੰਦਰਕਾਂਤ ਕਾਵਲੇਕਰ ਨੇ ਕਿਹਾ ਕਿ ਇਸ ਮੁਲਾਕਾਤ ਦੌਰਾਨ ਕੋਈ ਸਿਆਸੀ ਵਿਚਾਰ ਨਹੀਂ ਹੋਈ। ਗੋਆ ਦੇ ਮੰਤਰੀ ਵਿਜਈ ਸਰਦੇਸਾਈ ਨੇ ਕਾਂਗਰਸ ਪ੍ਰਧਾਨ ਦੀ ਪਰੀਕਰ ਨਾਲ ਮੁਲਾਕਾਤ ਨੂੰ ’ਸਿਆਸਤ ’ਚ ਸਾਕਾਰਾਤਮਕ ਸੋਚ’ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਰਾਹੁਲ ਨੇ ਪਹਿਲਾਂ ਵੀ ਕਈ ਵਾਰ ਫੋਨ ’ਤੇ ਮੁੱਖ ਮੰਤਰੀ ਦੀ ਸਿਹਤ ਬਾਰੇ ਜਾਣਕਾਰੀ ਲਈ ਹੈ

# ਬਸਪਾ ਦੁਆਰਾ ਗਣਤੰਤਰ ਦਿਵਸ ਤੇ ਜਾਰੀ ਕੀਤਾ ਗਿਆ ਕੌਮ ਦੇ ਨਾਂ ਸੰਦੇਸ਼

ਸਾਰੇ ਦੇਸ਼ ਵਾਸੀਆਂ, ਵੀਰ ਸੈਨਿਕਾਂ ਅਤੇ ਜਵਾਨਾਂ ਅਤੇ ਖਾਸ ਕਰਕੇ ਉਤਰ ਪ੍ਰਦੇਸ਼ ਦੇ ਸਾਰੇ ਨਾਗਰਿਕਾਂ ਨੂੰ 70ਵੇਂ ਗਣਤੰਤਰ ਦਿਵਸ ਦੀਆਂ ਲੱਖ ਲੱਖ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਬਸਪਾ ਦੀ ਕੌਮੀ ਪ੍ਰਧਾਨ, ਉਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਸਾਬਕਾ ਸਾਂਸਦ ਕੁਮਾਰੀ ਮਾਇਆਵਤੀ ਜੀ ਨੇ ਕਿਹਾ ਕਿ ਹੁਣ ਕੁਝ ਨਵਾਂ ਕਰਨ ਦਾ ਸਮਾਂ ਨਜ਼ਦੀਕ ਆ ਗਿਆ ਹੈ ਤਾਂ ਜੋ ਦੇਸ਼ ਦਾ ਸੰਵਿਧਾਨ ਆਪਣੀ ਸੱਚੀ ਨਿਸ਼ਠਾ ਅਤੇ ਭਾਵਨਾ ਦੇ ਨਾ ਜਨਹਿਤ ਅਤੇ ਜਨ ਕਲਿਆਣ ਦੀ ਸਾਧਨਾ ਕਰਕੇ ਦੇਸ਼ ਦੀ ਲੱਗਭੱਗ ਸਵਾ ਸੌ ਕਰੋੜ ਤੋਂ ਜ਼ਿਆਦਾ ਗਰੀਬ ਅਤੇ ਮਿਹਨਤਕਸ਼ ਆਮ ਜਨਤਾ ਦਾ ਜੀਵਨ ਸੰਵਾਰਿਆ ਜਾ ਸਕੇ।

ਗਣਤੰਤਰ ਦਿਵਸ ਤੇ ਆਪਣੇ ਵਧਾਈ ਸੰਦੇਸ਼ ਵਿਚ ਕੁਮਾਰੀ ਮਾਇਟਾਵਤੀ ਨੇ ਕਿਹਾ ਕਿ ਆਜ਼ਾਦੀ ਦਿਵਸ ਤੋਂ ਬਾਅਦ ਗਣਤੰਤਰ ਦਿਵਸ ਹੀ ਉਹ ਮਹਾਨ ਦਿਨ ਹੈ, ਬਲਕਿ ਰਾਸ਼ਟਰੀ ਤਿਉਹਾਰ ਹੈ, ਜਿਸਦਾ ਦੇਸ਼ ਦੀ ਆਮ ਜਨਤਾ ਦੇ ਜੀਵਨ ਵਿਚ ਵਿਸ਼ੇਸ਼ ਮਹੱਤਵ ਹੈ। ਇਸੇ ਹੀ ਦਿਨ ਤੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਮਾਨਵਤਾਵਾਦੀ ਸੰਵਿਧਾਨ ਦੇਸ਼ ਵਿਚ ਲਾਗੂ ਹੋਇਟਾ ਅਤੇ ਸਾਰੇ ਸਮਾਜ, ਹਰ ਵਰਗ ਅਤੇ ਹਰ ਅਮੀਰ-ਗਰੀਬ ਨੂੰ ਸਮਾਨਤਾ ਦੇ ਸੂਤਰ ਵਿਚ ਬੰਨ੍ਹਣ ਵਾਲਾ ’ਇਕ ਵਿਅਕਤੀ-ਇਕ ਵੋਟ ਅਤੇ ਹਰ ਵੋਟ ਦਾ ਇਕ ਬਰਾਬਰ ਮੁੱਲ’ ਦਾ ਕ੍ਰਾਂਤੀਕਾਰੀ ਸਿਧਾਂਤ ਲਾਗੂ ਹੋਇਆ, ਜੋ ਖਾਸ ਕਰਕੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੇ ਲੋਕਾਂ ਦੇ ਲਈ ਆਪਣਾ ਜੀਵਨ ਸੁਧਾਰਨ ਦਾ ਬਹੁਤ ਵੱਡਾ ਵਰਦਾਨ ਹੈ, ਜਿਸਨੂੰ ਚੋਣਾਂ ਦੇ ਵਕਤ ਕਦੀ ਵੀ ਗੁਆਉਣਾ ਨਹੀਂ ਚਾਹੀਦਾ।

70ਵਾਂ ਗਣਤੰਤਰ ਦਿਵਸ ਅਸਲ ਵਿਚ ਵਿਚਾਰ ਕਰਨ ਦਾ ਸਮਾਂ ਹੈ ਕਿ ਇਹਨਾਂ ਸਾਲਾਂ ਵਿਚ ਵੱਖ-ਵੱਖ ਪਾਰਟੀਆਂ ਦੀ ਖਾਸ ਕਰਕੇ ਕੇਂਦਰ ਵਿਚ ਰਹੀਆਂ ਸਰਕਾਰਾਂ ਅਤੇ ਸਰਵ ਸਮਾਜ ਦੇ ਗਰੀਬਾਂ,



ਮਜ਼ਦੂਰਾਂ, ਕਿਸਾਨਾਂ ਆਦਿ ਦੇ ਨਾਲ-ਨਾਲ ਦਲਿਤਾਂ, ਆਦਿਵਾਸੀਆਂ ਅਤੇ ਹੋਰ ਪੱਛੜੇ ਵਰਗ ਅਤੇ ਮੁਸਲਿਮ ਅਤੇ ਹੋਰ ਧਾਰਮਿਕ ਘੱਟ ਗਿਣਤੀ ਵਰਗ ’ਤੇ ਆਧਾਰਿਤ ਬਹੁਜਨ ਸਮਾਜ ਨੇ ਕੀ ਪਾਇਆ ਅਤੇ ਉਹਨਾਂ ਦੇ ਜੀਵਨ ਵਿਚ ਕੀ ਕੋਈ ਬਿਹਤਰ ਬਦਲਾਅ ਆਇਆ ਹੈ। ਕੀ ਉਹਨਾਂ ਨੂੰ ਜਾਤੀਵਾਦੀ ਸ਼ਰਾਪ ਤੋਂ ਮੁਕਤੀ ਮਿਲੀ ਹੈ? ਉਹਨਾਂ ਦੇ ਨਾਲ ਸਰਕਾਰੀ ਵਿਤਕਰਾ ਅਤੇ ਤ੍ਰਿਸਕਾਰ ਖਤਮ ਹੋ ਕੇ ਕੀ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਆਦਿ ਵਿਚ ਲੋੜੀਂਦੀ ਹਿੱਸੇਦਾਰ ਮਿਲੀ ਹੈ?

ਕੁਮਾਰੀ ਮਾਇਆਵਤੀ ਨੇ ਕਿਹਾ ਕਿ ਦੇਸ਼ ਦੀ ਗਰੀਬ ਅਤੇ ਅਤੀ-ਲੋੜਵੰਦ ਆਮ ਜਨਤਾ ਦੇ ਹਿੱਤ ਦੇ ਸਬੰਧ ਵਿਚ ਹੁਣ ਤੱਕ ਦਾ ਤਜਰਬਾ ਤਾਂ ਇਹੀ ਦੱਸਦਾ ਹੈ ਕਿ ਸੰਵਿਧਾਨ ਨੂੰ ਉਸਦੀ ਅਸਲ ਜਨਹਿਤ ਅਤੇ ਜਨਕਲਿਆਣਕਾਰੀ ਇੱਛਾ ਦੇ ਹਿਸਾਬ ਨਾਲ ਲਾਗੂ ਹੀ ਨਹੀਂ ਕੀਤਾ ਗਿਆ ਵਰਨਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਤੋਂ ਹੁਣ ਤੱਕ ਸੱਤ ਦਹਾਕਿਆਂ ਤੋਂ ਜ਼ਿਆਦਾ ਵਕਤ ਵਿਚ ਦੇਸ਼ ਦੇ ਲੋਕਾਂ ਦੀ ਤਕਦੀਰ ਕਾਫੀ ਕੁਝ ਸੰਵਰ ਗਈ ਹੁੰਦੀ ਅਤੇ ਦੇਸ਼ ਵਿਚ ਹਰ ਪਾਸੇ ਛਾਈ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਆਦਿ ਕਾਫੀ ਕੁਝ ਦੂਰ ਹੋ ਗਈ ਹੁੰਦੀ।ਪਰ ਲੋਕਾਂ ਨੂੰ ਆਪਦੀ ਹਾਲਤ ਸੁਧਰਨ ਅਤੇ ਹੋਰਾਂ ਦੀ ਸੁਧਾਰਨ ਦਾ ਮੌਕਾ ਆਮ ਚੋਣਾਂ ਦਿੰਦੀਆਂ ਹਨ, ਜਿਸਦੇ ਖਾਸ ਮਹੱਤਵ ਨੂੰ ਹੁਣ ਸੱਚੇ ਦੇਸ਼ ਹਿੱਤ ਵਿਚ ਸਮਝਣ ਅਤੇ ਉਸ ’ਤੇ ਅਮਲ ਕਰਨ ਦੀ ਵੀ ਸਖਤ ਲੋੜ ਹੈ। ਇਹੀ ਗਣਤੰਤਰ ਦਿਵਸ ਦਾ ਅਸਲੀ ਸੰਦੇਸ਼ ਹੈ। ਕੇਂਦਰ ਦੀ ਵਰਤਮਾਨ ਭਾਜਪਾ ਸਰਕਾਰ ਨੇ ਭਾਰਤੀ ਗਣਤੰਤਰ ਦੇ ਮੁੱਲਾਂ ਅਤੇ ਸਿਧਾਂਤਾਂ ਨੂੰ ਤਾਕ ਤੇ ਰੱਖ ਕੇ ਜਿਸ ਤਰ੍ਹਾਂ ਇਸਨੂੰ ਆਪਣੇ ’ਮਨ ਤੰਤਰ’ ਦੀ ਸੰਕੀਰਨਤਾ ਵਿਚ ਧਕੇਲਣ ਦੀ ਕੋਸ਼ਿਸ਼ ਆਪਣੇ ਸ਼ਾਸਨ ਦੇ ਪਿਛਲੇ ਪੰਜ ਸਾਲਾਂ ਵਿਚ ਕੀਤੀ ਹੈ, ਉਹ ਗਲਤ ਅਤੇ ਅਤੀ-ਬਦਕਿਸਮਤੀ ਵਾਲਾ ਹੈ।




# ਆਜ਼ਾਦੀ ਸੰਗਰਾਮੀਆਂ ਦੇ ਸੁਪਨੇ ਅਤੇ ਜਮਹੂਰੀ ਹੱਕ 'ਤੇ ਚਰਚਾ, ਲੋਕ-ਮੁਕਤੀ ਲਈ ਲੋਕ-ਸੰਗਰਾਮ ਜ਼ਰੂਰੀ: ਵਿਦਵਾਨਾਂ ਦਾ ਮਤਾ

**ਜਲੰਧਰ–** ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਪ੍ਰੋ. ਬਰਕਤ ਉੱਲਾ, ਸੋਹਣ ਲਾਲ ਪਾਠਕ, ਮੇਵਾ ਸਿੰਘ ਲੋਪੋਕੇ, ਸੇਵਾ ਸਿੰਘ ਠੀਕਰੀਵਾਲ, ਸੁਭਾਸ਼ ਚੰਦਰ ਬੋਸ, ਮੰਗੂ ਰਾਮ ਮੁਗੋਵਾਲੀਆ, ਜੈਤੋ ਦਾ ਮੋਰਚਾ, ਕੂਕਾ ਲਹਿਰ ਦੇ ਸ਼ਹੀਦ, ਆਖਰੀ ਦਮ ਤੱਕ ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਗਵਾਈ ਕਰਦੇ ਰਹੇ ਕਾਮਰੇਡ ਗੰਧਰਵ ਸੈਨ ਕੋਛੜ ਅਤੇ ਕਾਮਰੇਡ ਚੈਨ ਸਿੰਘ ਚੈਨ ਸਮੇਤ ਦਰਜਣਾਂ ਸੰਗਰਾਮੀਆਂ ਦੀ ਯਾਦ 'ਚ ਅੱਜ ਵਿਸ਼ੇਸ਼ ਸਮਾਗਮ ਕੀਤਾ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ. ਭੀਮਇੰਦਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੀ ਪ੍ਰਧਾਨਗੀ 'ਚ ਹੋਏ ਇਸ ਸਮਾਗਮ 'ਚ "ਆਜ਼ਾਦੀ ਸੰਗਰਾਮੀਆਂ ਦੇ ਸੁਪਨੇ ਅਤੇ ਅਜੋਕੇ ਸਮੇਂ ਜਮਹੂਰੀ ਹੱਕਾਂ ਉੱਪਰ ਹਮਲੇ" ਵਿਸ਼ੇ ਉਪਰ ਗੰਭੀਰ ਚਰਚਾ ਹੋਈ। ਕਮੇਟੀ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਇਨਕਲਾਬੀ ਵਿਰਾਸਤ ਨੂੰ ਸਾਡੇ ਸਮਿਆਂ ਦੀਆਂ ਚੁਣੌਤੀਆਂ ਨਾਲ ਮੇਲ ਕੇ ਤੁਰਨ ਦੀ ਲੋੜ ਹੈ, ਤਾਂ ਜੋ ਆਜ਼ਾਦੀ ਸੰਗਰਾਮੀਆਂ ਦੇ ਸੁਪਨੇ ਪੂਰੇ ਕੀਤੇ ਜਾ ਸਕਣ।

ਵਿਚਾਰ-ਚਰਚਾ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਲੇਖਕ ਚਰੰਜੀ ਲਾਲ ਕੰਗਣੀਵਾਲ ਵੱਲੋਂ ਜਨਵਰੀ ਮਹੀਨੇ ਨਾਲ ਸਬੰਧਤ ਸਮੂਹ ਦੇਸ਼ ਭਗਤਾਂ ਦੇ ਜੀਵਨ ਦੀ ਅਮੁੱਲੀ ਅਤੇ ਅਮਿੱਟ ਦੇਣ ਨੂੰ ਨਿਖ਼ਾਰਕੇ ਪੇਸ਼ ਕਰਨ ਨਾਲ ਹੋਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਡਾ. ਭੀਮਇੰਦਰ ਨੇ ਸਮਾਗਮ 'ਚ ਬੋਲਦਿਆਂ ਕਿਹਾ ਕਿ ਅੱਜ ਜਦੋਂ ਸ੍ਰੀ ਗੁਰੂ ਨਾਨਕ ਦੇਵ ਦਾ 550ਵਾਂ ਜਨਮ ਦਿਹਾੜਾ ਮਨਾਇਆ ਜਾ ਰਿਹਾ, ਸਾਨੂੰ ਉਹਨਾਂ ਦੇ ਜੀਵਨ ਦੀ ਅਮੁੱਲੀ ਦੇਣ ਵਿਚਾਰ-ਗੋਸ਼ਟੀ ਅਤੇ ਸੰਵਾਦ ਜਾਰੀ ਰੱਖਣ ਦੇ ਸੰਕਲਪ ਨੂੰ ਉਚਿਆਉਣ ਦੀ ਲੋੜ ਹੈ।




ਉਹਨਾਂ ਕਿਹਾ ਕਿ ਮੁਲਕ ਦੇ ਲੋਕਾਂ ਉਪਰ ਜਿਵੇਂ ਫਾਸ਼ੀ ਹੱਲਾ ਬੋਲਿਆ ਜਾ ਰਿਹਾ ਹੈ, ਇਸਨੂੰ ਠੱਲ੍ਹਣ ਲਈ ਚੇਤਨ ਇਨਕਲਾਬੀ ਲੋਕ-ਸ਼ਕਤੀ ਉਸਾਰਨਾ ਲਾਜ਼ਮੀ ਹੈ। ਡਾ. ਭੀਮਇੰਦਰ ਨੇ ਕਿਹਾ ਕਿ ਸਾਮਰਾਜ ਅਤੇ ਉਸਦੇ ਭਾਰਤੀ ਸੇਵਾਦਾਰਾਂ ਦੀ ਪਿੱਠ ਥਾਪੜਨ ਲਈ ਅੱਜ ਹੱਕ, ਸੱਚ, ਇਨਸਾਫ਼ ਦੀ ਗੱਲ ਕਰਨ ਵਾਲਿਆਂ ਦੀ ਆਵਾਜ਼ ਬੰਦ ਕੀਤੀ ਜਾ ਰਹੀ ਹੈ। ਕਤਲੋਗਾਰਦ, ਜੇਲ੍ਹੀਂ ਸੁੱਟਣ ਅਤੇ ਨੀਮ ਫੌਜੀ ਦਲਾਂ ਨਾਲ ਲੋਕ-ਆਵਾਜ਼ ਦਾ ਗਲਾ ਘੁੱਟਿਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਮਾਰਕਸੀ ਦਰਸ਼ਨ ਦੀ ਰੌਸ਼ਨੀ 'ਚ ਹੀ ਜਮਾਤੀ ਜਦੋ ਜਹਿਦ ਕਰਕੇ, ਗਲਤੀਆਂ ਤੋਂ ਸਿਖਕੇ ਜਿੱਤ ਵੱਲ ਵਧਿਆ ਜਾ ਸਕਦਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਮੁਲਕ ਦੇ ਜਾਣੇ-ਪਹਿਚਾਣੇ ਬੁੱਧੀਜੀਵੀਆਂ ਉਪਰ ਝੂਠੇ ਕੇਸ ਪਾ ਕੇ ਸੀਖਾਂ ਪਿੱਛੇ ਤਾੜਕੇ, ਮੁਲਕ ਦੀ ਸਮੁੱਚੀ ਜਮਹੂਰੀ ਲਹਿਰ ਨੂੰ ਖਾਮੋਸ਼ ਰਹਿਣ ਦੀ ਤਾੜਨਾ ਕੀਤੀ ਜਾ ਰਹੀ ਹੈ ਅਜੇਹੇ ਮਾਰੂ ਹੱਲਿਆਂ ਖਿਲਾਫ਼ ਇੱਕਜੁੱਟ ਹੋ ਕੇ ਜੂਝਣ ਦਾ ਹੋਕਾ ਹੈ ਅੱਜ ਦੀ ਵਿਚਾਰ-ਚਰਚਾ।

ਉਹਨਾਂ ਕਿਹਾ ਕਿ ਲੋਕਾਂ ਦੀ ਮੁਕਤੀ, ਸੂਬੇ ਜਾਂ ਕੇਂਦਰ ਅੰਦਰ ਹਾਕਮਾਂ ਦੀ ਅਦਲਾ-ਬਦਲੀ ਨਾਲ ਨਹੀਂ ਸਗੋਂ ਬੁਨਿਆਦੀ ਪ੍ਰਬੰਧਾਂ ਨੂੰ ਬਦਲਕੇ ਲੋਕਾਂ ਦੀ ਪੁੱਗਤ ਵਾਲਾ ਨਿਜ਼ਾਮ ਸਿਰਜਣ ਵਿੱਚ ਹੈ।

ਡਾ. ਪਰਮਿੰਦਰ ਨੇ ਕਿਹਾ ਕਿ ਜ਼ਮੀਨ ਦੀ ਕਾਣੀ ਵੰਡ ਅਤੇ ਫ਼ਿਰਕੂ ਫਾਸ਼ੀਪੁਣੇ ਖਿਲਾਫ਼ ਸਾਨੂੰ ਲੋਕ-ਸ਼ਕਤੀ ਉਪਰ ਟੇਕ ਰੱਖਣ ਦੀ ਲੋੜ ਹੈ।


ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਜਾਗੀਰੂ-ਸਾਮਰਾਜੀ ਜਕੜ ਤੋੜਨ ਲਈ ਵਿਗਿਆਨ, ਤਰਕ ਰਾਹੀਂ ਇਨਕਲਾਬੀ ਬਦਲ ਉਭਾਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਸੀ.ਬੀ.ਆਈ., ਆਰ.ਬੀ.ਆਈ., ਸੁਪਰੀਮ ਕੋਰਟ ਆਦਿ ਅੰਦਰ ਚੱਲ ਰਹੀ ਤਿੱਖੀ ਹਲਚਲ ਇਹ ਦਰਸਾਉਂਦੀ ਹੈ ਕਿ ਮੌਜੂਦਾ ਪ੍ਰਬੰਧ ਚੌਤਰਫ਼ੇ ਸੰਕਟ 'ਚ ਘਿਰਿਆ ਹੈ, ਜਿਸਨੂੰ ਲੋਕ ਤਾਕਤ ਅਵੱਸ਼ ਹੀ ਹਾਰ ਦੇ ਸਕਦੀ ਹੈ। ਕਮੇਟੀ ਮੈਂਬਰ ਸੀਤਲ ਸਿੰਘ ਸੰਘਾ ਨੇ ਕੂਕਾ ਲਹਿਰ ਦੇ ਹਵਾਲੇ ਨਾਲ ਦੱਸਿਆ ਕਿ ਸਾਨੂੰ ਹਾਕਮ ਚਾਲਾਂ ਤੋਂ ਹਰ ਪਲ ਚੌਕੰਨੇ ਰਹਿਣ ਦੀ ਲੋੜ ਹੈ। ਉਹਨਾਂ ਨੇ ਜਮਾਤੀ ਸੰਘਰਸ਼ ਉਪਰ ਜ਼ੋਰ ਦਿੱਤਾ। ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਕਿਹਾ ਕਿ ਮਹਾਨ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਸਿਰਜੇ ਜਮਹੂਰੀ ਅਧਿਕਾਰਾਂ ਉਪਰ ਵਿਢੇ ਹੱਲਿਆਂ ਨੂੰ ਪਛਾੜਨ ਲਈ ਵਿਚਾਰ-ਚਰਚਾਵਾਂ, ਲੋਕ-ਘੋਲਾਂ ਨੂੰ ਤਾਕਤ ਦੇਣਗੀਆਂ। ਮੰਚ ਸੰਚਾਲਕ ਅਮੋਲਕ ਸਿੰਘ ਵੱਲੋਂ ਕਮੇਟੀ ਦੀ ਤਰਫੋਂ ਸਮਾਗਮ 'ਚ ਰੱਖੇ ਮਤੇ ਹੱਥ ਖੜ੍ਹੇ ਕਰਕੇ ਪਾਸ ਕੀਤੇ ਗਏ ਕਿ ਅਧਿਆਪਕਾਂ ਨੂੰ ਨੌਕਰੀਆਂ ਤੋਂ ਕੱਢਣ ਦਾ ਫੈਸਲਾ ਰੱਦ ਕੀਤਾ ਜਾਏ। ਅਧਿਆਪਕਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕੀਤੀਆਂ ਜਾਣ। ਪੰਜਾਬ ਦੇ ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ ਦੀ ਜ਼ਮੀਨ ਵੇਚਣ ਦੇ ਲਏ ਫੈਸਲੇ ਰੱਦ ਕੀਤੇ ਜਾਣ। ਜ਼ਮਹੂਰੀ ਹੱਕਾਂ ਉਪਰ ਹੱਲੇ ਬੋਲਣੇ ਬੰਦ ਕੀਤੇ ਜਾਣ।

# ਪ੍ਰੋ. ਆਨੰਦ ਤੈਲਤੁੰਬੜੇ ਦੀ ਗ੍ਰਿਫ਼ਤਾਰੀ ਰੋਕਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੇ ਦਿੱਤਾ ਆਵਾਜ਼ ਉਠਾਉਣ ਦਾ ਸੱਦਾ

**ਜਲੰਧਰ–** ਡਾ. ਅੰਬੇਡਕਰ ਦੇ ਜੀਵਨ, ਲਿਖਤਾਂ, ਸੰਘਰਸ਼ ਉਪਰ ਗਹਿਰੀ ਖੋਜ਼ ਕਰਨ ਵਾਲੇ, ਮਹੱਤਵਪੂਰਣ ਵਿਸ਼ਿਆਂ ਉਪਰ ਅੱਧੀ ਦਰਜਣ ਤੋਂ ਵੱਧ ਅੰਗਰੇਜ਼ੀ ਭਾਸ਼ਾ ਵਿੱਚ ਪੁਸਤਕਾਂ ਦੀ ਸਿਰਜਣਾ ਕਰਨ ਵਾਲੇ ਅਤੇ ਗੋਆ ਇੰਸਟੀਚਿਊਟ ਆਫ਼ ਮੈਨੇਜ਼ਮੈਂਟ ਦੇ ਪ੍ਰੋ. ਆਨੰਦ ਤੈਲਤੁੰਬੜੇ ਉਪਰ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨਾਂ ਦੀ ਬੇਦਰੇਗ ਵਰਤੋਂ ਕਰਕੇ ਸੀਖਾਂ ਪਿੱਛੇ ਡੱਕਣ ਲਈ ਕੇਂਦਰੀ ਹਕੂਮਤ ਵੱਲੋਂ ਰੱਸੇ ਪੈੜੇ ਵੱਟੇ ਜਾਣ ਦਾ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਨੇ ਹੰਗਾਮੀ ਵਿਚਾਰ-ਚਰਚਾ ਕਰਕੇ ਜ਼ੋਰਦਾਰ ਵਿਰੋਧ ਕੀਤਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਪ੍ਰੋ. ਆਨੰਦ ਤੈਲਤੁੰਬੜੇ ਨੂੰ ਭੀਮਾ ਕੋਰੇਗਾਓ 'ਚ 1 ਜਨਵਰੀ 2018 ਨੂੰ ਵਾਪਰੀ ਘਟਨਾ 'ਚ ਸ਼ਾਮਲ ਕਰਨ ਦੀ ਮਨਘੜਤ ਯੋਜਨਾ ਤਹਿਤ ਝੂਠੇ ਕੇਸਾਂ 'ਚ ਉਲਝਾਇਆ ਜਾ ਰਿਹਾ ਹੈ, ਜਿਸਦੀ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਬੈਠਕ ਕਰਕੇ ਤਿੱਖੀ ਆਲੋਚਨਾ ਕੀਤੀ ਗਈ।

ਕਮੇਟੀ ਨੇ ਦੋਸ਼ ਲਾਇਆ ਕਿ ਭੀਮਾ ਕੋਰੇਗਾਓਂ 'ਚ ਆਏ ਦਲਿਤਾਂ ਦੇ ਹੜ੍ਹ ਤੋਂ ਘਬਰਾ ਕੇ ਆਰ.ਐਸ.ਐਸ. ਦੇ ਜਾਣੇ-ਪਹਿਚਾਣੇ ਵਿਅਕਤੀਆਂ ਨੇ ਹਿੰਸਾ ਕੀਤੀ, ਉਹ ਸ਼ਰੇਆਮ ਕਾਨੂੰਨ ਦੇ



ਨੱਕ ਹੇਠ ਸੁਰੱਖਿਅਤ ਰੱਖੇ ਜਾ ਰਹੇ ਹਨ।

ਉਲਟਾ ਹਿੰਸਾ ਤੋਂ ਪੀੜਤ ਵਰਗ ਦੀ ਆਵਾਜ਼ ਬਣਨ ਵਾਲੇ ਪ੍ਰੋ. ਆਨੰਦ ਤੈਲਤੁੰਬੜੇ ਵਰਗੇ ਕਿੰਨੇ ਹੀ ਲੇਖਕਾਂ, ਸਾਹਿਤਕਾਰਾਂ, ਕਵੀਆਂ, ਬੁੱਧੀਮਾਨਾਂ, ਸਮਾਜਕ ਜਮਹੂਰੀ ਕਾਰਕੁੰਨਾਂ ਨੂੰ ਚੜ੍ਹਦੇ ਸੂਰਜ ਜੇਲ੍ਹਾਂ ਦੀਆਂ ਕਾਲ਼-ਕੋਠੜੀਆਂ 'ਚ ਡੱਕਿਆ ਜਾ ਰਿਹਾ ਹੈ।

ਵਿਚਾਰ-ਚਰਚਾ 'ਚ ਉਪਰੋਕਤ ਆਗੂਆਂ ਸਮੇਤ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ, ਲਾਇਬਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਦੇ ਖਜ਼ਾਨਚੀ ਰਣਜੀਤ ਸਿੰਘ ਅਤੇ ਕਮੇਟੀ ਮੈਂਬਰ ਸੀਤਲ ਸਿੰਘ ਸੰਘਾ, ਚਰੰਜੀ ਲਾਲ ਕੰਗਣੀਵਾਲ ਸ਼ਾਮਲ ਸਨ। ਕਮੇਟੀ ਨੇ ਸਮੂਹ ਜਮਹੂਰੀ ਅਤੇ ਇਨਸਾਫ਼ਪਸੰਦ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰੋ. ਆਨੰਦ ਤੈਲਤੁੰਬੜੇ ਦੀ ਗ੍ਰਿਫ਼ਤਾਰੀ ਉਪਰ ਰੋਕ ਲਵਾਉਣ ਅਤੇ ਉਹਨਾਂ 'ਤੇ ਮੜ੍ਹੇ ਝੂਠੇ ਕੇਸ ਵਾਪਸ ਕਰਾਉਣ ਲਈ ਇੱਕਜੁੱਟ ਹੋ ਕੇ ਆਵਾਜ਼ ਉਠਾਉਣ। ਕਮੇਟੀ ਨੇ ਇਹ ਮੰਗ ਵੀ ਕੀਤੀ ਕਿ ਦੇਸ਼ ਭਰ ਅੰਦਰ ਫੜੇ ਸਮੂਹ ਲੋਕ-ਪੱਖੀ ਬੁੱਧੀਜੀਵੀਆਂ, ਸਮਾਜਕ-ਜਮਹੂਰੀ ਕਾਰਕੁੰਨਾਂ ਨੂੰ ਰਿਹਾਅ ਕੀਤਾ ਜਾਏ।

### 32ਵੀਆਂ ਕੋਕਾ-ਕੋਲਾ ਏਵਨ ਸਾਈਕਲ ਜਰਖੜ ਖੇਡਾਂ ਦਾ ਦੂਜਾ ਦਿਨ

# ਹਾਕੀ ਲੜਕੀਆਂ 'ਚ ਰੇਲ ਕੋਚ ਫੈਕਟਰੀ ਤੇ ਸ਼ਾਹਬਾਦ ਮਾਰਕੰਡਾ - ਮੁੰਡਿਆਂ 'ਚ ਫਰਿਜ਼ਨੋ ਜਰਖੜ ਅਕੈਡਮੀ ਤੇ ਬੀਐਸਐਫ ਫਾਈਨਲ 'ਚ ਪੁੱਜੇ

**ਲੁਧਿਆਣਾ –** ਮਾਤਾ ਸਾਹਿਬ ਕੌਰ ਚੈਰੀਟੇਬਲ ਸਪੋਰਟਸ ਟਰਸਟ ਵੱਲੋ ਕਰਾਈਆਂ ਜਾ ਰਹੀਆਂ ਕੋਕਾ ਕੋਲਾ ਏਵਨ ਸਾਈਕਲ ਜਰਖੜ ਖੇਡਾਂ ਦੇ ਦੂਜੇ ਦਿਨ ਜਿਥੇ ਮਹਿੰਦਰਪ੍ਰਤਾਪ ਗਰੇਵਾਲ ਹਾਕੀ ਕੱਪ ਮੁਕਾਬਲੇ 'ਚ ਲੜਕੀਆਂ ਦੇ ਵਰਗ 'ਚ ਰੇਲ ਕੋਚ ਫੈਕਟਰੀ ਕਪੂਰਥਲਾ ਅਤੇ ਸ਼ਾਹਬਾਦ ਮਾਰਕੰਡਾ ਨੇ ਫਾਈਨਲ 'ਚ ਜਗ੍ਹਾ ਪੱਕੀ ਕੀਤੀ।


ਮੁੰਡਿਆਂ 'ਚ ਬੀਐਸਐਫ ਅਤੇ ਫਰਿਜ਼ਨੋ ਜਰਖੜ ਅਕੈਡਮੀ ਨੇ ਫਾਈਨਲ 'ਚ ਪ੍ਰਵੇਸ਼ ਕੀਤਾ। ਸੈਮੀਫਾਈਨਲ ਮੈਚਾਂ 'ਚ ਰੇਲ ਕੋਚ ਫੈਕਟਰੀ ਕਪੂਰਥਲਾ ਨੇ ਅਮਰਗੜ੍ਹ ਹਾਕੀ ਸੈਂਟਰ ਸੰਗਰੂਰ ਨੂੰ 5-0 ਨਾਲ, ਸ਼ਾਹਬਾਦ ਮਾਰਕੰਡਾ ਹਰਿਆਣਾ ਖਾਲਸਾ ਕਾਲਜ ਲੁਧਿਆਣਾ ਨੂੰ 2-0 ਨਾਲ ਹਰਾਇਆ। ਮੁੰਡਿਆਂ ਦੇ ਵਰਗ 'ਚ ਬੀਐਸਐਫ ਨੇ ਪੰਜਾਬ ਊਰਜਾ ਵਿੰਗ ਪਟਿਆਲਾ ਨੂੰ 2-1 ਨਾਲ, ਫਰਿਜ਼ਨੋ ਜਰਖੜ ਹਾਕੀ ਅਕੈਡਮੀ ਨੇ ਈਐਮਈ ਜਲੰਧਰ ਨੂੰ 3-2 ਨਾਲ ਹਰਾ ਕੇ ਫਾਈਨਲ 'ਚ ਐਂਟਰੀ ਪੱਕੀ ਕੀਤੀ। ਕਬੱਡੀ 75 ਕਿੱਲੋ ਵਿਚ 16 ਟੀਮਾਂ ਦੇ ਮੁਕਾਬਲੇ ਹੋਏ। ਫਾਈਨਲ ਮੁਕਾਬਲੇ 'ਚ ਬੱਦੋਵਾਲ ਨੇ ਭਾਦਸੋਂ ਨੂੰ 15-9 ਨਾਲ ਹਰਾ ਕੇ ਧਰਮ ਸਿੰਘ ਜਰਖੜ ਯਾਦਗਾਰੀ ਕਬੱਡੀ ਕੱਪ ਜਿੱਤਿਆ। ਉਪਜੇਤੂ ਟੀਮ ਨੂੰ ਚਮਕੌਰ ਸਿੰਘ ਮੋਹੀ ਕੱਪ ਨਾਲ ਸਨਮਾਨਿਆ ਗਿਆ। ਵਾਲੀਬਾਲ 'ਚ ਖੰਜਰਵਾਲ ਨੇ ਸ਼ਿਮਲਾਪੁਰੀ ਨੂੰ 21-14 ਨਾਲ, ਘਣਗਸ ਨੇ ਆਲਮਗੀਰ ਨੂੰ 21-17 ਨਾਲ , ਆਦਮਪੁਰ ਨੇ ਗਿੱਲ ਨੂੰ 21-10 ਨਾਲ, ਫਿਰੋਜ਼ਸ਼ਾਹ ਨੇ ਅਹਿਮਦਪੁਰਾ ਨੂੰ 21-19 ਨਾਲ ਹਰਾਇਆ। ਹਾਕੀ ਜੂਨੀਅਰ 'ਚ ਫਰਿਜ਼ਨੋ ਅਕੈਡਮੀ ਅਮਰੀਕਾ, ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਤੇ ਕਿਲ੍ਹਾ ਰਾਏਪੁਰ ਦੀਆਂ ਟੀਮਾਂ ਨੇ ਸੈਮੀਫਾਈਨਲ 'ਚ ਆਪਣੀ ਜਗ੍ਹਾ ਪੱਕੀ ਕੀਤੀ। ਫਰਿਜ਼ਨੋ ਅਕੈਡਮੀ ਨੇ ਬਾਗੜੀਆਂ ਨੂੰ 3-2 ਨਾਲ, ਸ਼ਾਹਬਾਦ ਨੇ ਜਰਖੜ ਅਕੈਡਮੀ ਨੂੰ 3-2 ਤੇ ਕਿਲ੍ਹਾ ਰਾਏਪੁਰ ਨੇ ਰਾਮਪੁਰ ਨੂੰ 4-2 ਨਾਲ ਹਰਾਇਆ। ਜਦਕਿ ਘਵੱਦੀ ਨੇ ਲੀਗ ਮੈਚ 'ਚ ਰਾਮਪੁਰ ਛੰਨਾ ਨਾਲ 1-1 ਦੀ ਬਰਾਬਰੀ 'ਤੇ ਮੈਚ ਖੇਡਿਆ।

ਖੇਡਾਂ ਦੇ ਦੂਸਰੇ ਦਿਨ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਅਤੇ ਪ੍ਰੀਤਮ ਸਿੰਘ ਗਰੇਵਾਲ ਸਾਬਕਾ ਮੇਅਰ ਹੰਸਲੋ ਇੰਗਲੈਂਡ, ਨਰਿੰਦਰਪਾਲ ਸਿੰਘ ਸਿੱਧੂ, ਏਆਈਜੀ ਫਿਰੋਜ਼ਪੁਰ, ਚੇਅਰਮੈਨ ਜਰਖੜ ਖੇਡਾਂ, ਸ਼੍ਰੀਮਤੀ ਅਜਮੇਰ ਕੌਰ ਕੌਂਸਲਰ ਇੰਗਲੈਂਡ, ਦਲਜੀਤ ਸਿੰਘ ਗਰੇਵਾਲ ਚੇਅਰਮੈਨ ਮਹਿੰਦਰਪ੍ਰਤਾਪ ਗਰੇਵਾਲ ਟਰਸਟ ਲੁਧਿਆਣਾ, ਰਣਜੀਤ ਸਿੰਘ ਢਿੱਲੋਂ ਸਾਬਕਾ ਐਮਐਲਏ, ਮਨਮੋਹਣ ਜੋਧਾਂ ਸਿਆਟਲ ਪ੍ਰਧਾਨ ਪੰਜਾਬ ਸਪੋਰਟਸ ਕਬੱਡੀ ਕੱਪ ਸਿਆਟਲ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ ਜਦਕਿ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।

ਇਸ ਮੌਕੇ ਜਥੇਦਾਰ ਹੀਰਾ ਸਿੰਘ ਗਾਬੜੀਆ ਸਾਬਕਾ ਕੈਬਿਨੇਟ ਮੰਤਰੀ ਪੰਜਾਬ, ਜਗਦੀਸ਼ ਸਿੰਘ ਗਰਚਾ ਸਾਬਕਾ ਮੰਤਰੀ, ਸਿਮਰਨਜੀਤ ਸਿੰਘ ਢਿੱਲੋਂ ਅਤੇ ਮੀਤਪਾਲ ਸਿੰਘ ਦੁੱਗਰੀ, ਬਰਜਿੰਦਰ ਸਿੰਘ ਲਤਾਲਾ ਸਿਆਟਲ ਅਮਰੀਕਾ, ਇੰਸਪੈਕਟਰ ਬਲਬੀਰ ਸਿੰਘ, ਰਵਨੀਤ ਸਿੰਘ ਗਿੱਲ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸਰਪੰਚ ਤਿਰਲੋਚਨ ਸਿੰਘ ਲਲਤੋਂ ਕਲਾਂ, ਜੋਗਿੰਦਰ ਸਿੰਘ ਪਟਵਾਰੀ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਪਰਮਜੀਤ ਸਿੰਘ ਨੀਟੂ, ਦਪਿੰਦਰ ਸਿੰਘ ਡਿੰਪੀ, ਰੌਬਿਨ ਸਿੱਧੂ, ਤੇਜਾ ਸਿੰਘ ਹਵਾਸ ਕੈਨੇਡਾ, ਰੁਪਿੰਦਰ ਸਿੰਘ ਮਹਿਮਾ, ਹਰਮਨ ਜਰਖੜ ਕੈਨੇਡਾ, ਸੁਮਨਦੀਪ ਸਿੰਘ ਜੱਸੜ, ਤੇਜਿੰਦਰ ਸਿੰਘ ਲਾਡੀ, ਸੰਦੀਪ ਪੰਧੇਰ, ਜਗਦੀਸ਼ ਸਿੰਘ ਰੁੜਕਾ ਬੈਲਜੀਅਮ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਮਨਦੀਪ ਸਿੰਘ ਜਰਖੜ, ਸਾਹਿਬਜੀਤ ਸਿੰਘ ਸਾਬ੍ਹੀ, ਸੰਦੀਪ ਸਿੰਘ ਸੋਨੂੰ ਤੇ ਵੱਡੀ ਗਿਣਤੀ 'ਚ ਪਿੰਡ ਵਾਸੀ ਤੇ ਮਹਿਮਾਨ ਹਾਜ਼ਰ ਸਨ।

# ਲੋਕਾਂ ਦਾ ਇਲਾਜ ਕਰਨ ਵਾਲੇ ਬਾਬਾ ਰਾਮਦੇਵ ਦੇ ਗੋਡਿਆਂ ਦਾ ਲੰਡਨ ਵਿਚ ਹੋਇਆ ਅਪਰੇਸ਼ਨ

**ਨਵੀਂ ਦਿੱਲੀ–** ਇਕ ਖ਼ਬਰ ਸੋਸ਼ਲ ਮੀਡੀਆ 'ਤੇ ਅੱਗ ਵਾਂਗ ਫੈਲ ਰਹੀ ਹੈ ਜਿਸ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਬਾਬਾ ਰਾਮਦੇਵ ਗੋਡਿਆਂ ਦੇ ਇਲਾਜ ਲਈ ਲੰਡਨ ਰਵਾਨਾ ਹੋ ਗਏ ਹਨ। ਉਥੇ ਹੀ ਉਹ ਆਪਣੀ ਸਰਜਰੀ ਕਰਵਾਉਣਗੇ। ਦਾਅਵਾ ਕੀਤਾ ਜਾ ਰਿਹਾ ਹੈ ਕਿ ਰਾਮਦੇਵ ਦੇਸੀ ਚੀਜ਼ਾਂ ਦਾ ਇੰਨਾ ਪ੍ਰਚਾਰ ਕਰਦੇ ਹਨ ਪਰ ਆਪਣੇ ਇਲਾਜ ਲਈ ਲੰਡਨ ਜਾ ਰਹੇ ਹਨ। ਇਸ ਦਾਅਵੇ 'ਤੇ ਸੋਸ਼ਲ ਮੀਡੀਆ 'ਤੇ ਆਉਂਦੇ ਹੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਸਵਾਲ ਹੈ ਕਿ ਘਰੇਲੂ ਚੀਜ਼ਾਂ ਦਾ ਇੰਨਾ ਪ੍ਰਚਾਰ ਕਰਨ ਵਾਲੇ ਬਾਬਾ ਰਾਮਦੇਵ ਨੂੰ ਆਪਣੇ ਇਲਾਜ ਲਈ ਲੰਡਨ ਕਿਉਂ ਜਾਣਾ ਪੈ ਰਿਹਾ ਹੈ, ਇਸ ਬਾਰੇ ਜਾਂਚ ਅੱਗੇ ਵਧਾਉਂਦਿਆਂ ਜਦੋਂ ਅਸੀਂ ਬਾਬਾ ਰਾਮਦੇਵ ਦਾ ਟਵਿੱਟਰ ਅਕਾਊਂਟ ਚੈਕ ਕੀਤਾ ਤਾਂ ਪਤਾ ਲੱਗਿਆ ਕਿ ਬਾਬਾ ਰਾਮਦੇਵ ਵੱਲੋਂ 2 ਮਈ ਨੂੰ ਟਵੀਟ ਕੀਤਾ ਗਿਆ ਕਿ ਉਹਨਾਂ ਵੱਲੋਂ ਇਕ ਤੋਂ 5 ਮਈ ਤੱਕ ਨੇਪਾਲ ਵਿਚ ਯੋਗ ਕੈਂਪ ਲਾਇਆ ਜਾ ਰਿਹਾ ਹੈ। ਇਸ ਕੈਂਪ ਦੀਆਂ ਤਸਵੀਰਾਂ ਦੀ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਬਾਬਾ ਰਾਮਦੇਵ ਖੁਦ ਇਸ ਕੈਂਪ ਵਿਚ ਯੋਗਾ ਕਰਵਾ ਰਹੇ ਹਨ। ਇਸ ਬਾਰੇ ਬਾਬਾ ਰਾਮਦੇਵ ਦੇ ਬੁਲਾਰੇ ਨੇ ਵੀ ਟਵੀਟ ਕੀਤਾ ਕਿ ਬਾਬਾ ਰਾਮਦੇਵ ਪੂਰੀ ਤਰ੍ਹਾਂ ਠੀਕ ਹਨ। ਉਹ ਸਰਜਰੀ ਕਰਵਾਉਣ ਲਈ ਲੰਡਨ ਨਹੀਂ ਜਾ ਰਹੇ।






ਬਠਿੰਡਾ ਦੇ ਰਾਹੁਲ ਪੁਰੀ ਦਾ ਵਿਆਹ
ਪਿੰਡ ਦੀਨਾ ਕਾਂਗੜ ਦੀ ਰਮਨਪ੍ਰੀਤ ਨਾਲ ਹੋਣ ਤੇ ਮੁਬਾਰਕਾਂ

# ਕਿਉਂ ਨਾ ਐਸ. ਸੀ.-ਐਸ. ਟੀ, ਓ.ਬੀ. ਸੀ. ਦੀ ਰਿਜ਼ਰਵੇਸ਼ਨ ਘਟਾਈ ਜਾਵੇ

**ਜੈਪੁਰ–** ਸੁਪਰੀਮ ਕੋਰਟ ਨੇ ਐਸ.ਸੀ.- ਐਸ. ਟੀ. ਅਤੇ ਓ. ਬੀ. ਸੀ. ਦੀ ਰਿਜ਼ਰਵੇਸ਼ਨ ਘਟਾਉਣ, ਮੀਣਾ ਜਾਤੀ ਨੂੰ ਐਸ. ਟੀ. ਤੋਂ ਬਾਹਰ ਕਰਨ, ਐਸ.ਸੀ. ਅਤੇ ਐਸ. ਟੀ. ਵਿਚ ਕ੍ਰਿਮੀਲੇਅਰ ਸਿਧਾਂਤ ਲਾਗੂ ਕਰਨ 'ਤੇ ਰਾਜਸਥਾਨ ਦੇ ਮੁੱਖ ਸਕੱਤਰ ਸਮੇਤ ਕਾਰਮਿਕ ਵਿਭਾਗ, ਸਮਾਜਿਕ ਨਿਆਂ ਅਤੇ ਅਧਿਕਾਰਿਤਾ ਵਿਭਾਗ ਓ. ਬੀ. ਸੀ. ਕਮਿਸ਼ਨ, ਕੌਮੀ ਅਨੁਸੂਚਿਤ ਜਨਜਾਤੀ ਮੰਤਰਾਲਾ ਤੋਂ ਜਵਾਬ ਮੰਗਿਆ ਹੈ। ਜਸਟਿਸ ਮਦਨ ਬੀ. ਲੋਕੁਰ ਦੀ ਬੈਂਚ ਨੇ ਇਹ ਅੰਤਰਿਮ ਆਦੇਸ਼ ਸਮਤਾ ਅੰਦੋਲਨ ਕਮੇਟੀ ਦੀ ਅਪੀਲ 'ਤੇ ਦਿੱਤਾ।



# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

## ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਗਟ ਦਿਹਾੜਾ 22, 23, 24 ਫਰਵਰੀ 2019 ਨੂੰ

ਹਮ ਸਰਿ ਦੀਨੁ ਦਇਆ ਲੁਨ ਤੁਮਸਰਿ ਅਬਪਤੀਆ ਰੁਕਿਆ ਕੀਜੈ॥
ਬਚਨੀ ਤੋਰ ਮੋਰ ਮਨੁਮਾਨੈ ਜਨਕ ਉਪੂਰਨੁ ਦੀਜੈ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥

***Sri Guru Ravidass Sabha, Pittsburg, CA is celebrating the 642nd Parkash Utsav of SATGURU RAVIDASS JI on Sunday, February 24, 2019. Entire Sangat is cordially invited to participate in this celebration with family and friends and receive the benign blessings of Guru Ravidass ji.***

***ARAMBH SHRI AKHAND PATH February 22, 2019 (FRIDAY) 9:30 AM***
***BHOG SHRI AKHAND PATH February 24, 2019 (SUNDAY) 9:30 AM***
***KIRTAN DIWAN After Bhog Ceremony until 2:00 PM***

*Nishan Sahib Hoisting Ceremony will be held on February 23rd 2019 (Saturday) at 11:00 AM. Ramesh Suman and Bibi Gyan Suman will be doing this sewa.*

*Sri Guru Ravidass ji was born in 1377, in Kanshi (Banaras), Uttar Pradesh in India, in a humble family of Baba Santokh Dass ji and Mata Kalsa Devi ji. Satguru Ravidass Ji was a great religious and social reformer. Guru Ji dedicated his whole life for the welfare of the humanity. Guru Ji preached social harmony and stood against caste based discrimination. Satguru Ravidass ji preached equality among all human beings. GURU RAVIDASS JI 's*



*Sermons / Bani is part of Holy SHRI GURU GRANTH SAHIB JI.*


*Sangat will perform Langar and Path Sewa during the Gurpurab celebrations. Prominent Jatha of Giani Suveg Singh, Giani Gurnam Singh & Giani Ompal Singh will enhance this Kirtan Diwan along with distinguished speakers and community leaders well versed with life and teachings of Satguru Ravidass ji.*

*The Gurughar Committee requests the community for volunteers to help the event committee to prepare and serve Langar, keep Gurughar clean and organized, directing traffic/parking besides other Sewas.*

*"Gurughar Domes Construction" project is underway. This is a huge project, which needs the financial support of the entire Sangat Sangat is humbly requested to donate whole heartedly for the Construction Project.*

***FOR STALLS, LANGAR OR ANY OTHER SEWA, CONTACT:***
***Chairman Ramesh Suman at (925)366-3618***
***President Kashmiri Bhatia at (408)460-0262 or***
***General Secretary Dilbag Singh at (209)834-4641***
*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥*

*Famous Punjabi Singer Amrita Virk will adom the occasion with Shabad Kirtan on Sunday, February 24, 2019*



| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |


# Consulate General of India celebrated the Republic Day of India

Consulate General of India celebrated the Republic Day of India in Indian Community Center in Milpitas on Saturday evening, January 26, 2019.

Honorable Consul General Sanjay Panda and his wife welcomed the guests. Program started with his address to the Indian community. Children's dance performances were outstanding.

Republic Day marks India's adoption of a republic constitution on January 26, 1950. India needed it's own constitution after gaining independence from British. This major task was headed by Doctor Babasaheb Dr. B.R. Ambedkar. We are proud of being Indians. Jai Bharat!














# THINKING OF BUYING OR SELLING COMMERCIAL PROPERTIES IN CALIFORNIA? CALL US NOW !



BH HS
BERKSHIRE HATHAWAY
HomeServices
Elite Real Estate
COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND










**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

SPEAK WITH A PROFESSIONAL REALTOR TODAY!

WE HAVE QUALIFIED BUYERS FOR GAS STATIONS AND LIQUOR STORES.

**THE RIGHT AGENT HELPS GUIDE YOU TO YOUR DREAM PROPERTY.**
**WWW.BHHCOMMERCIAL.COM**

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828

# Narabut family hosted Sukhmani Sahib Path and Langar Sewa in the loving memory of Mr. Mohinder Pal Narabut

Abhishek Pal Narabut and entire Narabut family hosted Sukhmani Sahib Path and Langar Sewa on Sunday, January 27, 2018 in the sweet memory of his father, Mr. Mohinder Pal Narabut, who passed away on February 8, 2018 at John Muir Hospital in Concord. Mr. Mohinder Pal was born in Sarhal Qazian, Jalandhar, Punjab in India. He retired as a Senior-manager from Syndicate Bank in Chandigarh. He was an honest person with a pleasing personality and friendly nature. He was a pioneer of the NARABUT family. He worked hard to educate his children and give his family a distinguished life style. His son Abhishek Pal Narabut is very dedicated member of our community. He has served as General Secretary of Sri Guru Ravidass Temple. His brother, Shinder Paul Narabut has also been very active in the community; he served on the Gurughar committee as a chairman. His legacy will remain with us forever. He will be dearly missed by the family and friends.

May God bless his dear departed soul and keep Narabut family in Chardikala. **- Ramesh Suman**



















# "ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ" ਕਿਤਾਬ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੇ ਰਿਲੀਜ਼ ਕੀਤੀ



ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਹਫਤਾਵਾਰੀ ਅਖ਼ਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਪ੍ਰਕਾਸ਼ਿਤ ਅਤੇ ਡਾ਼ ਜਸਵੰਤ ਰਾਏ ਵੱਲੋਂ ਲਿਖਤ ਕਿਤਾਬ "ਬਾਬੂ ਮੰਗੂ ਰਾਮ ਮੁੱਗੋਵਾਲੀਆ (ਗਦਰੀ ਯੋਧੇ ਤੇ ਆਦਿ ਧਰਮ ਦੇ ਬਾਨੀ) ਨੂੰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 27 ਜਨਵਰੀ ਨੂੰ ਰਿਲੀਜ਼ ਕੀਤੀ ਗਈ। ਇਸ ਤੋਂ ਪਹਿਲਾਂ ਇਸ ਕਿਤਾਬ ਨੂੰ ਇੰਡੀਆ ਮਾਰਕੀਟ ਦੇ ਮਾਲਕ ਸ੍ਰੀ ਕਸ਼ਮੀਰ ਸਿੰਘ ਹੀਰਾ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਅਤੇ ਮਹਾਂਰਿਸ਼ੀ ਵਾਲਮੀਕ ਸਭਾ ਯੂ ਐਸ਼ ਏ਼ ਵੀ ਰਿਲੀਜ਼ ਕਰ ਚੁੱਕੀਆਂ ਹਨ। ਇਸੰ ਸੁਨਹਿਰੀ ਮੌਕੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਮੌਜੂਦ ਸਨ। 'ਦੇਸ਼ ਦੁਆਬਾ' ਦੁਆਰਾ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਅਤੇ ਇਕ ਵੀਡੀਓ ਜਿਸ ਵਿਚ ਸ੍ਰੀ ਓ਼ ਪੀ਼ ਬਾਲੀ ਬਾਬਾ ਮੁੱਗੋਵਾਲੀਆ ਜੀ ਪ੍ਰਤੀ ਦੋ ਸ਼ਬਦ ਰੱਖਦੇ ਹੋਏ।


Pictured: Prem Chumber Desh Doaba





# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ
















**ਸੈਕਰਾਮੈਂਟੋ (ਬਿਊਰੋ)-** ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ ਪੰਜਵੇ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਗੁਰੂਘਰ ਦੀ ਜੋ ਸੰਗਤ ਪੋਸਟ ਆਫ਼ਿਸ ਦੇ ਮੁਲਾਜ਼ਮ ਹਨ, ਵਲੋਂ ਹੋਈ। ਜਨਵਰੀ 25 ਸ਼ੁੱਕਰਵਾਰ ਨੂੰ ਆਰੰਭ ਹੋਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਐਤਵਾਰ, ਜਨਵਰੀ 27 ਨੂੰ ਸਵੇਰੇ 10:00 ਵਜੇ ਪਏ ਗਏ। ਅਰਦਾਸ ਬੇਨਤੀਆਂ ਉਪਰੰਤ 2 ਵਜੇ ਤੱਕ ਕੀਰਤਨ ਦਿਵਾਨ ਸਜਾਏ ਗਏ, ਜਿਸ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਦੇ ਜੱਥੇ ਵੱਲੋਂ ਅਤੇ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭਾਈ ਸਾਹਿਬ ਭਾਈ ਸੁਖਜੀਵਨ ਸਿੰਘ ਜੀ ਦੇ ਜੱਥੇ ਵੱਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਇਨ੍ਹਾਂ ਦਿਵਾਨਾਂ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵੀ ਸ਼ਰਧਾ ਪੂਰਵਕ ਮਨਾਏ ਗਏ। ਸਾਰੇ ਗੁਰੂਘਰਾਂ ਨਾਲ ਸਬੰਧਤ ਸਾਰੇ ਪੋਸਟ ਆਫਿਸ ਮੁਲਾਜਮਾਂ ਨੇ ਪਰਿਵਾਰਾਂ ਸਹਿਤ ਹਾਜ਼ਰੀਆਂ ਲਗਾਈਆਂ। ਪੰਜਾਬੀ ਸਾਹਿਤ ਸਭਾ ਆਫ ਸੈਕਰਾਮੈਂਟੋ ਕੈਲੀਫੋਰਨੀਆ ਦੇ ਪ੍ਰਧਾਨ ਸ਼੍ਰੀ ਜਸਵੰਤ ਸਿੰਘ ਸ਼ੀਮਾਰ ਅਤੇ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਦੇ ਪ੍ਰਧਾਨ ਸ਼੍ਰੀ ਮੱਖਣ ਲੋਹਾਰ ਨੇ ਆਪਣੀ ਆਪਣੀ ਸੰਸਥਾ ਦੇ ਮੈਂਬਰਾ ਨਾਲ ਸੰਗਤਾਂ ਵਿੱਚ ਹਾਜ਼ਰੀ ਲੁਆਈ। ਸਟੇਜ ਸਕੱਤਰ ਸ਼੍ਰੀ ਬਲਜੀਤ ਸਿੰਘ ਨੇ ਸੰਗਤਾਂ ਨੂੰ ਦਿਨ ਐਤਵਾਰ ਮਾਰਚ 10, 2019 ਨੂੰ ਸਜਾਏ ਜਾ ਰਹੇ 19ਵੇ ਮਹਾਨ ਨਗਰ ਕੀਰਤਨ ਬਾਰੇ ਜਾਣਕਾਰੀ ਦਿੱਤੀ।

**ਅਗਲੇ ਆਉਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ:**

ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ ਛੇਵਾਂ ਸ਼੍ਰੀ ਅਖੰਡ ਪਾਠ ਸਾਹਿਬ ਜਿਨ੍ਹਾਂ ਦੀ ਸੇਵਾ ਬੀਬੀ ਬਲਜੀਤ ਕੌਰ ਜੀ ਦੇ ਸਮੂੰਹ ਪਰਿਵਾਰ ਵਲੋਂ ਹੋ ਰਹੀ ਹੈ। ਸ਼੍ਰੀ ਅਖੰਡ ਪਾਠ ਫਰਵਰੀ 1, ਸ਼ੁੱਕਰਵਾਰ ਸਵੇਰੇ 10:00 ਵਜੇ ਆਰੰਭ ਹੋਣਗੇ ਅਤੇ ਐਤਵਾਰ, 3 ਫਰਵਰੀ ਨੂੰ ਧੁਰ ਕੀ ਬਾਣੀ ਦੇ ਭੋਗ ਸਵੇਰ ਦੇ ਦਿਵਾਨਾ (9:30 ਤੋਂ 1:30 ਤੱਕ) ਵਿਖੇ ਪਾਏ ਜਾਣਗੇ। ਸਵੇਰੇ 11 ਵਜੇ ਅਰਦਾਸ ਅਤੇ ਹੁਕਮਨਾਮੇ ਹੋਣਗੇ ਉਪਰੰਤ 11:30 ਵਜੇ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ। ਆਪ ਜੀ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਸਾਹਿਤ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ ਜੀ।

TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# ਭਾਰਤ ਵਿਚ ਵਧ ਰਹੀਆਂ ਆਰਥਿਕ ਅਸਮਾਨਤਾਵਾਂ: ਹਾਕਮਾਂ ਦੇ ਜਾਗਣ ਦਾ ਵੇਲਾ

21 ਜਨਵਰੀ, 2019 ਨੂੰ ਔਕਸਫੈਮ ਦੁਆਰਾ ਜਾਰੀ ਕੀਤੀ ਗਈ ਇਕ ਰਿਪੋਰਟ "ਪਬਲਿਕ ਗੁਡ ਔਰ ਪ੍ਰਾਈਵੇਟ ਵੈਲਥ'' ਭਾਰਤ ਵਿਚ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਉੱਪਰ ਚਾਨਣਾ ਪਾਉਂਦੀ ਹੈ। ਭਾਰਤ ਦੇ ਸਿਰਫ਼ 9 ਅੱਤ ਦੇ ਅਮੀਰ ਬੰਦਿਆਂ ਕੋਲ ਇੱਥੋਂ ਦੇ ਥੱਲੇ ਵਾਲੇ 50 ਫ਼ੀਸਦ ਲੋਕਾਂ ਜਿੰਨੀ ਦੌਲਤ ਹੈ। ਔਕਸਫੈਮ ਦੀ ਅੰਤਰਰਾਸ਼ਟਰੀ ਕਾਰਜਕਾਰੀ ਨਿਰਦੇਸ਼ਕ ਵਿਨੀ ਬਿਨਾਬਮਾ ਅਨੁਸਾਰ ਭਾਰਤ ਦੀ ਦੌਲਤ ਦਾ ਇਕ ਵੱਡਾ ਅਤੇ ਵਧਦਾ ਹੋਇਆ ਹਿੱਸਾ ਇੱਥੋਂ ਦੇ ਚੰਦ ਕੁ ਬੰਦਿਆਂ ਕੋਲ ਜਾ ਰਿਹਾ ਹੈ, ਜਦੋਂ ਕਿ ਇੱਥੋਂ ਦੇ ਗ਼ਰੀਬ ਲੋਕ ਆਪਣੀ ਦੂਜੇ ਡੰਗ ਦੀ ਰੋਟੀ ਜਾਂ ਆਪਣੇ ਬਿਮਾਰ ਬੱਚੇ ਦੀ ਦਵਾਈ ਲੈਣ ਲਈ ਜੱਦੋਜਹਿਦ ਕਰ ਰਹੇ ਹਨ। ਉਨ੍ਹਾਂ ਅਨੁਸਾਰ ਜੇਕਰ ਭਾਰਤ ਦੀ ਉੱਪਰਲੀ ਇਕ ਫ਼ੀਸਦ ਅਤੇ ਬਾਕੀ ਦੀ 99 ਫ਼ੀਸਦ ਜਨਸੰਖਿਆ ਵਿਚਕਾਰ ਇਸ ਤਰ੍ਹਾਂ ਦੀ ਨੈਤਿਕ ਤੌਰ ਉੱਤੇ ਅਪਮਾਨਜਨਕ ਆਰਥਿਕ ਅਸਮਾਨਤਾ ਜਾਰੀ ਰਹੀ ਤਾਂ ਇਸ ਨਾਲ ਇੱਥੋਂ ਦੇ ਸਮਾਜਿਕ ਅਤੇ ਲੋਕਤੰਤਰਿਕ ਢਾਂਚੇ ਦਾ ਭੱਠਾ ਬੈਠ ਜਾਵੇਗਾ। ਇਸ ਰਿਪੋਰਟ ਅਨੁਸਾਰ ਭਾਰਤ ਦੀ 10 ਫ਼ੀਸਦ ਜਨਸੰਖਿਆ ਕੋਲ ਮੁਲਕ ਦੀ 77.4 ਫ਼ੀਸਦ ਦੌਲਤ ਹੈ। ਇਸ ਤੋਂ ਅੱਗੇ ਭਾਰਤ ਦੀ ਉੱਪਰਲੀ ਇਕ ਫ਼ੀਸਦ ਜਨਸੰਖਿਆ ਕੋਲ ਮੁਲਕ ਦੀ 51.53 ਫ਼ੀਸਦ, ਜਦੋਂ ਕਿ ਥੱਲੇ ਵਾਲੀ 60 ਫ਼ੀਸਦ ਜਨਸੰਖਿਆ ਕੋਲ ਮੁਲਕ ਦੀ ਸਿਰਫ਼ 4.8 ਫ਼ੀਸਦ ਦੌਲਤ ਹੈ। ਭਾਰਤ ਦੀ ਸਭ ਤੋਂ ਗ਼ਰੀਬ 10 ਫ਼ੀਸਦ (3.6 ਕਰੋੜ) ਜਨਸੰਖਿਆ 2004 ਤੋਂ ਲਗਾਤਾਰ ਕਰਜ਼ੇ ਵਿਚ ਹੈ। ਪਿਛਲੇ ਇਕ ਸਾਲ ਵਿਚ ਭਾਰਤ ਦੇ ਅਰਬਪਤੀਆਂ ਦੀ ਦੌਲਤ ਹਰ ਰੋਜ਼ 2200 ਕਰੋੜ ਰੁਪਏ, ਉੱਪਰਲੇ ਇਕ ਫ਼ੀਸਦ ਅਮੀਰਾਂ ਦੀ ਦੌਲਤ 39 ਫ਼ੀਸਦ ਜਦੋਂ ਕਿ ਮੁਲਕ ਦੀ ਹੇਠਲੀ 50 ਫ਼ੀਸਦ ਜਨਸੰਖਿਆ ਦੀ ਦੌਲਤ ਸਿਰਫ਼ 3 ਫ਼ੀਸਦ ਸਲਾਨਾ ਦਰ ਨਾਲ ਵਧੀ ਹੈ। ਔਕਸਫੈਮ ਇੰਡੀਆ ਦੇ ਸੀ.ਈ.ਓ. ਅਮਿਤਾਬ ਬੇਹਰ ਅਨੁਸਾਰ ਸਰਕਾਰਾਂ ਇਕ ਪਾਸੇ ਜਨਤਕ ਸੇਵਾਵਾਂ ਜਿਵੇਂ ਸਿਹਤ-ਸੰਭਾਲ ਅਤੇ ਵਿੱਦਿਆ ਲਈ ਲੋੜੀਂਦੇ ਵਿੱਤੀ ਸਾਧਨਾਂ ਦੀ ਘੱਟ ਪੂਰਤੀ ਕਰਕੇ ਅਤੇ ਦੂਜੇ ਪਾਸੇ ਕਾਰਪੋਰੇਟ ਸਰਮਾਏਦਾਰ ਜਗਤ ਨੂੰ ਲੋੜ ਤੋਂ ਘੱਟ ਕਰ ਲਗਾ ਕੇ ਅਤੇ ਕਰਾਂ ਦੀ ਚੋਰੀ ਕਰਨ ਵਾਲਿਆਂ ਉੱਪਰ ਬਣਦੀ ਕਾਵਰਾਈ ਨਾ ਕਰਕੇ ਆਰਥਿਕ ਅਸਮਾਨਤਾਵਾਂ ਵਧਾ ਰਹੀਆਂ ਹਨ।

ਔਕਸਫੈਮ ਦੀ ਰਿਪੋਰਟ ਅਨੁਸਾਰ 2017 ਵਿਚ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ 101 ਸੀ ਜਿਹੜੀ 2018 ਵਿਚ 119 ਹੋ ਗਈ ਅਤੇ ਇਨ੍ਹਾਂ ਅਰਬਪਤੀਆਂ ਦੀ ਦੌਲਤ 2017 ਵਿਚ 325.5 ਬਿਲੀਅਨ ਅਮਰੀਕਨ ਡਾਲਰ ਸੀ ਜੋ 2018 ਦੌਰਾਨ ਵਧ ਕੇ 440.1 ਬਿਲੀਅਨ ਅਮਰੀਕਨ ਡਾਲਰ ਹੋ ਗਈ। ਇਹ ਵਾਧਾ 2008 ਦੀ ਆਰਥਿਕ ਮੰਦੀ ਤੋਂ ਬਾਅਦ ਭਾਰਤ ਦੇ ਅਰਬਪਤੀਆਂ ਦੀ ਜਾਇਦਾਦ ਵਿਚ ਕਿਸੇ ਇਕ ਸਾਲ ਵਿਚ ਸਭ ਤੋਂ ਵੱਧ ਹੈ। ਇਸ ਰਿਪੋਰਟ ਅਨੁਸਾਰ ਭਾਰਤ ਦੇ ਉੱਪਰਲੇ ਇਕ ਫ਼ੀਸਦ ਅਮੀਰਾਂ ਉੱਪਰ ਸਿਰਫ਼ 0.5 ਫ਼ੀਸਦ ਕਰ ਵਧਾਉਣ ਨਾਲ ਸਰਕਾਰ ਦੀ ਆਮਦਨ ਵਿਚ ਇਤਨਾ ਵਾਧਾ ਹੋ ਜਾਵੇਗਾ ਜਿਸ ਨਾਲ ਗ਼ਰੀਬਾਂ ਲਈ ਸਿਹਤ-ਸੰਭਾਲ ਸੇਵਾਵਾਂ ਉੱਪਰ ਕੀਤੇ ਜਾਣ ਵਾਲੇ ਖ਼ਰਚ ਵਿਚ 50 ਫ਼ੀਸਦ ਵਾਧਾ ਕੀਤਾ ਜਾ ਸਕੇਗਾ। ਇਸ ਰਿਪੋਰਟ ਨੇ ਭਾਰਤ ਵਿਚ ਆਰਥਿਕ ਅਸਮਾਨਤਾਵਾਂ ਅਤੇ ਕੇਂਦਰ ਅਤੇ ਸੂਬਾ ਸਰਕਾਰਾਂ ਦਾ ਜਨਤਕ ਲੋੜਾਂ ਨੂੰ ਪੂਰਾ ਨਾ ਕਰਨ ਸੰਬੰਧੀ ਇਕ ਨਿਰਾਸ਼ਾਜਨਕ ਪਹਿਲੂ ਵੀ ਸਾਹਮਣੇ ਲਿਆਂਦਾ ਹੈ। ਇਸ ਅਨੁਸਾਰ ਕੇਂਦਰ ਅਤੇ ਸੂਬਾ ਸਰਕਾਰਾਂ ਦਾ ਮੈਡੀਕਲ, ਜਨ ਸਿਹਤ-ਸੰਭਾਲ, ਸਫ਼ਾਈ ਅਤੇ ਪਾਣੀ ਦੀ ਪੂਰਤੀ ਸੇਵਾਵਾਂ ਉੱਪਰ ਕੁੱਲ ਰੈਵਨਿਊ ਅਤੇ ਕੈਪੀਟਲ ਖ਼ਰਚ 208166 ਕਰੋੜ ਰੁਪਏ ਹੈ, ਜਦੋਂ ਕਿ ਭਾਰਤ ਦੇ ਸਭ ਤੋਂ ਅਮੀਰ ਬੰਦੇ ਮੁਕੇਸ਼ ਅੰਬਾਨੀ ਦੀ ਦੌਲਤ 2.8 ਲੱਖ ਕਰੋੜ ਰੁਪਏ ਹੈ। ਭਾਰਤ ਦੇ ਗ਼ਰੀਬ ਪਰਿਵਾਰਾਂ ਦੇ ਬੱਚਿਆਂ ਦੇ ਉਨ੍ਹਾਂ ਦੇ ਪਹਿਲੇ ਜਨਮ ਦਿਨ ਤੋਂ ਪਹਿਲਾਂ ਮਰਨ ਦੀ ਸੰਭਾਵਨਾ ਅਮੀਰ ਪਰਿਵਾਰਾਂ ਦੇ ਮੁਕਾਬਲੇ ਵਿਚ ਤਿੰਨ ਗੁਣਾ ਜ਼ਿਆਦਾ ਹੈ।

ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਵਿਚ ਵਾਧੇ ਦੀ ਗਰਜ ਭਾਰਤੀ ਆਰਥਿਕ ਪ੍ਰਬੰਧ ਦੇ ਦਰੁਸਤ ਹੋਣ ਦੀ ਨਿਸ਼ਾਨੀ ਨਾ ਹੋ ਕੇ, ਇਸ ਦੀ ਅਸਫ਼ਲਤਾ ਹੈ ਜੋ ਮੁਲਕ ਵਿਚ ਲਗਾਤਾਰ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। ਮੁਲਕ ਵਿਚ ਜਿਹੜੇ ਲੋਕ ਬਹੁਤ ਸਖ਼ਤ ਮਿਹਨਤ ਕਰਦੇ, ਮੁਲਕ ਦੇ ਲੋਕਾਂ ਲਈ ਅਨਾਜ ਪੈਦਾ ਕਰਦੇ, ਬੁਨਿਆਦੀ ਢਾਂਚਾ ਬਣਾਉਂਦੇ ਅਤੇ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿਚ ਜਿਸਮਾਨੀ ਕੰਮ ਕਰਦੇ ਹਨ ਉਹ ਪਰਿਵਾਰ ਦੇ ਜੀਆਂ ਲਈ ਦੋ-ਡੰਗ ਦੀ ਰੋਟੀ ਅਤੇ ਦਵਾਈਆਂ ਖ਼ਰੀਦਣ ਅਤੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਸੰਘਰਸ਼ ਕਰ ਰਹੇ ਹਨ। ਮੁਲਕ ਵਿਚ ਤੇਜ਼ੀ ਨਾਲ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਲੋਕਤੰਤਰ ਦੀਆਂ ਜੜ੍ਹਾ ਕੱਟਦੀਆਂ ਹੋਈਆਂ ਕਾਰਪੋਰੇਟ/ਸਰਮਾਏਦਾਰ ਜਗਤ, ਉਨ੍ਹਾਂ ਦੇ ਲੰਗੋਟੀਆ ਯਾਰਾਂ ਅਤੇ ਭ੍ਰਿਸ਼ਟ ਲੋਕਾਂ ਦੀਆਂ ਪੌ ਬਾਰਾਂ ਕਰ ਰਹੀਆਂ ਹਨ।

ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਸਥਾ, ਵਿਸ਼ਵ ਮੁਦਰਾ ਕੋਸ਼, ਬਹੁਕੌਮੀ ਕਾਰਪੋਰੇਸ਼ਨਾਂ, ਦੁਨੀਆ ਦੇ ਸਰਮਾਏਦਾਰ ਮੁਲਕ, ਹੋਰ ਬਹੁਤ ਸਾਰੀਆਂ ਕਾਰਪੋਰੇਟ/ਸਰਮਾਏਦਾਰ ਜਗਤ ਪੱਖੀ ਸੰਸਥਾਵਾਂ ਅਤੇ ਇਨ੍ਹਾਂ ਦੀ ਗੋਦੀ ਚੜ੍ਹੇ ਅਰਥਵਿਗਿਆਨੀ ਅਤੇ ਹੋਰ ਸੇਵਕ ਖੁਲ੍ਹੇ ਵਿਸ਼ਵ ਵਪਾਰ ਦੀ ਵਕਾਲਤ ਕਰਦੇ ਸਾਫ਼ ਨਜ਼ਰ ਆਉਂਦੇ ਹਨ। ਇਨ੍ਹਾਂ ਵੱਲੋਂ ਘੱਟ ਵਿਕਸਿਤ ਅਤੇ ਵਿਕਾਸ ਕਰ ਰਹੇ ਮੁਲਕਾਂ, ਜਿੱਥੇ ਸਰਮਾਏਦਾਰ ਮੁਲਕਾਂ ਦੇ ਉਤਪਾਦਾਂ ਦੀ ਮੰਡੀ ਦਿਖਾਈ ਦਿੰਦੀ ਹੋਵੇ, ਦੀਆਂ ਪ੍ਰਾਪਤੀਆਂ ਜਾਂ ਪ੍ਰਾਪਤੀਆਂ ਦੀਆਂ ਸੰਭਾਵਨਾਵਾਂ ਦੀ ਅਸਲੀਅਤ ਨੂੰ ਇਕ ਪਾਸੇ ਛੱਡਦੇ ਹੋਏ ਵਧਾਅ-ਚੜ੍ਹਾਅ ਕੇ ਪ੍ਰਚਾਰਿਆ ਜਾਂਦਾ ਹੈ। ਇਹ ਸੰਸਥਾਵਾਂ, ਮੁਲਕ, ਗੋਦੀ ਅਰਥਵਿਗਿਆਨੀ ਅਤੇ ਕੁਝ ਹੋਰ ਲੋਕ ਆਪਣੇ ਉਦੇਸ਼ ਦੀ ਪੂਰਤੀ, ਖ਼ਾਸ ਕਰਕੇ ਸਰਮਾਏਦਾਰ ਮੁਲਕਾਂ ਦੇ ਅੰਤਰਰਾਸ਼ਟਰੀ ਵਪਾਰ ਵਿਚ ਬੇਅਥਾਹ ਵਾਧੇ ਲਈ ਮੰਡੀ ਪ੍ਰਦਾਨ ਕਰਨ ਦੀਆਂ ਸੰਭਾਵਨਾਵਾਂ ਵਾਲੇ ਘੱਟ ਵਿਕਸਿਤ ਅਤੇ ਵਿਕਾਸ ਕਰ ਰਹੇ ਮੁਲਕਾਂ ਨੂੰ 'ਸ਼ੇਰ' ਦਾ ਰੁਤਬਾ ਪ੍ਰਦਾਨ ਕਰਨ ਵਿਚ ਭੋਰਾ ਵੀ ਦੇਰੀ ਨਹੀਂ ਕਰਦੇ। ਮੰਡੀ ਪ੍ਰਦਾਨ ਕਰਨ ਵਾਲੇ ਘੱਟ ਵਿਕਸਿਤ ਅਤੇ ਵਿਕਾਸ ਕਰ ਰਹੇ ਮੁਲਕਾਂ ਦੇ ਹੁਕਮਰਾਨ 'ਸ਼ੇਰ' ਦੇ ਮਿਲੇ ਰੁਤਬੇ ਨੂੰ ਆਪਣੀਆਂ ਪ੍ਰਾਪਤੀਆਂ ਵਜੋਂ ਪ੍ਰਚਾਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ। ਇਸ ਸੰਬੰਧ ਵਿਚ ਇਨ੍ਹਾਂ ਮੁਲਕਾਂ ਦੇ ਹੁਕਮਰਾਨਾਂ ਦੀ ਮਦਦ ਕਰਨ ਲਈ ਕਾਰਪੋਰੇਟ/ਸਰਮਾਏਦਾਰ ਜਗਤ ਦੇ ਗੋਦੀ ਅਰਥਵਿਗਿਆਨੀ ਆਪਣੇ ਮੁਲਕਾਂ ਦੀਆਂ ਅਰਥਵਿਵਸਥਾਵਾਂ ਦੀਆਂ ਕੰਮਜ਼ੋਰੀਆਂ ਅਤੇ ਉਨ੍ਹਾਂ ਵਿਚੋਂ ਉਪਜਣ ਵਾਲੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਆਪਣੇ ਲਈ ਵਿਅਰਥ ਨਿੱਕੀਆਂ ਨਿੱਕੀਆਂ ਰਿਆਇਤਾਂ/ਫ਼ਾਇਦੇ/ ਅਹੁਦੇ ਲੈਣ ਦੀ ਆਸ ਵਿਚ ਆਪਣੇ ਕੋਲੋਂ ਮਨਮਰਜ਼ੀ ਦੇ ਅੰਕੜੇ ਬਣਾ ਕੇ ਨਤੀਜਾ-ਪ੍ਰਮੁੱਖ ਅਧਿਐਨਾਂ ਦਾ ਇਸ ਤਰ੍ਹਾਂ ਪ੍ਰਚਾਰ ਕਰਦੇ ਹਨ ਕਿ ਆਉਣ ਵਾਲੇ ਨੇੜਲੇ ਭਵਿੱਖ ਉਨ੍ਹਾਂ ਦੇ ਮੁਲਕ ਬਾਕੀ ਦੇ ਮੁਲਕਾਂ ਉੱਪਰ ਆਪਣੀ ਮੰਡੀ ਦਾ ਰਾਜ ਚਲਾਉਣਗੇ । ਮੰਡੀ ਪ੍ਰਦਾਨ ਕਰਨ ਵਾਲੇ ਘੱਟ ਵਿਕਸਿਤ ਜਾਂ ਵਿਕਾਸ ਕਰ ਰਹੇ ਮੁਲਕਾਂ ਵਿਚ ਜਦੋਂ 'ਸ਼ੇਰ' ਬਣਨ ਦੇ ਨਤੀਜੇ ਵਜੋਂ ਵੱਡੀ ਬਹੁ-ਗਿਣਤੀ ਆਮ ਲੋਕਾਂ ਦੀਆਂ ਸਮੱਸਿਆਵਾਂ ਬਹੁਤ ਵਧਾ ਦਿੱਤੀਆਂ ਜਾਂਦੀਆਂ ਹਨ ਜਿਸ ਬਾਰੇ ਉਹ ਅਤੇ ਸਮਾਜ ਦੇ ਹੋਰ ਸੁਚੇਤ ਲੋਕ ਆਪਣਾ ਵਿਰੋਧ ਵੱਖ ਵੱਖ ਰੂਪਾਂ ਵਿਚ ਦਰਜ ਕਰਵਾਉਂਦੇ ਹਨ ਤਾਂ ਵਿਸ਼ਵ ਪੱਧਰੀ ਵਿੱਤੀ ਸੰਸਥਾਵਾਂ, ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਵਿਕਸਿਤ ਮੁਲਕ ਮੰਡੀ ਪ੍ਰਦਾਨ ਕਰਨ ਵਾਲੇ ਮੁਲਕਾਂ ਦੇ ਹਾਕਮਾਂ ਨੂੰ ਲੋਕ-ਵਿਰੋਧੀ ਕਾਰਵਾਈਆਂ ਕਰਨ ਲਈ 'ਸ਼ੇਰ-ਬਣ-ਸ਼ੇਰ' ਵਾਲੀ ਤਾੜਨਾ ਵੀ ਦਿੰਦੇ ਹਨ। ਭਾਰਤ ਵਿਚ ਆਰਥਿਕ ਅਸਮਾਨਤਾਵਾਂ ਕੋਈ ਨਵਾਂ ਤੱਥ ਨਹੀਂ। ਇਕਨੌਮਿਕ ਐਂਡ ਪੋਲੀਟੀਕਲ ਵੀਕਲੀ ਵਿਚ ਛਪੇ ਇਕ ਖੋਜ ਅਧਿਐਨ ਅਨੁਸਾਰ ਮੁਲਕ ਵਿਚ ਯੋਜਨਾਬੰਦੀ ਦੇ ਸਮੇਂ (1951-80) ਦਰਮਿਆਨ ਆਰਥਿਕ ਅਸਮਾਨਤਾਵਾਂ ਵਿਚ ਕਮੀ ਆਈ, ਜਿਸ ਪਿੱਛੇ ਮੁਲਕ ਵਿਚ ਅਪਣਾਈ ਗਈ ਮਿਸ਼ਰਤ ਅਰਥਵਿਵਸਥਾ ਦਾ ਅਹਿਮ ਯੋਗਦਾਨ ਸੀ। ਮੁਲਕ ਦੇ ਹਾਕਮਾਂ ਦੁਆਰਾ 1981 ਤੋਂ ਯੋਜਨਾਬੰਦੀ ਦੇ ਅਮਲ ਨੂੰ ਕੰਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਗਿਆ ਸੀ ਜਿਸ ਦੇ ਨਤੀਜੇ ਵਜੋਂ ਸਰਮਾਏਦਾਰ ਅਰਥਵਿਵਸਥਾ ਦਾ ਵਿਸਥਾਰ ਕੀਤਾ ਗਿਆ। ਵਰਤਮਾਨ ਸਮੇਂ ਦੀ ਐੱਨ.ਡੀ.ਏ. ਸਰਕਾਰ ਨੇ ਮੁਲਕ ਦੇ ਯੋਜਨਾ ਕਮਿਸ਼ਨ ਅਤੇ ਯੋਜਨਾਬੰਦੀ ਦਾ ਭੋਗ ਪਾ ਕੇ ਨੀਤੀ ਆਯੋਗ ਦੀ ਸਥਾਪਨਾ ਕਰ ਦਿੱਤੀ, ਜਿਸ ਦੁਆਰਾ ਬਣਾਈਆਂ ਗਈਆਂ ਅਤੇ ਬਣਾਈਆਂ ਜਾ ਰਹੀਆਂ ਨੀਤੀਆਂ ਕਾਰਪੋਰੇਟ/ ਸਰਮਾਏਦਾਰ ਜਗਤ ਦੇ ਹੱਕ ਵਿਚ ਭੁਗਤ ਰਹੀਆਂ ਹਨ। ਮੁਲਕ ਦੀ ਆਰਥਿਕ ਵਿਕਾਸ ਦਰ ਵਿਚ ਕੁਝ ਸਮੇਂ ਲਈ ਬਹੁਤ ਤੇਜ਼ੀ ਆਈ, ਪਰ ਇਸ ਨਾਲ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਵਿਚ ਲਗਾਤਾਰ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇੱਥੇ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਕਾਰਪੋਰੇਟ/ ਸਰਮਾਏਦਾਰ ਜਗਤ ਨੇ ਮੁਲਕ ਦੇ ਆਰਥਿਕ ਵਿਕਾਸ ਦੇ ਫ਼ਾਇਦਿਆਂ ਨੂੰ ਆਪਣੇ ਤੱਕ ਸੀਮਿਤ ਕਰਨ ਲਈ ਮੁਲਕ ਦੇ ਸਾਧਨਾਂ ਨੂੰ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗਾਂ ਨਾਲ ਵਰਤਿਆ ਜਿਸ ਵਿਚ ਕਿਰਤੀ ਵਰਗਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਬਣਦੇ ਹਿੱਤਾਂ ਦਾ ਖਿਆਲ ਵੀ ਨਹੀਂ ਰੱਖਿਆ ਗਿਆ। ਮੁਲਕ ਵਿਚ 1991 ਦੌਰਾਨ ਕਾਰਪੋਰੇਟ/ਸਰਮਾਏਦਾਰ ਜਗਤ ਪੱਖੀ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਨਾਲ ਭਾਰਤ ਦੋ ਮੁਲਕਾਂ 'ਇੰਡੀਆ' ਅਤੇ 'ਭਾਰਤ' ਵਿਚ ਵੰਡਿਆ ਗਿਆ। ਇੰਡੀਆ ਉਨ੍ਹਾਂ ਅੱਤ ਦੇ ਅਮੀਰ ਲੋਕਾਂ ਦਾ ਜਿਨ੍ਹਾਂ ਦੀ ਦੌਲਤ ਬਹੁਤ ਤੇਜ਼ੀ ਨਾਲ ਵਧ ਰਹੀ ਹੈ ਅਤੇ ਜਿਨ੍ਹਾਂ ਕੋਲ ਲੋੜ ਤੋਂ ਕਿਤੇ ਵੱਧ ਸੁੱਖ-ਸਾਧਨ ਹਨ, ਜਦੋਂ ਕਿ ਭਾਰਤ ਉਨ੍ਹਾਂ ਬਹੁਤ ਵੱਡੀ ਬਹੁ-ਗਿਣਤੀ ਕਿਰਤੀ ਲੋਕਾਂ ਦਾ ਮੁਲਕ ਬਣ ਗਿਆ ਜਿਹੜੇ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਦੀ ਸਥਿਤੀ ਵਿਚ ਵੀ ਨਹੀਂ ਹਨ।



ਮੁਲਕ ਦੀ 50 ਫ਼ੀਸਦ ਦੇ ਕਰੀਬ ਅਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ ਜਿਸ ਨੂੰ ਮੁਲਕ ਦੀ ਰਾਸ਼ਟਰੀ ਆਮਦਨ ਵਿਚੋਂ 14 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਹੈ। ਜੇਕਰ ਪ੍ਰੋਫ਼ੈਸਰ ਅਰੁਣ ਕੁਮਾਰ ਦੇ ਕਾਲੇ ਧਨ ਦੇ ਅਧਿਐਨ ਨੂੰ ਵਿਚਾਰ ਲਿਆ ਜਾਵੇ ਤਾਂ ਇਹ ਹਿੱਸਾ ਸਿਰਫ਼ 8 ਫ਼ੀਸਦ ਦੇ ਕਰੀਬ ਹੀ ਰਹਿ ਜਾਂਦਾ ਹੈ ਕਿਉਂਕਿ ਖੇਤੀਬਾੜੀ ਖੇਤਰ ਉੱਪਰ ਨਿਰਭਰ ਵਰਗਾਂ ਕੋਲ ਕਾਲਾ ਧਨ ਤਾਂ ਕਿੱਥੋਂ ਹੋਣਾ ਹੈ, ਉਨ੍ਹਾਂ ਨੂੰ ਤਾਂ ਧਨ ਦੇ ਦਰਸ਼ਨ ਸਾਲ-ਛਿਮਾਹੀ ਬਾਅਦ ਹੁੰਦੇ ਹਨ ਅਤੇ ਉਹ ਵੀ ਤਾਂ ਜੇਕਰ ਖੇਤੀਬਾੜੀ ਖੇਤਰ ਉੱਪਰ ਕਿਸੇ ਕੁਦਰਤੀ ਕਰੋਪੀ ਦੀ ਮਾਰ ਨਾ ਪਵੇ। 21 ਜਨਵਰੀ, 2019 ਨੂੰ ਇੰਡੀਅਨ ਐਕ-ਸਪ੍ਰੈਸ ਵਿਚ ਅਸ਼ੋਕ ਗੁਲਾਟੀ ਦੇ ਛਪੇ ਇਕ ਲੇਖ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਮੁਲਕ ਦੇ ਹਾਕਮਾਂ ਦੁਆਰਾ ਖੇਤੀਬਾੜੀ ਖੇਤਰ ਲਈ ਬਣਾਈਆਂ ਗਈਆਂ ਨੀਤੀਆਂ ਕਾਰਨ ਖੇਤੀਬਾੜੀ ਖੇਤਰ ਉੱਪਰ ਲੁਕਵੇਂ ਢੰਗਾਂ ਨਾਲ ਲਗਾਏ ਕਰਾਂ ਕਾਰਨ ਭਾਰਤ ਵਿਚ 2000-01 ਤੋਂ 2016-17 ਦੌਰਾਨ ਪ੍ਰਤਿ ਸਾਲ 2.65 ਲੱਖ ਕਰੋੜ ਰੁਪਏ ਦਾ ਬੋਝ ਪਾਇਆ ਗਿਆ ਅਤੇ ਇਹ ਬੋਝ 2017-18 ਦੀਆਂ ਕੀਮਤਾਂ ਉੱਪਰ 45 ਲੱਖ ਕਰੋੜ ਰੁਪਏ ਬਣਦਾ ਹੈ। ਇਸ ਲੇਖ ਵਿਚ ਇਕ ਵੀ ਖੁਲਾਸਾ ਕੀਤਾ ਗਿਆ ਹੈ ਕਿ ਦੁਨੀਆਂ ਦੇ ਕਿਸੇ ਵੀ ਮੁਲਕ ਦੇ ਖੇਤੀਬਾੜੀ ਖੇਤਰ ਉੱਪਰ ਕਰਾਂ ਦਾ ਬੋਝ ਭਾਰਤ ਜਿੰਨਾ ਨਹੀਂ ਹੈ। ਉਦਯੋਗਿਕ ਖੇਤਰ ਵਿਚ ਵੱਡੇ ਉਦਯੋਗਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ/ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਜਦੋਂ ਕਿ ਘਰੇਲੂ, ਛੋਟੇ ਸਅਤੇ ਦਰਮਿਆਨੇ ਉਦਯੋਗਾਂ ਨੂੰ ਉਜਾੜਿਆ ਜਾ ਰਿਹਾ ਹੈ ਜਿਨ੍ਹਾਂ ਵਿਚ ਵੱਡੇ ਉਦਯੋਗਾਂ ਦੇ ਮੁਕਾਬਲੇ ਰੁਜ਼ਗਾਰ ਦੇਣ ਦੀ ਸਮਰੱਥਾ ਵੱਧ ਹੁੰਦੀ ਹੈ। ਸੇਵਾਵਾਂ ਦੇ ਖੇਤਰ ਦਾ ਵਿਕਾਸ ਅਤੇ ਵਿਸਥਾਰ ਦੇਖਣ ਨੂੰ ਜ਼ਰੂਰ ਮਿਲਦਾ ਹੈ, ਪਰ ਇਹ ਨਿੱਜੀ ਖੇਤਰ ਵਿਚ ਹੋ ਰਿਹਾ ਹੈ ਅਤੇ ਜਨਤਕ ਖੇਤਰ ਨੂੰ ਉਜਾੜਿਆ ਜਾ ਰਿਹਾ ਹੈ। ਇਸ ਤਰ੍ਹਾਂ ਦਾ ਵਰਤਾਰਾ ਸਿੱਖਿਆ, ਸਿਹਤ-ਸੰਭਾਲ, ਵਿੱਤ, ਬੁਨਿਆਦੀ ਢਾਂਚੇ ਦੇ ਨਿਰਮਾਣ ਆਦਿ ਦੇ ਸੰਬੰਧ ਵਿਚ ਵੱਡੇ ਪੱਧਰ ਉੱਪਰ ਹੋ ਰਿਹਾ ਹੈ। ਮੁਲਕ ਦੇ ਹਾਕਮਾਂ ਦੁਆਰਾ ਬਣਾਈਆਂ ਗਈਆਂ ਅਤੇ ਬਣਾਈਆਂ ਜਾ ਰਹੀਆਂ ਆਰਥਿਕ ਨੀਤੀਆਂ ਕਾਰਨ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਲਗਾਤਾਰ ਤੇਜ਼ੀ ਨਾਲ ਵਧ ਰਹੀਆਂ ਹਨ। ਇਸ ਤਰ੍ਹਾਂ ਦੀਆਂ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਆਰਥਿਕ, ਸਮਾਜਿਕ-ਸੱਭਿਆਚਾਰਕ, ਸਿਆਸੀ ਅਤੇ ਹੋਰ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੰਦੀਆਂ ਹਨ। ਮੁਲਕ ਦੇ ਹਾਕਮਾਂ ਅਤੇ ਕਾਰਪੋਰੇਟ/ਸਰਮਾਏਦਾਰ ਜਗਤ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਬਣਦਾ ਹੈ ਕਿ ਗ਼ਰੀਬਾਂ ਦੀਆਂ ਮੜ੍ਹੀਆਂ/ਕਬਰਾਂ ਉੱਤੇ ਉੱਗਿਆ ਹੋਇਆ ਘਾਹ ਬਹੁਤ ਮਾੜੇ ਸੁਨੇਹੇ ਦੇ ਰਿਹਾ ਹੁੰਦਾ ਹੈ ਜਿਹੜੇ ਕਿਸੇ ਵੀ ਤਰ੍ਹਾਂ ਮੁਲਕ ਦੇ ਹਾਕਮਾਂ ਅਤੇ ਕਾਰਪੋਰੇਟ/ਸਰਮਾਏਦਾਰ ਜਗਤ ਦੇ ਹੱਕ ਵਿਚ ਨਹੀਂ ਹੁੰਦੇ। ਮੁਲਕ ਦੇ ਹਾਕਮਾਂ ਦੇ ਜਾਗਣ ਦਾ ਵੇਲਾ ਹੈ ਕਿ ਉਹ ਅੱਤ ਦੇ ਅਮੀਰਾਂ ਤੋਂ ਕਰਾਂ ਦੀ ਬਣਦੀ ਉਗਰਾਹੀ ਕਰਨ ਅਤੇ ਕਰਾਂ ਦੀ ਚੋਰੀ ਰੋਕਣੀ ਬੰਦ ਕਰਨੀ ਯਕੀਨੀ ਬਣਾਉਂਦੇ ਹੋਏ ਸਿੱਖਿਆ ਅਤੇ ਸਿਹਤ-ਸੰਭਾਲ ਸੇਵਾਵਾਂ ਦਾ ਜਨਤਕ ਖੇਤਰ ਵਿਚ ਵਿਕਾਸ ਅਤੇ ਵਿਸਥਾਰ ਕਰਨ। ਇਸ ਸੰਬੰਧ ਵਿਚ ਲੋਕ ਅਤੇ ਕੁਦਰਤ ਪੱਖੀ ਆਰਥਿਕ ਵਿਕਾਸ ਮਾਡਲ ਅਪਣਾਇਆ ਜਾਵੇ ਜਿਸ ਸਦਕਾ ਆਮ ਕਿਰਤੀਆਂ ਲਈ ਰੁਜ਼ਗਾਰ ਦੇ ਮੌਕੇ ਅਤੇ ਰੁਜ਼ਗਾਰ ਦਾ ਮਿਆਰ ਇਸ ਤਰ੍ਹਾਂ ਵਧੇ ਤਾਂ ਕਿ ਮੁਲਕ ਵਿਚ ਲਗਾਤਾਰ ਵਧ ਰਹੀਆਂ ਆਰਥਿਕ ਅਸਮਾਨਤਾ ਨੂੰ ਰੋਕਿਆ ਜਾ ਸਕੇ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

# ਦਿਲਕਸ਼ ਆਵਾਜ਼ ਦਾ ਮਾਲਕ : ਜਸਵਿੰਦਰ ਗੁਲਾਮ

ਜਿਸਕੇ ਗਾਨੇ ਸੇ ਮਿਲਤਾ ਹੈ, ਦਿਲ ਕੋ ਸ਼ਕੁਨ,
ਲੱਗਤਾ ਹੈ ਕਿ ਜੈਸੇ ਮਿਲਾ ਹੈ ਕੋਈਂ ਜੰਡੂ ਬਾਮ,
ਗਾਇਕੀ ਕੇ ਸਫ਼ਰ ਮੇਂ, ਵੋ ਕੋਈ ਔਰ ਨਹੀਂ ਦੋਸਤੋ,
ਵੋ ਸਖ਼ਸ਼ ਹੈ ਜਿਸਕਾ ਨਾਮ ਹੈ, ਜਸਵਿੰਦਰ ਗੁਲਾਮ।

ਜੀ ਹਾਂ ਦੋਸਤੋ ਗਾਇਕੀ ਦੇ ਸਫ਼ਰ ਵਿੱਚ ਪੁਲਾਂਘਾਂ ਪੁੱਟਦੇ ਹੋਏ ਪਾਂਧੀ ਜਸਵਿੰਦਰ ਗੁਲਾਮ ਦੀ ਗੱਲ ਕਰੀਏ ਤਾਂ ਉਹ ਕਿਸੇ ਵੀ ਕਿਸਮ ਦੀ ਜਾਣ-ਪਹਿਚਾਣ ਦਾ ਮੁਹਤਾਜ਼ ਨਹੀਂ ਜਾਪਦਾ। ਇੰਝ ਲੱਗਦਾ ਹੈ ਕਿ ਉਸ ਦੇ ਗਲੇ ਵਿੱਚ ਸੰਗੀਤ ਦੀ ਦੇਵੀ ਸਰਸਵਤੀ ਆਪ ਬਿਰਾਜ਼ਮਾਨ ਹੋ ਕੇ ਬੈਠੀ ਹੋਈ। ਜਦ ਉਹ ਸੁਰਾਂ ਦੇ ਸੁਮੇਲ ਨਾਲ ਗਾਉਂਦਾ ਹੈ ਤਾਂ ਉਸ ਵੇਲੇ ਸਹਿਜੇ ਹੀ ਇਹ ਅੰਦਾਜ਼ਾ ਲੱਗ ਜਾਂਦਾ ਹੈ ਕਿ ਉਹਦਾ ਉਸਤਾਦ ਕੋਈ ਆਮ ਸਖ਼ਸ਼ ਨਹੀਂ ਹੋ ਸਕਦਾ। ਇਹ ਸ਼ਗਿਰਦੀ ਦੀ ਭੱਟੀ ਵਿੱਚ ਪੈ ਕੇ ਪੂਰੀ ਤਰ੍ਹਾਂ ਤਪਿਆ ਹੈ ਤੇ ਆਪਣੀ ਚਮਕ ਬਿਖੇਰਨ ਲਈ ਯਤਨਸ਼ੀਲ ਹੁੰਦਾ ਹੋਇਆ ਪ੍ਰਤੀਤ ਹੁੰਦਾ ਹੈ। ਹਾਂ ਵਾਕਇ ਹੀ ਇਹ ਗੱਲ ਸੌ ਪ੍ਰਤੀਸ਼ਤ ਸੱਚ ਵੀ ਹੈ ਕਿ ਸੁਰਾਂ ਦਾ ਮੁਜੱਸ਼ਮਾਂ ਕਿਸੇ ਆਮ ਸਖ਼ਸ਼ ਦਾ ਸ਼ਗਿਰਦ ਨਹੀਂ ਇਹ ਸੂਫ਼ੀ ਗਾਇਕ ਪਦਮ ਸ਼੍ਰੀ ਹੰਸ ਰਾਜ ਹੰਸ ਜੀ ਸ਼ਗਿਰਦੀ ਦੀ ਭੱਟੀ ਵਿੱਚ ਤਪਿਆ ਹੋਇਆ ਲੋਹੇ ਤੋਂ ਸੋਨੇ ਵਿੱਚ ਤਬਦੀਲ ਹੋਇਆ ਤੇ ਸੰਗੀਤਕ ਦੁਨੀਆਂ ਵਿੱਚ ਆਪਣੀ ਚਮਕ ਬਖ਼ੇਰਨ ਲਈ ਤਤਪਰ ਪ੍ਰਤੀਤ ਹੋ ਰਿਹਾ ਹੈ।

ਜੇਕਰ ਇਸਦੇ ਮੁਢਲੇ ਜੀਵਨ ਦੀ ਗੱਲ ਕਰੀਏ ਤਾਂ ਇਸ ਦਾ ਜਨਮ 15 ਮਾਰਚ, ਸੰਨ 1976 ਨੂੰ ਪਿੰਡ ਚੱਕ ਜਿੰਦਾਂ, ਜ਼ਿਲ੍ਹਾ ਜਲੰਧਰ ਵਿੱਚ ਪਿਤਾ ਸੁਰਿੰਦਰ ਸਿੰਘ ਦੇ ਘਰ ਮਾਤਾ ਭਜਨ ਕੌਰ ਦੀ ਕੁੱਖੋਂ ਹੋਇਆ। ਬਚਪਨ ਪਿੰਡ ਵਿੱਚ ਹੀ ਗੁਜ਼ਰਿਆ। ਪਿੰਡ ਦੇ ਸਰਕਾਰੀ ਸਕੂਲ ਵਿੱਚ ਹੀ ਮੁੱਢਲੀ ਵਿੱਦਿਆ ਗ੍ਰਹਿਣ ਕੀਤੀ ਤੇ ਇਸ ਉਪਰੰਤ 1995-96 ਦੌਰਾਨ ਡੀ. ਏ. ਵੀ ਕਾਲਜ ਜਲੰਧਰ ਤੋਂ ਬੀ. ਏ. ਦੀ ਪੜ੍ਹਾਈ ਪੂਰੀ ਕੀਤੀ। ਉੱਥੇ ਪੜ੍ਹਾਈ ਦੌਰਾਨ ਆਪ ਨੇ ਮਿਊਜ਼ਕ ਜਗਤ ਦੇ ਜਾਣੇ-ਪਹਿਚਾਣੇ ਉਸ਼ਤਾਦ ਪ੍ਰੋ. ਬੀ. ਐੱਸ. ਨਾਰੰਗ ਸਾਹਿਬ ਨੂੰ ਆਪਣੀ ਮਿਊਜ਼ਕ ਸਿੱਖਿਆ ਦਾ ਗੁਰੂ ਬਣਾਇਆ। ਉਸ਼ਤਾਦ ਦੀ ਕੀਤੀ ਮਿਹਨਤ ਰੰਗ ਲਿਆਈ ਤਾਂ ਜਸਵਿੰਦਰ ਗੁਲਾਮ ਨੇ ਮਿਊਜ਼ਕ ਵਿੱਚ ਆਪਣਾ ਭਵਿੱਖ ਲੱਭਣਾ ਸ਼ੁਰੂ ਕਰ ਦਿੱਤਾ। ਜਸਵਿੰਦਰ ਗੁਲਾਮ ਦਾ ਮੰਨਣਾ ਹੈ ਕਿ ਉਸ ਦੇ ਮਨ ਵਿੱਚ ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਗਹਿਰੇ ਸਮੁੰਦਰ ਦੀਆਂ ਛੱਲਾਂ ਵਾਂਗ ਠਾਠਾਂ/ਹੁਲਾਰੇ ਮਾਰਦਾ ਰਿਹਾ। ਭਾਵ ਗਾਇਕੀ ਦਾ ਕੀੜਾ ਬਚਪਨ ਤੋਂ ਹੀ ਮਨ ਦੇ ਧੁਰ ਅੰਦਰ ਤੱਕ ਆਪਣਾ ਘਰ ਬਣਾ ਬੈਠਾ ਸੀ। ਜੋ ਅੱਗੇ ਦੀ ਅੱਗੇ ਵਧਦਾ ਗਿਆ ਤੇ ਧੁਰ ਤੱਕ ਨਿਕਲ ਚੁੱਕਾ ਹੈ।



ਪੜ੍ਹਾਈ ਉਪਰੰਤ ਦੁਨੀਆਂ ਦੀ ਜਾਣੀ-ਪਹਿਚਾਣੀ ਸੂਫ਼ੀ ਆਵਾਜ਼ ਦੇ ਮਾਲਕ ਉਸ਼ਤਾਦ ਪਦਮ ਸ੍ਰੀ ਜ਼ਨਾਬ ਹੰਸ ਰਾਜ ਹੰਸ ਜੀ ਨੂੰ ਆਪਣਾ ਉਸ਼ਤਾਦ ਧਾਰ ਲਿਆ ਤੇ ਸੰਗੀਤਕ ਸਮੁੰਦਰ ਵਿੱਚ ਠਿੱਲਣ ਦੀ ਪੂਰੀ ਤਰ੍ਹਾਂ ਤਿਆਰੀ ਕੱਸ ਲਈ। ਉਨ੍ਹਾਂ ਦੀ ਸ਼ਗਿਰਦੀ ਦੀ ਭੱਟੀ ਵਿੱਚ ਤਪਦਾ ਤਪਦਾ ਇਹ ਲੋਹਾ, ਸੋਨੇ ਵਿੱਚ ਤਬਦੀਲ ਹੋਣ ਦਾ ਯਤਨ ਕਰਨ ਲੱਗਾ। ਅਕਤੂਬਰ, 2001 ਵਿੱਚ ਆਪ ਦੀ ਸ਼ਾਦੀ ਸ੍ਰੀਮਤੀ ਜੋਤੀ ਸਹੋਤਾ ਨਾਲ ਹੋ ਗਈ। ਆਪ ਦੇ ਘਰ ਦੋ ਪੁੱਤਰ ਤਰਮ ਸਹੋਤਾ ਅਤੇ ਸੌਰਵ ਸਹੋਤਾ ਹਨ।

ਕਿਉਂਕਿ ਬਚਪਨ ਤੋਂ ਹੀ ਗਾਇਕੀ ਨੂੰ ਆਪਣਾ ਕੈਰੀਅਰ ਮੰਨਿਆਂ ਇਸ ਲਈ ਜਸਵਿੰਦਰ ਗੁਲਾਮ ਨੇ ਸੰਗੀਤ ਨਾਲ ਆਪਣੀ ਐਸੀ ਸਾਂਝ ਪਾਈ ਕਿ ਚੱਲ ਸੋ ਚੱਲ ਆਪਣੇ ਸੁਣਨ ਵਾਲਿਆਂ ਦੀ ਝੋਲੀ ਵਿੱਚ ਗੀਤਾਂ ਤੇ ਭਜਨਾਂ ਰੂਪੀ ਪੁਸ਼ਪ ਪਾਉਂਦਾ ਰਿਹਾ। ਵਰਿੰਦਰ ਬਚਨ ਦੇ ਮਿਊਜ਼ਕ ਨਾਲ ਸ਼ਿੰਗਾਰੀ ਹੋਈ ਉਸਦੀ ਪਹਿਲੀ ਟੇਪ 'ਦਿਲ ਦੇਵੀਂ ਨਾ' (1998) ਜਿਸ ਵਿੱਚ ਤਕਰੀਬਨ 8 ਗੀਤ ਪਾਏ ਗਏ। ਫਿਰ 2000 ਵਿੱਚ ਦੂਜੀ ਟੇਪ 'ਆਸ਼ਕਾਂ ਦਾ ਸ਼ਹਿਰ' ਲੈ ਕੇ ਸਰੋਤਿਆਂ ਦੀ ਕਚਿਹਰੀ ਵਿੱਚ ਹਾਜ਼ਰ ਹੋਇਆ ਤੇ ਬਹਿਜਾ-ਬਹਿਜਾ ਖੱਟੀ। ਇਸ ਤੋਂ ਬਾਅਦ ਚੱਲ ਸੋ ਚੱਲ ਆਪਣੀਆਂ ਸੰਗੀਤਕ ਗਤੀਵਿਧੀਆਂ ਨੂੰ ਜਾਰੀ ਰੱਖਿਆ। ਫਿਰ ਸਿੰਗਲ ਟਰੈਕ ਦਾ ਦੌਰ ਚੱਲ ਪਿਆ ਤਾਂ ਵੀ ਜਸਵਿੰਦਰ ਨੇ ਪਾਸਾ ਨਹੀਂ ਵੱਟਿਆ। ਲਗਾਤਾਰ 'ਰਾਂਝਾਂ ਹੋ ਗਿਆ', 'ਸੋਹਣਾ ਦਿਲਦਾਰ', 'ਰੱਖ ਚਰਨਾਂ ਦੇ ਕੋਲ' ਟਰੈਕ ਲੈ ਕੇ ਦਰਸ਼ਕਾਂ ਦੀ ਕਚਹਿਰੀ ਵਿੱਚ ਪੇਸ਼ ਹੋ ਗਿਆ। 'ਰੱਖ ਚਰਨਾ ਦੇ ਕੋਲ' ਮਹਾਂਰਿਸ਼ੀ ਵਾਲਮੀਕ ਜੀ ਮਹਾਰਾਜ ਨੂੰ ਸਮਰਪਿਤ ਹੈ। ਅੱਜ ਕੱਲ੍ਹ ਵੀ ਉਸਦਾ ਇੱਕ ਨਵਾਂ ਟਰੈਕ 'ਅੱਜ ਇਸ਼ਕ ਨਚਾਵੇ' ਫੇਸਬੁੱਕ ਅਤੇ ਯੂ. ਟਿਊਬ ਜਿਹੇ ਸੋਸ਼ਲ ਮੀਡਿਆ 'ਤੇ ਛਾਇਆ ਹੋਇਆ ਹੈ ਅਤੇ ਨਵਾਂ ਟਰੈਕ 'ਬਿੱਲੋ ਦੀ ਬੱਲੇ-ਬੱਲੇ' ਲਈ ਤਿਆਰੀ ਪੂਰੀ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀ ਹੈ। ਜਿਹੜਾ ਕਿ ਫਰਵਰੀ ਤੱਕ ਸਰੋਤਿਆਂ ਦੀ ਕਚਿਹਰੀ ਵਿੱਚ, ਉਨ੍ਹਾਂ ਦੇ ਅੱਖਾਂ ਅਤੇ ਕੰਨਾਂ ਤੱਕ ਆਪਣੀ ਪਹੁੰਚ ਬਣਾ ਲਵੇਗਾ। ਅਸੀਂ ਅਰਦਾਸ ਕਰਦੇ ਹਾਂ ਕਿ ਸੁਰਾ ਦਾ ਗਿਆਨ ਰੱਖਣ ਵਾਲੇ ਇਸ ਸਖ਼ਸ਼ ਜਸਵਿੰਦਰ ਗੁਲਾਮ ਨੂੰ ਪਰਮਾਤਮਾ ਚੜ੍ਹਦੀ ਕਲਾ ਵਿੱਚ ਰੱਖੇ।

ਆਮੀਨ!!!



ਪਰਸ਼ੋਤਮ ਲਾਲ ਸਰੋਏ
91-92175-44348

# ਅੰਤਰਰਾਸ਼ਟਰੀ ਸੀਮਾ (ਬਾਰਡਰ) ਉੱਤੇ ਭਾਰਤ ਨੂੰ ਰੱਖਣੀ ਹੋਵੇਗੀ ਸਖਤ ਚੌਕਸੀ



ਮਾਸਟਰ ਹਰੇਸ਼ ਕੁਮਾਰ
91-84279-19192

ਭਾਰਤ ਦੀ ਧਰਤੀ ਉੱਤੇ ਪੁਰਾਤਨ ਸਮੇਂ ਤੋਂ ਹੀ ਵਿਦੇਸ਼ੀ ਹਮਲਾਵਰ/ਆਂਤਕੀ ਹਮਲੇ ਕਰਦੇ ਆਏ ਹਨ। ਇਹ ਹਮਲੇ ਮੱਧਕਾਲ ਵਿੱਚ ਵੀ ਜਾਰੀ ਰਹੇ ਅਤੇ ਆਧੁਨਿਕ ਯੁੱਗ ਵਿੱਚ ਵੀ ਜਾਰੀ ਹਨ। ਭਾਰਤ ਵਿੱਚ ਵਿਦੇਸ਼ੀ ਹਮਲਾਵਰਾਂ/ਆਂਤਕੀਆਂ ਨੇ ਪੱਛਮ ਦਿਸ਼ਾ ਵੱਲੋਂ ਹੀ ਜਿਆਦਾ ਹਮਲੇ ਕੀਤੇ ਹਨ। ਭਾਰਤ ਦੇ ਪੰਜਾਬ ਪ੍ਰਾਂਤ ਨੇ ਬਹੁਤ ਸਾਰੇ ਵਿਦੇਸ਼ੀ ਹਮਲਾਵਰਾਂ/ਆਂਤਕੀਆਂ ਦੇ ਹਮਲੇ ਸਹਿਣ ਕੀਤੇ ਹਨ। ਅੱਜ ਵੀ ਜੰਮੂ-ਕਸ਼ਮੀਰ, ਪੰਜਾਬ ਅਤੇ ਰਾਜਸਥਾਨ ਦਾ ਇੰਟਰਨੈਸ਼ਨਲ ਬਾਰਡਰ ਆਂਤਕੀਆਂ ਦੇ ਹਮਾਲਆਂ ਦੀ ਪਹਿਲੀ ਪਸੰਦ ਹੈ। ਪੁਰਾਤਨ ਸਮੇਂ ਵਿੱਚ ਈਰਾਨ, ਅਰਬ ਦੇਸ਼, ਅਫ਼ਗਾਨਿਸਤਾਨ ਅਤੇ ਇਹਨਾਂ ਦੇ ਨਾਲ ਲੱਗਦੇ ਹੋਰ ਦੇਸ਼ਾਂ ਭਾਰਤ ਉੱਤੇ ਆਪਣੇ ਹਮਲੇ/ਆਂਤਕੀ ਹਮਲੇ ਜਾਰੀ ਕੀਤੇ ਸਨ। ਇਹਨਾਂ ਦੇਸ਼ਾਂ ਦੇ ਹਮਲਾਵਰਾਂ ਦਾ ਮੁੱਖ ਉਦੇਸ਼ ਭਾਰਤ ਦੀ ਧੰਨ-ਦੋਲਤ ਲੁੱਟਣਾ ਅਤੇ ਆਪਣੇ ਰਾਜ ਦਾ ਵਿਸਤਾਰ ਕਰਨਾ ਸੀ। ਭਾਰਤ ਉੱਤੇ ਜਿੱਤ ਪ੍ਰਾਪਤ ਕਰਦੇ ਹੀ ਇਹਨਾਂ ਹਮਲਾਵਰਾਂ ਨੇ ਭਾਰਤ ਵਿੱਚ ਆਪਣੇ ਧਰਮ ਅਤੇ ਭਾਸ਼ਾ ਦਾ ਵੀ ਪ੍ਰਚਾਰ ਸ਼ੂਰੂ ਕਰ ਦਿੱਤਾ ਸੀ। ਪੁਰਾਤਨ ਸਮੇਂ ਤੋਂ ਹੀ ਅਰਬੀ, ਫਾਰਸੀ ਅਤੇ ਹੋਰ ਕਈ ਭਾਸ਼ਾ ਦਾ ਪ੍ਰਚਾਰ ਵਿਦੇਸ਼ੀਆਂ ਭਾਰਤ ਅੰਦਰ ਸ਼ੂਰੂ ਕੀਤਾ ਸੀ। ਅੱਜ ਵੀ ਭਾਰਤ ਅੰਦਰ ਬਹੁਤ ਸਾਰਾ ਸਰਕਾਰੀ ਅਤੇ ਗ਼ੈਰ-ਸਰਕਾਰੀ ਰਿਕਾਰਡ ਉਰਦੂ ਭਾਸ਼ਾ ਵਿੱਚ ਹੈ।ਇਸਲਾਮ ਨੂੰ ਸਰਕਾਰੀ ਧਰਮ ਬਣਾ ਕਿ ਹਰ ਕੀਮਤ ਉੱਤੇ ਭਾਰਤ ਵਿੱਚ ਫੈਲਾਉਣਾ ਉਹਨਾਂ ਦਾ ਮੁੱਖ ਮੰਤਵ ਸੀ।ਉਹ ਭਾਰਤੀ ਲੋਕਾਂ ਨੂੰ ਆਪਣੇ ਧਰਮ ਜਾਲ ਵਿੱਚ ਫਸਾ ਕੇ ਲੰਮਾ ਸਮਾਂ ਇੱਥੇ ਰਾਜ ਕਰਨ ਦੇ ਇੱਛੁਕ ਸਨ ਜਿਸ ਵਿੱਚ ਉਹ ਕਾਫ਼ੀ ਹੱਦ ਤੱਕ ਕਾਮਯਾਬ ਵੀ ਰਹੇ। ਵਿਦੇਸ਼ੀਆਂ ਦੁਆਰਾ ਭਾਰਤ ਵਿੱਚ ਕੀਤੇ ਧਰਮ ਪਰਿਵਰਤਨ ਦਾ ਹੀ ਸਿੱਟਾ ਹੈ ਕਿ ਉਹ ਪਾਕਿਸਤਾਨ ਦੇ ਨਾਂ ਹੇਠ ਭਾਰਤ ਦੀ ਧਰਤੀ ਦੇ ਵੱਡੇ ਹਿੱਸੇ ਉੱਤੇ ਕਬਜ਼ਾ ਕਰ ਗਏ। ਭਾਰਤ ਦੀ ਧੰਨ-ਦੋਲਤ ਨੂੰ ਸਮੇਂ-ਸਮੇਂ ਉੱਤੇ ਵਿਦੇਸ਼ੀਆਂ ਦਿਲ ਭਰ ਕਿ ਲੁੱਟਿਆਂ। ਜਦ ਅੰਗਰੇਜ਼ ਭਾਰਤ ਵਿੱਚ ਆਏ ਤਾਂ ਉਹਨਾਂ ਵੀ ਆਪਣੇ ਧਰਮ ਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਢੰਗ ਨਾਲ ਭਾਰਤੀ ਲੋਕਾਂ ਉੱਤੇ ਥੋਪ ਦਿੱਤਾ। ਧਰਮ ਪਰੀਵਰਤਨ ਦੇ ਮਾਧਿਅਮ ਰਾਹੀ ਅੰਗਰੇਜ਼ ਵੀ ਲੰਮਾ ਸਮਾਂ ਭਾਰਤ ਉੱਤੇ ਰਾਜ ਕਰਦੇ ਰਹੇ। ਅੰਗਰੇਜ਼ਾਂ ਵੀ ਭਾਰਤ ਅੰਦਰ ਆਪਣੀ ਭਾਸ਼ਾ ਦਾ ਵੀ ਪ੍ਰਚਾਰ ਕੀਤਾ। ਪੁਰਾਤਨ ਯੁੱਗ ਤੋਂ ਹੀ ਭਾਰਤੀ ਲੋਕ ਧਰਮ-ਪਰੀਵਰਤਨ ਦੀ ਮਾਰ ਸਹਿੰਦੇ ਰਹੇ ਅਤੇ ਹਮਲਾਵਰਾਂ ਦੇ ਹਮਲੇ ਵੀ ਸਹਿੰਦੇ ਰਹੇ। ਵਿਦੇਸ਼ੀ ਫੌਜ ਹਮੇਸ਼ਾ ਭਾਰਤ ਉੱਤੇ ਉਸ ਸਮੇਂ ਦੀ ਆਧੁਨਿਕ ਯੁੱਧ ਤਕਨੀਕ ਨਾਲ ਹਮਲੇ ਕਰਨ ਕਰਕੇ ਯੁੱਧ ਜਿੱਤ ਜਾਂਦੀ ਰਹੀ ਸੀ। ਅੱਜ ਵੀ ਸਾਰੇ ਵਿਦੇਸ਼ੀ ਭਾਰਤ ਨੂੰ ਅਤੀ-ਆਧੁਨਿਕ ਯੁੱਧ ਤਕਨੀਕ ਅਤੇ ਅਤੀ-ਆਧੁਨਿਕ ਹਥਿਆਰਾਂ ਨਾਲ ਘੇਰਨ ਦੀ ਫਿਰਾਕ ਵਿੱਚ ਯੋਜਨਾਵਾਂ ਬਣਾਉਂਦੇ ਰਹਿੰਦੇ ਹਨ। ਪੁਰਾਤਨ ਸਮੇਂ ਤੋਂ ਹੀ ਕਈ ਹਮਲਾਵਰ ਭਾਰਤ ਆਉਂਦੇ ਰਹੇ। ਸ਼ੱਕ, ਕੁਸ਼ਾਨ, ਮੰਗੋਲ, ਡੱਚ, ਅਰਬੀ, ਫਰਾਂਸੀ, ਮੁਗਲ, ਤੁਗਲਕ, ਗ਼ਜ਼ਨਵੀ, ਅੰਗਰੇਜ਼ ਸਾਰੇ ਹਮਲਾਵਰਾਂ ਦੇ ਰੂਪ ਵਿੱਚ ਹੀ ਭਾਰਤ ਪ੍ਰਵੇਸ਼ ਕੀਤੇ।ਸਿਕੰਦਰ ਵਰਗੇ ਹਮਲਾਵਰਾਂ ਵੀ ਭਾਰਤ ਦੀ ਸੰਪਤੀ ਨੂੰ ਖੂਬ ਲੁੱਟਿਆ। ਹਜ਼ਾਰਾਂ ਵਾਰ ਭਾਰਤ ਦੀ ਸੰਪਤੀ ਅਤੇ ਇੱਜ਼ਤ ਨੂੰ ਵਿਦੇਸ਼ੀਆਂ ਲੁੱਟਿਆ। ਇਸ ਤਰਾਂ ਬਹੁਤ ਵਿਸ਼ਾਲ ਭਾਰਤ ਦੇਸ਼ ਪੁਰਾਤਨ ਸਮੇਂ ਤੋਂ ਹੀ ਟੋਟੇ-ਟੋਟੇ ਹੁੰਦਾ ਰਿਹਾ। ਇਰਾਨ, ਅਫ਼ਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼, ਮਿਅਮਾਰ, ਨੇਪਾਲ ਅਤੇ ਹੋਰ ਕਈ ਦੇਸ਼ ਕਦੇ ਭਾਰਤ ਦੀ ਧਰਤੀ ਦਾ ਹੀ ਹਿੱਸਾ ਸਨ ਜਿਨ੍ਹਾਂ ਨੂੰ ਹਮਲਾਵਰਾਂ ਦੇ ਹਮਲਿਆਂ ਹੀ ਵੰਡ ਦਿੱਤਾ ਸੀ। ਨਾਦਰਸ਼ਾਹ, ਮੁਹੰਮਦ ਤੁਗਲਕ, ਮੁਹੰਮਦ ਗ਼ਜ਼ਨਵੀ, ਖਿਲਜੀ ਵੰਸ਼, ਬਾਬਰ ਦੇ ਹਮਲਿਆਂ ਨੇ ਭਾਰਤੀ ਸੀਮਾ ਵੱਲ ਘੁਸਪੈਠ ਕੀਤੀ ਸੀ। ਇਹਨਾਂ ਨੂੰ ਆਂਤਕੀ ਹਮਲੇ ਵੀ ਕਿਹਾ ਜਾ ਸਕਦਾ ਹੈ। ਵਿਦੇਸ਼ੀ ਪੁਰਾਣੇ ਸਮੇਂ ਤੋਂ ਹੀ ਭਾਰਤੀ ਫੌਜਾਂ ਨੂੰ ਹਰਾਉਣ ਵਾਸਤੇ ਉਸ ਸਮੇਂ ਦੀ ਨਵੀਂ ਯੁੱਧ ਪ੍ਰਣਾਲੀ ਅਤੇ ਨਵੇਂ ਹਥਿਆਰਾਂ ਦਾ ਇਸਤੇਮਾਲ ਕੀਤਾ ਸੀ ਜੋ ਭਾਰਤ ਦੀ ਹਾਰ ਦਾ ਕਾਰਣ ਬਣਿਆ। ਅੱਜ ਵੀ ਉਹਨਾਂ ਹਮਲਾਵਰਾਂ ਦੇ ਦੇਸ਼ਾਂ ਵਿੱਚ ਪੁਰਾਣੇ ਕਮਜ਼ੋਰ ਭਾਰਤ ਦੀ ਤਸਵੀਰ ਹੀ ਹੈ। ਉਹ ਭਾਰਤ ਨੂੰ ਅਤੇ ਇੱਥੋਂ ਦੇ ਲੋਕਾਂ ਨੂੰ ਕਮਜ਼ੋਰ ਅਤੇ ਡਰਪੋਕ ਲੋਕ ਹੋਣ ਦੀ ਨਜ਼ਰਾਂ ਨਾਲ ਵੇਖਦੇ ਹਨ। ਉਹਨਾਂ ਦੇ ਬਜ਼ੁਰਗ ਆਪਣੇ ਬੱਚਿਆਂ ਨੂੰ ਭਾਰਤ ਪ੍ਰਤੀ ਇਸ ਤਰਾਂ ਦੀਆਂ ਕਹਾਣੀਆਂ ਬਚਪਨ ਤੋਂ ਹੀ ਸੁਣਾਉਣਾ ਸ਼ੂਰੂ ਕਰ ਦੇਂਦੇ ਹਨ। ਉਹ ਆਪਣੀ ਨਵੀਂ ਨਸਲ ਨੂੰ ਦੱਸਦੇ ਹਨ ਕਿ ਉਹਨਾਂ ਭਾਰਤ ਉੱਤੇ ਲੰਮਾ ਸਮਾਂ ਰਾਜ ਕੀਤਾ ਅਤੇ ਭਾਰਤੀਆਂ ਨੂੰ ਗੁਲਾਮ ਬਣਾ ਕਿ ਰੱਖਿਆ। ਇਹ ਸਭ ਗੱਲਾਂ ਅੱਜ ਵੀ ਵਿਦੇਸ਼ੀ ਹਮਲਾਵਰਾਂ ਨੂੰ ਭਾਰਤ ਅੰਦਰ ਹਮਲੇ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਇਸ ਤੋਂ ਇਲਾਵਾ ਸਾਲ 1948 ਵਿੱਚ ਕਸ਼ਮੀਰ ਦੀ ਜੰਗ, ਸਾਲ 1962 ਵਿੱਚ ਚੀਨ ਦੀ ਜੰਗ, ਸਾਲ 1965 ਵਿੱਚ ਪਾਕਿਸਤਾਨ ਦੀ ਜੰਗ, ਸਾਲ 1971 ਵਿੱਚ ਪਾਕਿਸਤਾਨ ਦੀ ਜੰਗ ਅਤੇ ਕਾਰਗਿਲ ਦੀ ਜੰਗ ਭਾਰਤ ਸਹਿ ਚੁੱਕਾ ਹੈ।ਭਾਰਤ ਦੇ ਅੰਦਰ ਅਤੇ ਅੰਤਰਰਾਸ਼ਟਰੀ ਸੀਮਾ ਉੱਤੇ ਪੁਲਸ਼, ਪੈਰਾ ਮਿਲਟਰੀ ਫੋਰਸ, ਆਰਮੀ ਅਤੇ ਆਮ ਨਾਗਰਿਕਾਂ ਉੱਤੇ ਅੱਜ ਵੀ ਵਿਦੇਸ਼ੀ ਹਮਲੇ ਜਾਰੀ ਹਨ।ਆਏ ਦਿਨ ਕਿਧਰੇ ਨਾ ਕਿਧਰੇ ਆਂਤਕੀ ਹਮਲੇ ਕਰਦੇ ਹੀ ਆ ਰਹੇ ਹਨ। ਇਹ ਸਾਰੇ ਹਮਲੇ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ। ਭਾਰਤ ਦਾ ਵਿਕਾਸ ਵਿਦੇਸ਼ੀਆਂ ਦੀਆਂ ਅੱਖਾਂ ਵਿੱਚ ਅੱਜ ਵੀ ਰੜਕਦਾ ਹੈ। ਵਿਦੇਸ਼ੀ ਭਾਰਤ ਦੀ ਤਰੱਕੀ ਨੂੰ ਆਪਣੇ ਲਈ ਖਤਰਾ ਮੰਨਦੇ ਹਨ। ਜੰਮੂ-ਕਸ਼ਮੀਰ ਰਾਜ ਦੀ ਅੰਤਰਰਾਸ਼ਟਰੀ ਸੀਮਾ ਵਿਦੇਸ਼ੀ ਹਮਲਾਵਰਾਂ ਲਈ ਸਭ ਤੋਂ ਪਸੰਦੀਦਾ ਦੀ ਥਾਂ ਹੈ। ਜੰਮੂ-ਕਸ਼ਮੀਰ ਰਾਜ ਵਿੱਚ ਹਰ ਰੋਜ਼ ਭਾਰਤੀ ਫੌਜ, ਬੀ.ਐਸ਼.ਐਫ, ਸੀ.ਆਰ.ਪੀ.ਐਫ, ਸਥਾਨਿਕ ਪੁਲਸ ਅਤੇ ਹੋਰ ਸੁਰੱਖਿਆ ਫੋਰਸ ਉੱਤੇ ਲਗਾਤਾਰ ਹਮਲੇ ਕਈ ਸਾਲਾਂ ਤੋਂ ਹਰ ਰੋਜ਼ ਹੀ ਹੋ ਰਹੇ ਹਨ। ਪਾਕਿਸਤਾਨ ਗੁਆਂਢੀ ਮੁਲਕ ਲਗਾਤਾਰ ਹਮਲਾਵਰਾਂ ਦੀ ਮਦਦ ਕਰ ਰਿਹਾ ਹੈ। ਸਥਾਨਿਕ ਨੌਜਵਾਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਸਥਾਨਿਕ ਪੁਲਸ ਵਿੱਚੋਂ ਵੀ ਮੁਲਾਜ਼ਮ ਹਥਿਆਰਾਂ ਸਮੇਤ ਭਗੌੜੇ ਹੋ ਕਿ ਆਂਤਕੀ ਬਣ ਰਹੇ ਹਨ। ਕਈ ਸਾਲਾਂ ਤੋਂ ਜੰਮੂ-ਕਸ਼ਮੀਰ ਵਿੱਚ ਹਰ ਰੋਜ਼ ਹੀ ਬੰਬ ਧਮਾਕੇ ਹੋ ਰਹੇ ਹਨ। ਗੋਲੀਆਂ ਚਲ ਰਹੀਆਂ ਹਨ। ਗਰਨੇਡ ਸੁੱਟੇ ਜਾ ਰਹੇ ਹਨ। ਸਥਾਨਿਕ ਨਾਗਰਿਕ, ਪੁਲਸ, ਫੌਜ, ਪੈਰਾ ਮਿਲਟਰੀ ਫੋਰਸ ਦੇ ਮੁਲਾਜ਼ਮਾਂ ਦੀਆਂ ਘਰਾਂ ਵਿੱਚੋਂ ਕੱਢ ਕਿ ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਦੇ ਪਰਿਵਾਰਾਂ ਉੱਤੇ ਹਮਲੇ ਹੋ ਰਹੇ ਹਨ। ਹੁਣ ਤੱਕ ਜੰਮੂ-ਕਸ਼ਮੀਰ ਅੰਦਰ ਹਜ਼ਾਰਾਂ ਦੀ ਤਦਾਦ ਵਿੱਚ ਸੁਰੱਖਿਆ ਬਲਾਂ ਦੇ ਮੁਲਾਜ਼ਮ ਅਤੇ ਅਧਿਕਾਰੀ ਸ਼ਹੀਦ ਹੋ ਚੁੱਕੇ ਹਨ। ਰਾਜ ਵਿੱਚ ਵੱਸਦੇ ਹਿੰਦੂ ਧਰਮ ਦੇ ਲੋਕ ਅਤੇ ਹੋਰ ਧਰਮਾਂ ਦੇ ਲੋਕਾਂ ਦੇ ਕਤਲ ਕੀਤੇ ਜਾ ਚੁੱਕੇ ਹਨ। ਹਿੰਦੂ ਧਰਮ ਨਾਲ ਸਬੰਧਿਤ ਅਤੇ ਹੋਰ ਧਰਮਾਂ ਨਾਲ ਸਬੰਧਿਤ ਬਹੁਤ ਸਾਰੇ ਨਾਗਰਿਕ ਇਸ ਰਾਜ ਵਿੱਚੋਂ ਪਲਾਨ ਕਰ ਚੁੱਕੇ ਹਨ। ਉਹ ਭਾਰਤ ਦੇ ਹੋਰ ਰਾਜਾ ਵਿੱਚ ਚਲੇ ਗਏ ਹਨ। ਹਿੰਦੂ ਧਰਮ, ਹੋਰ ਧਰਮਾਂ ਦੇ ਲੋਕਾਂ ਦੀ ਅਤੇ ਕਸ਼ਮੀਰੀ ਪੰਡਤਾਂ ਦੇ ਲੋਕਾਂ ਦੀ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਹੈ। ਉਹਨਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨੂੰ ਵੀ ਆਂਤਕੀਆਂ ਮਿੱਟੀ ਵਿੱਚ ਰੋਲਿਆ ਹਨ। ਉਹਨਾਂ ਦੇ ਘਰ,ਪਲਾਟ, ਜਮੀਨ, ਬਾਗ ਅਤੇ ਹੋਰ ਸੰਪਤੀ ਨੂੰ ਜਬਰਦਸਤੀ ਧਰਮਪ੍ਰਸਤ ਇਸਲਾਮਿਕ ਲੋਕਾਂ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਬਹੁਤ ਸਾਰੀ ਸੰਪਤੀ ਨੂੰ ਅੱਗ ਦੇ ਭੇਂਟ ਵੀ ਕੀਤਾ ਜਾ ਚੁੱਕਾ ਹੈ। ਬਹੁਤ ਸਾਰੇ ਮੰਦਰਾਂ ਅਤੇ ਹੋਰ ਧਰਮ ਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ। ਹਿੰਦੂ ਧਰਮ ਅਤੇ ਹੋਰ ਧਰਮਾਂ ਦੇ ਲੋਕ ਸ਼ਰਨਾਰਥੀ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹਨ। ਭਾਰਤ ਅੰਦਰ ਹੋਰ ਰਾਜਾਂ ਵਿੱਚ ਇਸਲਾਮ ਨੂੰ ਮੰਨਣ ਵਾਲੇ ਮਜੇ ਨਾਲ ਰਹਿ ਰਹੇ ਹਨ ਪਰ ਜੰਮੂ-ਕਸ਼ਮੀਰ



ਅੰਦਰ ਹਿੰਦੂਆਂ ਅਤੇ ਹੋਰ ਧਰਮਾਂ ਦੇ ਲੋਕਾਂ ਦੀ ਦੁਰਦਸ਼ਾ ਕੀਤੀ ਜਾ ਰਹੀ ਹੈ। ਜੰਮੂ-ਕਸ਼ਮੀਰ/ਸ੍ਰੀਨਗਰ ਵਿੱਚ ਵੱਸਦੇ ਕੱਟੜਪੰਥੀਆਂ ਦੇ ਆਪਣੇ ਰਿਸ਼ਤੇਦਾਰ ਅਤੇ ਹੋਰ ਸਬੰਧੀ ਭਾਰਤ ਦੇ ਹੋਰ ਰਾਜਾ ਵਿੱਚ ਰਹਿ ਕਿ ਮਜੇ ਲੁੱਟ ਰਹੇ ਹਨ ਪਰ ਧਰਮ ਦੇ ਨਾਂ ਉੱਤੇ ਹਿੰਦੂ ਧਰਮ ਅਤੇ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਜੰਮੂ-ਕਸ਼ਮੀਰ ਵਿੱਚ ਤੰਗ ਕੀਤਾ ਗਿਆ ਹੈ ਜੋ ਵੱਡੀ ਬੇਇਨਸਾਫ਼ੀ ਹੈ। ਇਹਨਾਂ ਰਸਤਿਆਂ ਦਾ ਇਸਤੇਮਾਲ ਕਰਕੇ ਆਂਤਕੀ ਪੰਜਾਬ ਅਤੇ ਦਿੱਲੀ ਤੱਕ ਹਮਲੇ ਕਰਨ ਵਿੱਚ ਕਾਮਯਾਬ ਹੋਏ ਹਨ।ਭਾਰਤੀ ਫੌਜ,ਪੈਰਾ ਮਿਲਟਰੀ ਫੋਰਸ,ਪੁਲਸ ਅਤੇ ਹੋਰ ਸੁਰੱਖਿਆ ਦਸਤਿਆਂ ਦੀ ਵੱਡੀ ਤਦਾਦ ਜੰਮੂ-ਕਸ਼ਮੀਰ ਵਿੱਚ ਹੋਣ ਦੇ ਬਾਵਜੂਦ ਵੀ ਸਥਿਤੀ ਡਾਵਾਂਡੋਲ ਬਣੀ ਹੋਈ ਹੈ।

ਸਰੋਤਾਂ ਤੋਂ ਪਤਾ ਲੱਗਦਾ ਹੈ ਕਿ ਜੰਮੂ-ਕਸ਼ਮੀਰ ਅਤੇ ਸ੍ਰੀਨਗਰ ਦੇ ਆਸਪਾਸ ਜਿਆਦਾ ਮਸਜਿਦਾਂ ਵਿੱਚ ਇਮਾਮ/ਧਰਮ ਗੁਰੂ ਭਾਰਤ ਦੇ ਉੱਤਰ-ਪ੍ਰਦੇਸ਼ ਰਾਜ ਨਾਲ ਸਬੰਧਿਤ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਇਹਨਾਂ ਮਸਜਿਦਾਂ ਵਿੱਚ ਭਾਰਤ ਵਿਰੋਧੀ ਪਾਠ ਕਸ਼ਮੀਰੀ ਲੋਕਾਂ ਨੂੰ ਪੜ੍ਹਾ ਰਹੇ ਹਨ। ਇਹ ਭਾਰਤ ਪ੍ਰਤੀ ਧਾਰਮਿਕ ਆੜ ਵਿੱਚ ਅੱਗ ਉਗਲ ਰਹੇ ਹਨ। ਇਹ ਇਹਨਾਂ ਧਾਰਮਿਕ ਥਾਂਵਾਂ ਉੱਤੇ ਨੌਜਵਾਨਾਂ ਨੂੰ ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਤ ਕਰ ਰਹੇ ਹਨ।ਕਿਧਰੇ ਆਤੰਕ ਦੇ ਤਾਰ ਭਾਰਤ ਦੇ ਅੰਦਰ ਤਾਂ ਨਹੀਂ ਜੁੜੇ ਹਰ ਇਮਾਮ ਦੀ ਵੈਰੀਫਿਕੇਸ਼ਨ ਕਰਨ ਦੀ ਜਰੂਰਤ ਹੈ। ਕਦੇ ਪੁਰਾਤਨ ਸਮੇਂ ਵਿੱਚ ਜੰਮੂ-ਕਸ਼ਮੀਰ ਸ੍ਰੀਨਗਰ ਵਿੱਚ ਸਾਰੇ ਹੀ ਹਿੰਦੂ ਧਰਮ ਨੂੰ ਮੰਨਣ ਵਾਲੇ ਲੋਕ ਸਨ। ਕਸ਼ਮੀਰੀ ਪੰਡਤ ਵੀ ਇਹਨਾਂ ਵਿੱਚੋਂ ਮੁੱਖ ਸਨ। ਪਰ ਅਫ਼ਗਾਨਿਸਤਾਨ ਅਤੇ ਪੱਛਮ ਵੱਲੋਂ ਆਏ ਹਮਲਾਵਰਾਂ ਨੇ ਜੰਮੂ-ਕਸ਼ਮੀਰ ਅਤੇ ਸ੍ਰੀਨਗਰ ਦੇ ਇਲਾਕੇ ਵਿੱਚ ਇਸਲਾਮ ਧਰਮ ਦਾ ਪ੍ਰਚਾਰ ਕਰਕੇ ਲੋਕਾਂ ਦੀ ਸੋਚ ਭਾਰਤ ਪ੍ਰਤੀ ਬਦਲ ਦਿੱਤੀ। ਜੰਮੂ-ਕਸ਼ਮੀਰ ਦੀ ਅੰਤਰ-ਰਾਸ਼ਟਰੀ ਸੀਮਾ ਉੱਤੇ ਕਈ ਕਿਸਮ ਦੀਆਂ ਮੁਸ਼ਕਿਲਾਂ ਹਨ। ਇਹ ਸਹੀ ਹੈ ਕਿ ਉੱਥੇ ਸੁਰੱਖਿਆ ਦੇ ਪੂਰੇ ਪ੍ਰਬੰਧ ਕਰਨੇ ਔਖੇ ਹਨ। ਪਰ ਭਾਰਤ ਨੂੰ ਪਾਕਿਸਤਾਨ ਨਾਲ ਲੱਗਦੀ ਜੰਮੂ-ਕਸਮੀਰ ਦੀ ਹੱਦ ਅਤੇ ਸੀਮਾ ਨੂੰ ਪੂਰੀ ਤਰਾਂ ਸ਼ੀਲ ਕਰਨਾ ਹੋਵੇਗਾ। ਜਦ ਤੱਕ ਭਾਰਤ ਜੰਮੂ-ਕਸ਼ਮੀਰ/ਸ੍ਰੀਨਗਰ ਨਾਲ ਲੱਗਦੀ ਅੰਤਰ-ਰਾਸ਼ਟਰੀ ਸੀਮਾ ਪੂਰੀ ਤਰਾਂ ਸ਼ੀਲ ਨਹੀਂ ਕਰਦਾ ਉਦੋ ਤੱਕ ਇਸ ਇਲਾਕੇ ਵਿੱਚੋਂ ਆਤੰਕਵਾਦ ਖਤਮ ਹੋਣ ਦੀ ਉਮੀਦ ਇੱਕ ਮਜ਼ਾਕ ਹੋਵੇਗਾ। ਜੰਮੂ-ਕਸ਼ਮੀਰ/ਸ੍ਰੀਨਗਰ ਦੇ ਇਲਾਕੇ ਨਾਲ ਲੱਗਦੀ ਅੰਤਰਰਾਸ਼ਟਰੀ ਸੀਮਾ ਉੱਤੇ ਪਾਕਿਸਤਾਨ ਹਰ ਰੋਜ਼ ਕਿਧਰੇ ਨਾ ਕਿਧਰੇ ਸੁਰੱਖਿਆ ਬਲਾਂ ਉੱਤੇ ਹਮਲੇ ਕਰ ਰਿਹਾ ਹੈ। ਗਰਨੇਡ ਸੁੱਟਣਾ, ਗੋਲੀ ਚਲਾਉਣਾ, ਤੋਪਖ਼ਾਨੇ ਦਾ ਫਾਇਰ ਸੀਮਾ ਸੁਰੱਖਿਆ ਉੱਤੇ ਲੱਗੇ ਮੁਲਾਜ਼ਮਾਂ ਉੱਤੇ ਆਉਣਾ ਆਮ ਗੱਲ ਹੈ। ਗੁਆਂਢੀ ਮੁਲਕ ਆਪਣੀਆਂ ਘਿਨੋਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਹੈ। ਜੰਮੂ-ਕਸ਼ਮੀਰ ਅਤੇ ਸ੍ਰੀਨਗਰ ਦੇ ਇਲਾਕੇ ਵਿੱਚ ਆਂਤਕਵਾਦ ਨੂੰ ਮਾਲੀ ਸਹਾਇਤਾ ਵੀ ਸੀਮਾ ਰਸਤੇ ਅਤੇ ਹੋਰ ਕਈ ਸਾਧਨਾਂ ਰਾਹੀ ਗੁਆਂਢੀ ਮੁਲਕ ਹੀ ਦੇ ਰਹੇ ਹਨ।ਭਾਰਤ ਦੇ ਟੋਟੇ ਕਰਨ ਦੀ ਸਾਜ਼ਿਸ਼ ਤਹਿਤ ਵਿਦੇਸ਼ੀ ਖੁਫੀਆਂ ਏਜੰਸੀਆਂ ਵੀ ਕੰਮ ਕਰ ਰਹੀਆਂ ਹਨ। ਭਾਰਤੀ ਖ਼ੁਫ਼ੀਆ ਏਜੰਸੀਆਂ ਨੂੰ ਉਹਨਾਂ ਦੀਆਂ ਘਿਨੋਣੀਆਂ ਹਰਕਤਾਂ ਦਾ ਮੂੰਹ ਤੋੜ ਜੁਆਬ ਦੇਣਾ ਪਵੇਗਾ। ਸੋਸ਼ਲ ਮੀਡੀਆਂ, ਫੋਨ ਅਤੇ ਇੰਟਰਨੈਟ ਰਾਹੀ ਲਗਾਤਾਰ ਲੱਗ ਰਹੇ ਹਨੀ-ਟਰੈਪ ਵੀ ਭਾਰਤੀ ਫੌਜੀ ਅਤੇ ਨੀਮ-ਫੌਜੀ ਦਸਤਿਆਂ ਲਈ ਬੁਰਾ ਸੰਕੇਤ ਹੈ। ਭਾਰਤ ਨੂੰ ਇਹਨਾਂ ਸਾਧਨਾਂ ਉੱਤੇ ਵੀ ਸਖ਼ਤ ਨਿਗਰਾਨੀ ਰੱਖਣ ਦੀ ਲੋੜ ਹੈ।ਭਾਰਤ ਅੰਦਰ ਅੱਜ ਵੀ ਵਿਦੇਸ਼ੀ ਜਸੂਸਾਂ ਦਾ ਜਾਲ ਹੋਣ ਦਾ ਖਦਸ਼ਾ ਹੈ ਇਸ ਜਾਲ ਨੂੰ ਤੋੜਨ ਦੀ ਜਰੂਰਤ ਹੈ।

ਹਜ਼ਾਰਾਂ ਸਾਲ ਵਿਦੇਸ਼ੀ ਹਮਲੇ ਸਹਿ ਕਿ ਅਤੇ ਵਿਦੇਸ਼ੀਆਂ ਦੀ ਗੁਲਾਮੀ ਸਹਿ ਕਿ ਵੀ ਭਾਰਤ ਨੇ ਸਬਕ ਨਹੀਂ ਸਿੱਖਿਆ ਹੈ। ਹੁਣ ਵੀ ਵਕਤ ਰਹਿੰਦੇ ਪੂਰੇ ਦੇਸ਼ ਦੀ ਸੀਮਾ ਨੂੰ ਕਿਸੇ ਵੀ ਕੀਮਤ ਉੱਤੇ ਸ਼ੀਲ ਕਰਨ ਦੀ ਜਰੂਰਤ ਹੈ, ਤਾਂ ਜੋ ਗੁਆਂਢੀ ਮੁਲਕਾਂ ਦੀ ਭਾਰਤ ਵਿਰੋਧੀ ਦਖਲਅੰਦਾਜੀ ਬੰਦ ਹੋ ਸਕੇ।

ਕਸ਼ਮੀਰ ਦੇ ਇਲਾਕੇ ਵਿੱਚ ਰਹਿੰਦੇ ਬਹੁਤ ਸਾਰੇ ਰਾਜਨੀਤਿਕ ਲੀਡਰ ਵੀ ਨੌਜਵਾਨਾਂ ਨੂੰ ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਦੇ ਹਨ। ਸਰਕਾਰ ਨੂੰ ਇਹਨਾਂ ਸਾਰੇ ਲੋਕਾਂ ਉੱਤੇ ਨਕੇਲ ਕੱਸਣੀ ਚਾਹੀਦੀ ਹੈ। ਭਾਰਤ ਨੇ ਜਿਸ-ਜਿਸ ਫਿਰਕੇ ਨੂੰ ਪਾਲਿਆ ਪੋਸਿਆ ਹੈ ਅੰਤ ਉਹ ਹੀ ਦੇਸ਼-ਧਰੋਹੀ ਬਣਿਆ ਹੈ। ਜੰਮੂ-ਕਸ਼ਮੀਰ ਦੀ ਸੀਮਾ ਰਸਤੇ ਹੀ ਗੁਆਂਢੀ ਮੁਲਕ ਭਾਰਤ ਅੰਦਰ ਅੰਤਕ ਸਪਲਾਈ ਕਰ ਰਿਹਾ ਹੈ। ਇਸ ਆਤੰਕ ਦੀ ਕਾਲੀ ਖੇਡ ਵਿੱਚ ਕੁਝ ਸਥਾਨਿਕ ਲੋਕ ਵੀ ਸ਼ਾਮਿਲ ਹਨ। ਘਾਟੀ ਦੇ ਨੌਜਵਾਨਾਂ ਅਤੇ ਭਾਰਤ ਦੇ ਹੋਰ ਰਾਜਾਂ ਦੇ ਨੌਜਵਾਨਾਂ ਨੂੰ ਗੁਆਂਢੀ ਮੁਲਕ ਆਪਣੀ ਸਰਹੱਦ ਅੰਦਰ ਕੈਂਪ ਲਗਾ ਕਿ ਭਾਰਤ ਵਿਰੋਧੀ ਗਤੀਵਿਧੀਆਂ ਦੀ ਸਿਖਲਾਈ ਦੇ ਰਿਹਾ ਹੈ। ਇਹ ਕੈਂਪ ਗੁਆਂਢੀ ਦੇਸ਼ ਦੀ ਸਰੱਹਦ ਦੇ ਅੰਦਰ ਸੀਮਾ ਨਾਲ ਲੱਗਦੇ ਇਲਾਕੇਆਂ ਵਿੱਚ ਅਤੇ ਹੋਰ ਅੰਦਰੂਨੀ ਥਾਂਵਾਂ ਉੱਤੇ ਚਲਾਏ ਜਾ ਰਹੇ ਹਨ। ਧਰਮ ਦੇ ਨਾਂ ਉੱਤੇ ਰੱਬ ਦੀ ਇਬਾਦਤ ਦਾ ਗਲਤ ਪਾਠ ਪੜ੍ਹਾ ਕਿ ਨੌਜਵਾਨਾਂ ਨੂੰ ਗੁੰਮ ਰਾਹ ਕੀਤਾ ਜਾ ਰਿਹਾ ਹੈ।ਭਾਰਤ ਅੰਦਰ ਦੇਸ਼ ਵਿਰੋਧੀ ਗਤੀਵਿਧੀਆਂ ਕਰਨ ਵਾਲੇ ਅਨਸਰਾਂ ਨੂੰ ਵੀ ਗੁਆਂਢੀ ਮੁਲਕ ਸਰਨ ਦੇ ਦੇਂਦਾ ਹੈ। ਜੰਮੂ-ਕਸ਼ਮੀਰ ਦੇ ਕੁਝ ਸਿਆਸੀ ਆਗੂ ਭਾਰਤ ਦੀ ਕੇਂਦਰ ਸਰਕਾਰ ਤੋਂ ਸਹੂਲਤਾਂ, ਪੈਸ਼ਾ ਅਤੇ ਹੋਰ ਲਾਭ ਸਸਤੇ ਭਾਅ ਹਾਸਲ ਕਰਨ ਲਈ ਘਾਟੀ ਅੰਦਰ ਅੰਤਕ ਦਾ ਮਹੌਲ ਪੈਦਾ ਕਰਦੇ ਹਨ। ਜੰਮੂ-ਕਸ਼ਮੀਰ/ਸ੍ਰੀਨਗਰ ਨਾਲ ਲੱਗਦੀ ਸੀਮਾ ਰਸਤੇ ਅੰਤਕ ਦਾ ਸਮਾਨ, ਹਥਿਆਰ, ਗੋਲਾ-ਬਰੂਦ ਭਾਰਤ ਅੰਦਰ ਗੁਆਂਢੀ ਮੁਲਕ ਹੀ ਭੇਜ ਰਿਹਾ ਹੈ। ਜਦ ਤੱਕ ਭਾਰਤ ਗੁਆਂਢੀ ਮੁਲਕ ਦੇ ਨੱਕ ਵਿੱਚ ਦੱਮ ਨਹੀਂ ਕਰਦਾ ਉਹ ਘਟੀਆਂ ਹਰਕਤਾਂ ਤੋਂ ਬਾਜ ਨਹੀਂ ਆਵੇਗਾ। ਭਾਰਤੀ ਫੌਜ, ਰਾਸ਼ਟਰੀ ਰਾਇਫਲ, ਪੈਰਾ ਮਿਲਟਰੀ ਫੋਰਸ, ਪੁਲਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਅੰਤਕ ਨੂੰ ਕੁਚਲਣ ਦੀਆਂ ਪੂਰੀਆਂ ਸਖ਼ਤੀਆਂ ਹੋਣੀਆਂ ਚਾਹੀਦੀਆਂ ਹਨ। ਜਦ ਤੱਕ ਭਾਰਤ ਆਪਣੇ ਸੈਨਿਕਾਂ ਨੂੰ ਪੂਰੀਆਂ ਆਜਾਂਦ ਸਖ਼ਤੀਆਂ ਨਹੀਂ ਦੇਂਦਾ ਆਤੰਕਵਾਦ ਕਦੇ ਖਤਮ ਨਹੀਂ ਹੋ ਸਕਦਾ ਹੈ। ਫੌਜੀ ਅਤੇ ਨੀਮ ਫੌਜੀ ਦਸਤਿਆਂ ਦੇ ਜਵਾਨਾਂ ਅਤੇ ਅਧਿਕਾਰੀਆਂ ਨੂੰ ਵਿਦੇਸ਼ੀ ਗਤੀਵਿਧੀਆਂ ਨਾਲ ਨਿਪਟਣ ਦੀ ਪੂਰੀ ਅਜਾਦ ਸਖ਼ਤੀ ਦੇਣੀ ਚਾਹੀਦੀ ਹੈ। ਸਿਪਾਹੀ ਦੀ ਬਦੂੰਕ ਚੌਕ ਵਿੱਚ ਖੜੇ ਹੋ ਕਿ ਆਂਤਕੀਆਂ ਨੂੰ ਵਿਖਾਉਣ ਲਈ ਨਹੀਂ ਹੈ। ਮੌਜੂਦਾ ਸਥਿਤੀ ਵਿੱਚ ਸਿਪਾਹੀ ਦੀ ਬਦੂੰਕ ਚੌਕ ਵਿੱਚ ਖੜੇ ਹੋ ਕਿ ਜਨਤਾਂ ਨੂੰ ਵਿਖਾਉਣ ਲਈ ਹੀ ਹੈ। ਜਿਸਦਾ ਨਤੀਜਾ ਕਈ ਸਾਲਾਂ ਤੋਂ ਕੁਝ ਵੀ ਨਹੀਂ ਹੈ। ਇਸੇ ਤਰਾਂ ਪੰਜਾਬ, ਰਾਜਸਥਾਨ ਨਾਲ ਲੱਗਦੀ ਅੰਤਰ ਰਾਸਟਰੀ ਸੀਮਾ ਨੂੰ ਵੀ ਸ਼ੀਲ ਕਰਨ ਦੀ ਜਰੂਰਤ ਹੈ। ਇਹਨਾਂ ਇਲਾਕੇਆਂ ਰਾਹੀ ਵੀ ਵਿਦੇਸ਼ੀ ਹਮਲਾਵਰ/ਤਸ਼ਕਰ/ਦੇਸ਼-ਵਿਰੋਧੀ ਲੋਕ ਭਾਰਤ ਵਿੱਚ ਦਾਖਿਲ ਹੋਣ ਦੀ ਫਿਰਾਕ ਵਿੱਚ ਰਹਿੰਦੇ ਹਨ। ਪੰਜਾਬ ਦੇ ਜਿਲ੍ਹਾ ਪਠਾਨਕੋਟ ਨਾਲ ਲੱਗਦੀ ਅੰਤਰਰਾਸ਼ਟਰੀ ਸੀਮਾ, ਜਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਨਾਲ ਲੱਗਦੀ ਅੰਤਰਰਾਸ਼ਟਰੀ ਸੀਮਾ ਨੂੰ ਵੀ ਪੂਰੀ ਤਰਾਂ ਸ਼ੀਲ ਕਰਨ ਦੀ ਲੋੜ ਹੈ। ਆਂਤਕੀ ਇਹਨਾਂ ਰਸਤਿਆਂ ਰਾਹੀ ਵੀ ਘਿਨੋਣੀਆਂ ਹਰਕਤਾਂ ਕਰਨ ਦੀ ਕੋਸ਼ਿਸ ਕਰਦੇ ਹਨ। ਤਸਕਰਾਂ ਦਾ ਵੀ ਇਹ ਪੰਸ਼ਦੀ ਦਾ ਰਸਤਾ ਹੈ। ਵਿਦੇਸ਼ੀ ਖ਼ੁਫ਼ੀਆ ਏਜੰਸੀਆਂ ਭਾਰਤ ਅੰਦਰ ਨਸ਼ੇ ਦੀ ਸਪਲਾਈ ਕਰਕੇ ਭਾਰਤੀ ਨੌਜਵਾਨਾਂ ਨੂੰ ਖਤਮ ਕਰਨਾਂ ਚਾਹੁੰਦੀਆਂ ਹਨ। ਇਸ ਦੇ ਨਾਲ ਹੀ ਭਾਰਤੀ ਕੰਰਸ਼ੀ ਨੂੰ ਨੁਕਸ਼ਾਨ ਪਹੁੰਚਾਉਣ ਲਈ ਅਤੇ ਆਂਤਕਵਾਦ ਨੂੰ ਫੈਲਾਉਣ ਲਈ ਉਹ ਭਾਰਤ ਵੱਲ ਜਾਲੀ ਨੋਟਾਂ ਦੀ ਸਪਲਾਈ ਵੀ ਕਰਦੇ ਹਨ। ਧਰਮ ਦੇ ਨਾਂ ਉੱਤੇ, ਭਾਸ਼ਾਂ ਦੇ ਨਾਂ ਉੱਤੇ ਅਤੇ ਹੋਰ ਕਈ ਮੁੱਦੇਆਂ ਨੂੰ ਲੈ ਕਿ ਵਿਦੇਸ਼ੀ ਖ਼ੁਫ਼ੀਆ ਏਜੰਸੀਆਂ ਭਾਰਤ ਦੀ ਏਕਤਾ ਨੂੰ ਢਾਹ ਲਾਉਣਾ ਚਾਹੁੰਦੀਆਂ ਹਨ। ਨੇਪਾਲ, ਭੂਟਾਨ, ਮਿਅਮਾਰ ਅਤੇ ਹੋਰ ਦੇਸ਼ਾਂ ਨਾਲ ਲੱਗਦੀ ਅੰਤਰ-ਰਾਸ਼ਟਰੀ ਸੀਮਾ ਦਾ ਗਲਤ ਇਸਤੇਮਾਲ ਕਰਕੇ ਵੀ ਵਿਦੇਸ਼ੀ ਆਂਤਕੀ ਭਾਰਤ ਅੰਦਰ ਦਾਖਿਲ ਹੋਣ ਵਿੱਚ ਸਫਲਤਾਂ ਪ੍ਰਾਪਤ ਕਰਦੇ ਹਨ। ਦੇਸ਼ ਵਿਰੋਧੀ ਸਾਜੋ-ਸਮਾਨ ਇਹਨਾਂ ਰਸਤਿਆਂ ਰਾਹੀ ਭਾਰਤ ਅੰਦਰ ਭੇਜਣ ਦਾ ਇਹ ਸੋਖਾ ਰਸਤਾ ਹੈ। ਬੰਗਲਾਦੇਸ਼ ਨਾਲ ਭਾਰਤ ਦੀ ਸਭ ਤੋਂ ਲੰਮੀ ਅੰਤਰਰਾਸ਼ਟਰੀ ਸੀਮਾ ਲੱਗਦੀ ਹੈ। ਬੰਗਲਾਦੇਸ਼ ਵੀ ਇੱਕ ਇਸਲਾਮਿਕ ਰਾਜ ਹੈ। ਇਸ ਲਈ ਜਰੂਰੀ ਹੈ ਕਿ ਗੁਆਂਢੀ ਰਾਜ ਉਸ ਦੀ ਸੀਮਾ ਦੀ ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਵਰਤੋਂ ਕਰਦੇ ਹਨ।ਭਾਰਤ ਨੂੰ ਬੀ.ਐਸ.ਐਫ ਨੂੰ ਪੂਰੀਆਂ ਸਖ਼ਤੀਆਂ ਦੇ ਕਿ ਸੀਮਾ ਦੀ ਰੱਖਿਆ ਉੱਤੇ ਖੜਾ ਕਰਨਾ ਚਾਹੀਦਾ ਹੈ। ਭਾਰਤ ਦੀਆਂ ਵੱਖ-ਵੱਖ ਦੇਸ਼ਾਂ ਨਾਲ ਲੱਗਦੀਆਂ ਸੀਮਾਵਾਂ ਉੱਤੇ ਸਰੋਤਾਂ ਤੋਂ ਪਤਾ ਲੱਗਦਾ ਹੈ ਅੱਜ ਵੀ ਪਸ਼ੂਆਂ ਅਤੇ ਸਾਜੋ-ਸਮਾਨ ਦੀ ਤਸਕਰੀ ਵੱਡੇ ਪੱਧਰ ਉੱਤੇ ਹੋ ਰਹੀ ਹੈ। ਇਸ ਦੇਸ਼ ਵਿਰੋਧੀ ਕੰਮ ਵਿੱਚ ਭਾਰਤੀ ਵੀ ਸ਼ਾਮਲ ਹਨ। ਬੀ. ਐਸ. ਐਫ ਦੇ ਜਵਾਨ ਅਤੇ ਅਧਿਕਾਰੀ ਵੀ ਇਸ ਦੇ ਸਾਹਮਣੇ ਲਾਚਾਰ ਹਨ। ਭਾਰਤ ਦੇ ਮੌਜੂਦਾ ਸਿਸਟਮ ਵਿੱਚ ਕੁਝ ਗਲਤ ਜਰੂਰ ਹੈ। ਸਿਸਟਮ ਤੋਂ ਹਟ ਕਿ ਸੀਮਾ ਉੱਤੇ ਤਸਕਰੀ ਦਾ ਜਾਰੀ ਹੋਣਾ ਮੰਦਭਾਗੀ ਗੱਲ ਹੈ। ਸੀਮਾ ਉੱਤੇ ਲੱਗੀ ਫੋਰਸ ਬਿੱਲਕੁਲ ਆਜਾਦ ਹੋਣੀ ਚਾਹੀਦੀ ਹੈ। ਉਹ ਕਿਸੇ ਪ੍ਰਭਾਵ/ਰਾਜਨੀਤਿਕ ਪ੍ਰਭਾਵ ਹੇਠ ਕੰਮ ਨਾ ਕਰੇ। ਜੇਕਰ ਭਾਰਤੀ ਦੀ ਸੀਮਾ ਦੀ ਰੱਖਿਆਂ ਕਰ ਰਹੀਆਂ ਏਜੰਸੀਆਂ ਨੂੰ ਦੇਸ਼ ਦੇ ਰਾਜਨੈਤਿਕ ਲੋਕਾਂ ਜਾਂ ਧਨਾਡਾਂ ਆਪਣੇ ਪ੍ਰਭਾਵ ਹੇਠ ਕਰ ਲਿਆ ਤਾਂ ਇਸ ਦਾ ਨਤੀਜਾ ਅੰਤਕ ਹੀ ਹੋਵੇਗਾ। ਭਾਰਤੀ ਫੌਜ/ਪੈਰਾ ਮਿਲਟਰੀ ਫੋਰਸ/ਪੁਲਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਬਿੱਲਕੁਲ ਪ੍ਰਭਾਵ ਮੁਕਤ ਰੱਖਣ ਦੀ ਲੋੜ ਹੈ। ਇਹਨਾਂ ਦੀ ਵਰਤੋਂ ਅਹੁਦਿਆਂ ਦੇ ਪ੍ਰਭਾਵ ਨਾਲ ਕਰਨਾ ਦੇਸ਼ ਦੇ ਹੱਕ ਵਿੱਚ ਨਹੀਂ ਹੈ। ਇਸੇ ਤਰਾਂ ਭਾਰਤ ਨੂੰ ਚੀਨ ਦੇ ਨਾਲ ਲੱਗਦੀ ਭਾਰਤ ਦੀ ਅੰਤਰਰਾਸ਼ਟਰੀ ਸੀਮਾ ਉੱਤੇ ਵੀ ਸਖ਼ਤ ਪੈਰਾ ਰੱਖਣ ਦੀ ਲੋੜ ਹੈ। ਚੀਨ ਸਾਲ 1962 ਵਿੱਚ ਵੀਂ ਭਾਰਤ ਦੇ ਵੱਡੇ ਹਿੱਸੇ ਉੱਤੇ ਕਬਜ਼ਾ ਕਰ ਚੁੱਕਾ ਹੈ। ਆਏ ਦਿਨ ਚੀਨ ਭਾਰਤ ਦੀ ਸੀਮਾ ਦੀ ਹੱਦ ਨੂੰ ਤੋੜਦਾ ਹੀ ਰਹਿੰਦਾ ਹੈ।ਭਾਰਤ ਨੂੰ ਚੀਨ ਨਾਲ ਲੱਗਦੀ ਸੀਮਾ ਵੀ ਪੂਰੀ ਤਰਾਂ ਸੀਲ ਕਰਨੀ ਚਾਹੀਦੀ ਹੈ ਅਤੇ ਉਸ ਦਾ ਸਥਾਈ ਹੱਲ ਲੱਭਣਾ ਚਾਹੀਦਾ ਹੈ। ਚੀਨ ਇੱਕ ਸਖ਼ਤੀਸ਼ਾਲੀ ਫੌਜੀ ਤਾਕਤ ਵਾਲਾ ਦੇਸ਼ ਹੈ। ਭਾਰਤ ਨੂੰ ਚੀਨ ਨੂੰ ਐਵੈ ਨਹੀਂ ਵੇਖਣਾ ਚਾਹੀਦਾ ਹੈ। ਚੀਨ ਦੀ ਧਰਤੀ ਭਾਰਤ ਨਾਲ ਲੱਗਦੀ ਸੀਮਾ ਦੀ ਵਰਤੋਂ ਪਾਕਿਸਤਾਨ ਦੇ ਆਤੰਕਵਾਦੀ ਕਰ ਸਕਦੇ ਹਨ। ਇਸੇ ਤਰਾਂ ਚੀਨ ਭਾਰਤ ਨੂੰ ਦਬਾਉਣ ਲਈ ਪਾਕਿਸਤਾਨ ਦੀ ਧਰਤੀ ਦੀ ਵਰਤੋਂ ਕਰ ਸਕਦਾ ਹੈ।ਚੀਨ ਵੀ ਪਾਕਿਸਤਾਨ ਨੂੰ ਕਈ ਪ੍ਰਕਾਰ ਦੀਆਂ ਫੋਜੀ ਅਤੇ ਮਾਲੀ ਸਹਾਇਤਾ ਦੇਣ ਵਾਲਾ ਮੁਲਕ ਹੈ ਜੋ ਭਾਰਤ ਲਈ ਮਾੜਾ ਸੰਕੇਤ ਹੈ। ਕਈ ਹੋਰ ਦੇਸ਼ ਵੀ ਪਾਕਿਸਤਾਨ ਨੂੰ ਕਈ ਤਰਾਂ ਦੀਆਂ ਫੌਜੀ ਅਤੇ ਗੈਰ-ਫੌਜੀ ਸਹਾਇਤਾ ਦੇ ਕਿ ਭਾਰਤ ਵਿਰੁੱਧ ਉਸਕਾਉਂਦੇ ਹਨ। ਇਸੇ ਤਰਾਂ ਸਮੇਂ-ਸਮੇਂ ਉੱਤੇ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਫੌਜੀ ਅਤੇ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।ਇਹ ਸਹਾਇਤਾ ਵੀ ਭਾਰਤ ਦੇ ਹਿੱਤ ਵਿੱਚ ਨਹੀਂ ਹੈ। ਅੰਤਰਰਾਸ਼ਟਰੀ ਪੱਧਰ ਉੱਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਕੰਮ ਕਰ ਰਹੇ ਗੈਰ ਸਮਾਜਿਕ ਸੰਗਠਨ ਭਾਰਤ ਦੀ ਅੰਤਰਰਾਸ਼ਟਰੀ ਸੀਮਾ ਦੀ ਵਰਤੋਂ ਹੋਰ ਦੇਸ਼ਾਂ ਦੇ ਰਸਤੇ ਕਰ ਸਕਦੇ ਹਨ।ਭਾਰਤ ਅੰਦਰ ਹੋਰ ਰਾਜਾਂ ਵਿੱਚ ਵੀ ਆਂਤਕਵਾਦ ਗੁਆਂਢੀ ਮੁਲਕਾਂ ਦੀਆਂ ਸਰਹੱਦਾ ਰਾਹੀ ਹੀ ਫਲ-ਫੁੱਲ ਰਿਹਾ ਹੈ। ਕੁਝ ਵੱਖ-ਵੱਖ ਦੇਸ਼ਾਂ ਵਿੱਚ ਬੈਠੈ ਭਾਰਤੀ ਅਤੇ ਵਿਦੇਸ਼ੀ ਲੋਕ ਵੀ ਭਾਰਤ ਲਈ ਵਿਦੇਸ਼ਾਂ ਤੋਂ ਆਂਤਕਵਾਦ ਨੂੰ ਵਧਾ ਫੈਲਾ ਰਹੇ ਹਨ। ਇਹ ਲੋਕ ਆਂਤਕੀਆਂ ਦੀ ਮਾਲੀ ਮਦਦ ਵੀ ਵਿਦੇਸ਼ਾਂ ਰਾਹੀ ਹੀ ਕਰ ਰਹੇ ਹਨ।ਭਾਰਤ ਨੂੰ ਇਸ ਤਰਾਂ ਦੀਆਂ ਗਤੀਵਿਧੀਆਂ ਉੱਤੇ ਸਖ਼ਤ ਨਜਰ ਰੱਖਣ ਦੀ ਲੋੜ ਹੈ। ਭਾਰਤ ਨਾਲ ਲੱਗਦੀ ਹਰ ਦੇਸ਼ ਦੀ ਅੰਤਰਰਾਸ਼ਟਰੀ ਸੀਮਾ ਨੂੰ ਸੀਲ ਕਰਨ ਉਪਰੰਤ ਹੀ ਭਾਰਤੀ ਫੌਜ, ਨੀਮ ਫੌਜੀ ਦਸਤੇ ਅਤੇ ਪੁਲਸ਼ ਸਹੀ ਕੰਟਰੋਲ ਕਰ ਸਕਦੀ ਹੈ। ਬੇਸ਼ੱਕ ਇੱਕ ਧਰਮ-ਨਿਰਪੱਖ ਦੇਸ਼ ਹੈ ਪਰ ਜੇ ਦੇਸ਼ ਹੀ ਨਾ ਰਿਹਾ ਤਾਂ ਕੁਝ ਵੀ ਨਹੀਂ ਹੋਵੇਗਾ। ਸਭ ਤੋਂ ਅਹਿਮ ਦੇਸ਼ ਦੀ ਧਰਤੀ ਹੈ ਤੇ ਸਭ ਕੁਝ ਹੋਰ ਬਾਦ ਵਿੱਚ ਹੈ। ਬੇਸ਼ੱਕ ਭਾਰਤ ਵਿੱਚ ਲੋਕਤੰਤਰ ਹੈ ਪਰ ਜੇ ਦੇਸ਼ ਹੀ ਨਾ ਰਿਹਾ ਜਾਂ ਟੋਟੇ-ਟੋਟੇ ਵਿਦੇਸ਼ੀਆਂ ਦੀਆਂ ਸ਼ਾਜਿਸ਼ਾ ਕਰ ਦਿੱਤਾ ਤਾਂ ਲੋਕਤੰਤਰ ਵੀ ਖਤਮ ਹੋ ਜਾਵੇਗਾ। ਇੱਥੇ ਵੀ ਦੇਸ਼ ਦੀ ਸੁਰੱਖਿਆ ਅਹਿਮ ਹੈ। ਪਹਿਲਾ ਦੇਸ਼ ਦੀ ਧਰਤੀ ਹੈ ਅਤੇ ਬਾਕੀ ਦਾ ਸਿਸਟਮ ਸਭ ਬਾਦ ਦੀ ਚੀਜ ਹੈ। ਜੇਕਰ ਸੀਮਾ ਉੱਤੇ ਹਮਲੇ ਹੋ ਰਹੇ ਹਨ ਲੋਕ ਮਰ ਰਹੇ ਹਨ ਤਾਂ ਸਮਝੋ ਇਹ ਸਭ ਦੇਸ਼ ਦੀ ਰਾਜਧਾਨੀ ਅੰਦਰ ਹੀ ਹੋ ਰਿਹਾ ਹੈ। ਕਿਸੇ ਦੇਸ਼ ਦੇ ਇੱਕ ਸੈਨਿਕ ਦਾ ਮਰਨਾ ਦੇਸ਼ ਦੀ ਰਾਜਧਾਨੀ ਦਾ ਮਰ ਜਾਣਾ ਹੈ। ਭਾਵੇਂ ਸੈਨਿਕ ਦੇਸ਼ ਲਈ ਹੈ ਪਰ ਇਹ ਦੇਸ਼ ਸੈਨਿਕ ਲਈ ਹਮੇਸ਼ਾ ਹੈ। ਇਸ ਲਈ ਭਾਰਤ ਨੂੰ ਆਪਣੀ ਅੰਤਰਰਾਸ਼ਟਰੀ ਸੀਮਾ ਪੂਰੀ ਤਰਾਂ ਸ਼ੀਲ ਕਰਨੀ ਚਾਹੀਦੀ ਹੈ ਤਾਂ ਜੋ ਵਿਦੇਸ਼ੀਆਂ ਨੂੰ ਹਮਲੇ ਕਰਨ ਜਾਂ ਪ੍ਰਵੇਸ਼ ਕਰਨ ਦਾ ਮੌਕਾ ਹੀ ਨਾ ਮਿਲੇ।

# ਨਵੇਂ ਸਿਆਸੀ ਪਿੜ ਵਿਚ ਨਵੇਂ ਲੀਡਰ



ਅਪੂਰਵਾਨੰਦ
ਪ੍ਰੋਫੈਸਰ, ਦਿੱਲੀ ਯੂਨੀਵਰਸਿਟੀ

ਕਨ੍ਹੱਈਆ ਕੁਮਾਰ ਅਤੇ ਉਮਰ ਖ਼ਾਲਿਦ ਮੁੜ ਖ਼ਬਰਾਂ ਵਿਚ ਹਨ। ਦਿੱਲੀ ਪੁਲੀਸ ਇਨ੍ਹਾਂ ਦੋਵਾਂ ਅਤੇ ਨਾਲ ਹੀ ਅਨਿਰਬਨ ਖ਼ਿਲਾਫ਼ ਆਖ਼ਿਰਕਾਰ ਚਾਰਜਸ਼ੀਟ ਦਾਖ਼ਲ ਕਰਨ ਵਿਚ ਸਫ਼ਲ ਰਹੀ ਹੈ। ਇਸ ਤੋਂ ਪਹਿਲਾਂ ਪੁਲੀਸ ਨੂੰ ਇਸ ਚਾਰਜਸ਼ੀਟ ਨੂੰ ਭਰੋਸੇਯੋਗ ਬਣਾਉਣ ਲਈ ਕਰੀਬ ਤਿੰਨ ਸਾਲ ਸਖ਼ਤ ਮੁਸ਼ੱਕਤ ਕਰਨੀ ਪਈ ਜਿਸ ਦੌਰਾਨ ਇਸ ਨੇ ਸਬੂਤ ਇਕੱਤਰ ਕਰਨ ਲਈ ਕਈ ਸੂਬਿਆਂ ਦੇ ਦੌਰੇ ਕੀਤੇ, ਵੱਡੀ ਗਿਣਤੀ ਈਮੇਲਜ਼, ਵੀਡੀਓਜ਼ ਅਤੇ ਫ਼ੋਨ ਸੁਨੇਹਿਆਂ ਦਾ ਵਿਸ਼ਲੇਸ਼ਣ ਵੀ ਕੀਤਾ, ਤਾਂ ਕਿ ਇਹ ਦਾਅਵਾ ਕੀਤਾ ਜਾ ਸਕੇ ਕਿ ਉਹ 9 ਫਰਵਰੀ 2016 ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਵਿਚ ਰਾਜਧ੍ਰੋਹ ਦੀ ਕਾਰਵਾਈ ਵਿਚ ਸ਼ਾਮਿਲ ਸਨ। ਇਹ ਸਾਰਾ ਕੇਸ ਦੇਸ਼-ਵਿਰੋਧੀ ਨਾਅਰੇ ਲਾਉਣ ਦੀ ਕਥਿਤ ਕਾਰਵਾਈ ਦੇ ਆਧਾਰ ਉੱਤੇ ਤਿਆਰ ਕੀਤਾ ਗਿਆ ਹੈ ਅਤੇ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਨਾਅਰਿਆਂ ਰਾਹੀਂ ਮੁਲਕ ਦੇ ਟੋਟੇ ਕਰਨ ਦਾ ਸੱਦਾ ਦਿੰਦਿਆਂ ਮਕਬੂਲ ਬੱਟ ਤੇ ਅਫ਼ਜ਼ਲ ਗੁਰੂ ਨੂੰ ਫ਼ਾਂਸੀ ਦਿੱਤੇ ਜਾਣ ਦਾ ਵਿਰੋਧ ਕੀਤਾ ਜਾ ਰਿਹਾ ਸੀ।

ਕਨ੍ਹੱਈਆ ਅਤੇ ਖ਼ਾਲਿਦ ਦਾ ਨਾਂ ਅੱਜ ਮਹਿਜ਼ ਜੇਐੱਨਯੂ ਕੈਂਪਸ ਤੱਕ ਮਹਿਦੂਦ ਨਹੀਂ ਰਿਹਾ। ਹੁਣ ਉਹ ਜਾਦੂਮਈ ਖਿੱਚ ਵਾਲੀਆਂ ਸ਼ਖ਼ਸੀਅਤਾਂ ਬਣ ਚੁੱਕੇ ਹਨ ਜਿਨ੍ਹਾਂ ਨੂੰ ਅਨੇਕ ਲੋਕ ਨਫ਼ਰਤ ਕਰਦੇ ਹਨ ਪਰ ਬਹੁਤ ਲੋਕ ਉਨ੍ਹਾਂ ਦਾ ਗੁਣਗਾਣ ਵੀ ਕਰਦੇ ਹਨ। ਨਾ ਤਾਂ ਜੇਐੱਨਯੂਐੱਸਯੂ (ਜੇਐੱਨਯੂ ਵਿਦਿਆਰਥੀ ਯੂਨੀਅਨ) ਦੇ ਅਤੇ ਨਾ ਹੀ ਜੇਐੱਨਯੂ ਦੇ ਕਿਸੇ ਹੋਰ ਵਿਦਿਆਰਥੀ ਆਗੂ ਨੂੰ ਕੌਮੀ ਪੱਧਰ ’ਤੇ ਇੰਨੀ ਸ਼ੁਹਰਤ ਮਿਲੀ ਹੈ। ਇਨ੍ਹਾਂ ਦੋਵਾਂ ਨੇ ਵੀ ਹੋਰਨਾਂ ਵਾਂਗ ਗੁੰਮਨਾਮੀ ਵਿਚ ਰਹਿ ਕੇ ਹੀ ਆਪਣੀ ਪੜ੍ਹਾਈ ਪੂਰੀ ਕਰ ਕੇ ਚਲੇ ਜਾਣਾ ਸੀ, ਜੇ ਭਾਜਪਾ, ਕੈਂਪਸ ਵਿਚ ਲੁਕੇ ਹੋਏ ਤੇ ਦੇਸ਼ ਖ਼ਿਲਾਫ਼ ਸਾਜ਼ਿਸ਼ਾਂ ਘੜ ਰਹੇ ਦੇਸ਼-ਧ੍ਰੋਹੀਆਂ ਖ਼ਿਲਾਫ਼ ਆਪਣੀ ਮੁਹਿੰਮ ਦੀ ਅਜ਼ਮਾਇਸ਼ ਲਈ ਉਨ੍ਹਾਂ ਨੂੰ ਔਜ਼ਾਰ ਨਾ ਬਣਾਉਂਦੀ। ਮਿਲੀਭੁਗਤ ਵਾਲੇ ਮੀਡੀਆ ਦੇ ਸਹਿਯੋਗ ਸਦਕਾ ਭਾਜਪਾ ਦੀ ਇਹ ਕੋਸ਼ਿਸ਼ ਕਾਮਯਾਬ ਰਹੀ।

ਇਸ ਕਾਰਵਾਈ ਦੀ ਕੁਟਲਤਾ ਤੋਂ ਮੈਂ ਉਦੋਂ ਅਚੰਭਿਤ ਰਹਿ ਗਿਆ, ਜਦੋਂ ਹਾਕਮ ਪਾਰਟੀ ਦੇ ਇਕ ਆਗੂ ਨੇ ਬੜੇ ਮਾਣ ਨਾਲ ਦਾਅਵਾ ਕੀਤਾ ਕਿ ਹੁਣ ਰਾਸ਼ਟਰਵਾਦ ਅਤੇ ਰਾਸ਼ਟਰਵਾਦ-ਵਿਰੋਧੀ ਮੁੱਦੇ ਦੇਸ਼ ਦੀ ਆਮ ਜਨਤਾ ਦਾ ਧਿਆਨ ਖਿੱਚ ਰਹੇ ਹਨ : ਭਾਵ, ਹਾਕਮ ਧਿਰ ਹਾਲੇ ਰਾਸ਼ਟਰਵਾਦ ਦੇ ਮੁੱਦੇ ’ਤੇ ਡਟੀ ਰਹਿਣਾ ਚਾਹੁੰਦੀ ਹੈ। ਇਸ ਆਗੂ ਨੂੰ ਅਫ਼ਸੋਸ ਸੀ ਕਿ ਜੇਐੱਨਯੂ ਵਿਚ ਮਹਿਖਾਸੁਰ ਦਾ ਸ਼ਹੀਦੀ ਦਿਹਾੜਾ ਮਨਾਏ ਜਾਣ ਦੀ ਘਟਨਾ ਦਾ ਇਸਤੇਮਾਲ ਕਰਨ ਦੀ ਕੋਸ਼ਿਸ਼ ਉਲਟੀ ਪੈ ਗਈ ਸੀ। ਚੇਤੇ ਕਰਾਇਆ ਜਾਂਦਾ ਹੈ ਕਿ ਸਮ੍ਰਿਤੀ ਇਰਾਨੀ ਦੀ ਅਗਵਾਈ ਹੇਠ ਸਰਕਾਰ ਨੇ ਰਾਸ਼ਟਵਾਦ-ਵਿਰੋਧੀ ਸੁਰ ਨਾਲ ਮਿਲਾ ਕੇ ਮਹਿਖਾਸੁਰ ਵਾਲੇ ਸਮਾਗਮ ਰਾਹੀਂ ਹਿੰਦੂ ਧਰਮ ਨਾਲ ਸਬੰਧਿਤ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਤੇ ਲਾਮਬੰਦ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਇਸ ਮਾਮਲੇ ’ਤੇ ਦਲਿਤਾਂ ਅਤੇ ਆਦਿਵਾਸੀਆਂ ਦੇ ਜਵਾਬੀ ਹਮਲੇ ਕਾਰਨ ਭਾਜਪਾ ਦੀ ਇਹ ਮੁੱਦਾ ਮੁੜ ਉਠਾਉਣ ਦੀ ਹਿੰਮਤ ਨਹੀਂ ਪਈ।

ਕਨ੍ਹੱਈਆ ਕੁਮਾਰ ਅਤੇ ਉਮਰ ਖਾਲਿਦ ਨੂੰ ਸਰਹੱਦ ਪਾਰਲੇ ਦਹਿਸ਼ਤਗਰਦਾਂ ਨਾਲ ਜੋੜਨ ਦੀਆਂ ਥਿਊਰੀਆਂ ਕਿਸੇ ਹੋਰ ਨਹੀਂ ਸਗੋਂ ਖ਼ੁਦ ਕੇਂਦਰੀ ਗ੍ਰਹਿ ਮੰਤਰੀ ਦੀ ਸ਼ਹਿ ਨਾਲ ਅੱਗੇ ਵਧਾਈਆਂ ਗਈਆਂ। ਸਾਬਤ ਹੋ ਚੁੱਕਾ ਹੈ ਕਿ ਉਨ੍ਹਾਂ ਦਾ ਦਾਅਵਾ ਕਿਸੇ ਜਾਅਲੀ ਟਵਿੱਟਰ ਹੈਂਡਲ ਉਤੇ ਆਧਾਰਿਤ ਸੀ ਪਰ ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਰਾਜਨਾਥ ਸਿੰਘ ਦਾ ਬਿਆਨ ਵੱਖ ਵੱਖ ਏਜੰਸੀਆਂ ਤੋਂ ਹਾਸਲ ਜਾਣਕਾਰੀਆਂ ਉੱਤੇ ਆਧਾਰਿਤ ਸੀ। ਇਸ ਤੱਥ ਨੇ ਇਨ੍ਹਾਂ ਦੋਵਾਂ ਦੀ ਜਾਨ ਖ਼ਤਰੇ ਵਿਚ ਪਾ ਦਿੱਤੀ ਕਿਉਂਕਿ ਗ੍ਰਹਿ ਮੰਤਰੀ ਦੇ ਦਾਅਵੇ ਕਾਰਨ ਬਹੁਤ ਸਾਰੇ ਲੋਕ ਇਹ ਮੰਨ ਸਕਦੇ ਹਨ ਕਿ ਇਨ੍ਹਾਂ ਦੋਹਾਂ ਨੂੰ ਸਜ਼ਾ ਦਿੱਤੀ



ਜਾਣੀ ਚਾਹੀਦੀ ਹੈ। ਕਨ੍ਹੱਈਆ ਉੱਤੇ ਕਈ ਵਾਰ ਜਿਸਮਾਨੀ ਹਮਲੇ ਹੋ ਚੁੱਕੇ ਹਨ ਅਤੇ ਉਮਰ ਤਾਂ ਕਤਲ ਦੀ ਇਕ ਕੋਸ਼ਿਸ਼ ਵਿਚ ਵਾਲ ਵਾਲ ਬਚਿਆ ਸੀ।

ਇਹ ਬਹੁਤ ਵੱਡੀ ਗੱਲ ਹੈ ਕਿ ਇਨ੍ਹਾਂ ਦੋਵਾਂ ਨੌਜਵਾਨਾਂ ਨੇ ਨਾ ਸਿਰਫ਼ ਸਮਝਦਾਰੀ ਤੋਂ ਕੰਮ ਲਿਆ ਹੈ, ਸਗੋਂ ਇਸ ਜਨੂੰਨੀ ਹਾਲਾਤ ਨਾਲ ਸਿੱਝਣ ਵੇਲੇ ਧੀਰਜ ਵੀ ਬਣਾਈ ਰੱਖਿਆ। ਮੀਡੀਆ ਦੇ ਲਗਾਤਾਰ ਹਮਲਿਆਂ ਦਾ ਭਾਰੀ ਦਬਾਅ ਵੀ ਉਨ੍ਹਾਂ ਨੂੰ ਤਲਖ਼ ਨਹੀਂ ਬਣਾ ਸਕਿਆ। ਦੇਸ਼ ਕਨ੍ਹੱਈਆ ਕੁਮਾਰ ਤੋਂ ਸਿੱਖ ਸਕਦਾ ਹੈ ਕਿ ਕਿਵੇਂ ਨਫ਼ਰਤ ਦੇ ਟਾਕਰੇ ਲਈ ਹਾਸਰਸ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਦੋਵੇਂ ਖ਼ਾਸਕਰ ਕਨ੍ਹੱਈਆ ਅਚਨਚੇਤ ਬਣੇ ਆਗੂ ਹਨ। ਜੇ ਹੁਣ ਮੁਲਕ ਉਨ੍ਹਾਂ ਨੂੰ ਸੁਣਨਾ ਅਤੇ ਉਨ੍ਹਾਂ ਦੇ ਸਟੈਂਡ ਬਾਰੇ ਵਿਚਾਰ-ਵਟਾਂਦਰਾ ਕਰਨਾ ਚਾਹੁੰਦਾ ਹੈ, ਤਾਂ ਇਸ ਦਾ ਸਾਰਾ ਸਿਹਰਾ ਜਾਂ ਦੋਸ਼ ਭਾਜਪਾ ਨੂੰ ਜਾਂਦਾ ਹੈ। ਮੈਂ ਕਨ੍ਹੱਈਆ ਨੂੰ ਉਸ ਦੇ ਮੌਜੂਦਾ ਨਵੇਂ ਬਣੇ ਰੁਤਬੇ ਤੋਂ ਇਕ ਸਾਲ ਪਹਿਲਾਂ ਮਿਲਿਆ ਸਾਂ। ਉਸ ਦੀ ਖ਼ਾਹਿਸ਼ ਵੱਡੀ ਨਹੀਂ ਸੀ, ਮਹਿਜ਼ ਯੂਨੀਵਰਸਿਟੀ ਅਧਿਆਪਕ ਬਣਨਾ ਚਾਹੁੰਦਾ ਸੀ ਪਰ ਅਚਾਨਕ ਨਾਟਕੀ ਢੰਗ ਨਾਲ ਹੋਈ ਉਸ ਦੀ ਗ੍ਰਿਫ਼ਤਾਰੀ, ‘ਰਾਸ਼ਟਰਵਾਦੀ’ ਵਕੀਲਾਂ ਵੱਲੋਂ ਅਦਾਲਤੀ ਅਹਾਤੇ ਵਿਚ ਜਨਤਕ ਤੌਰ ’ਤੇ ਉਸ ਉੱਤੇ ਕੀਤਾ ਗਿਆ ਹਮਲਾ ਅਤੇ ਮੀਡੀਆ ਵੱਲੋਂ ਉਸ ਦੇ ਰਾਸ਼ਟਰਵਾਦ ’ਤੇ ਸਵਾਲ ਉਠਾਉਣ ਲਈ ਲਗਾਤਾਰ ਤੰਗ ਕੀਤੇ ਜਾਣ ਦਾ ਹੀ ਸਿੱਟਾ ਸੀ, ਜਿਸ ਨੇ ਉਸ ਨੂੰ ਅਜਿਹੀ ਹਸਤੀ ਬਣਾ ਦਿੱਤਾ, ਜਿਸ ਵੱਲ ਦੇਸ਼ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਲੋਕਾਂ ਨੂੰ ਕਨ੍ਹੱਈਆ ਦੇ ਰੂਪ ਵਿਚ ਵਧੀਆ ਤੇ ਦਿਲਚਸਪ ਬੁਲਾਰਾ ਮਿਲ ਗਿਆ ਹੈ।

ਕਨ੍ਹੱਈਆ ਅਤੇ ਉਮਰ ਖਾਲਿਦ ਖੱਬੀ ਧਿਰ ਦੀਆਂ ਦੋ ਵੱਖ ਵੱਖ ਧਾਰਾਵਾਂ ਨਾਲ ਸਬੰਧਤ ਹਨ। ਦਹਾਕਿਆਂ ਬਾਅਦ ਪਹਿਲੀ ਵਾਰ ਖੱਬੀਆਂ ਪਾਰਟੀਆਂ ਨੇ ਸਮਝਿਆ ਹੈ ਕਿ ਵਿਆਪਕ ਪੱਧਰ ’ਤੇ ਸੁਨੇਹਾ ਦੇਣ ਲਈ ਅਜਿਹੀ ਭਾਸ਼ਾ ਵੀ ਵਰਤੀ ਜਾ ਸਕਦੀ ਹੈ ਜਿਹੜੀ ਥੱਕੇ-ਟੁੱਟੇ ਕਮਿਊਨਿਸਟ ਸ਼ਬਦਜਾਲ ਤੋਂ ਮੁਕਤ ਹੋਵੇ। ਇਕ ਪ੍ਰੇਰਕ ਬਿਆਨ ਸਿਰਜਣ ਦੀ ਕਨ੍ਹੱਈਆ ਦੀ ਸਮਰੱਥਾ ਨੇ ਭਾਜਪਾ ਨੂੰ ਉਸ ਮੌਕੇ ਲਈ ਝੂਰਨ ਵਾਸਤੇ ਮਜਬੂਰ ਕਰ ਦਿੱਤਾ, ਜਦੋਂ ਉਸ ਨੇ ਕਨ੍ਹੱਈਆ ਨੂੰ ਹਿੰਦੂਆਂ ਲਈ ‘ਨਫ਼ਰਤ ਵਾਲੀ ਹਸਤੀ’ ਬਣਾਉਣ ਦਾ ਫ਼ੈਸਲਾ ਕੀਤਾ।

ਇਸੇ ਦੌਰਾਨ, ਇਸ ਮੁੰਡੇ ਦੀ ਕਹਾਣੀ ਵਿਚ ਵੀ ਦਿਲਚਸਪੀ ਬਣ ਗਈ, ਜਿਹੜਾ ਬਿਹਾਰ ਦੇ ਪੇਂਡੂ ਪਿਛੋਕੜ ਨਾਲ ਸਬੰਧਤ ਮਜ਼ਦੂਰ ਦਾ ਪੁੱਤਰ ਹੈ ਜੋ ਕਿਸੇ ਖਾੜੀ ਮੁਲਕ ਵਿਚ ਤਕਨੀਸ਼ੀਅਨ ਬਣਨ ਲਈ ਟਰੇਨਿੰਗ ਲੈਣ ਤੋਂ ਬਾਅਦ ਅਚਾਨਕ ਜੇਐੱਨਯੂ ਪੁੱਜ ਗਿਆ। ਉਸ ਦੀ ਕਹਾਣੀ ਜੇਐੱਨਯੂ ਦੀ ਵੀ ਕਹਾਣੀ ਹੈ, ਜਿਹੜੀ ਦੇਸੀ ਭਾਸ਼ਾਈ ਪਿਛੋਕੜ ਵਾਲੇ ਵਿਦਿਆਰਥੀਆਂ ਦਾ ਟਿਕਾਣਾ ਹੈ, ਅਜਿਹੇ ਵਿਦਿਆਰਥੀ ਜਿਨ੍ਹਾਂ ਦੀ ਅੰਗਰੇਜ਼ੀ ਬੋਲਣ ਵਾਲੇ ਮੈਟਰੋਪੌਲਿਟਨ ਵਿਦਿਅਕ ਸੱਭਿਆਚਾਰ ਵਿਚ ਕੋਈ ਪਛਾਣ ਨਹੀਂ ਹੁੰਦੀ ਅਤੇ ਇਸ ਯੂਨੀਵਰਸਿਟੀ ਨੇ ਉਸ ਨੂੰ ਆਪਣੀ ਲੀਡਰਸ਼ਿਪ ਦਾ ਮੌਕਾ ਦਿੱਤਾ। ਕੋਈ ਜਮਹੂਰੀਅਤ ਇਸੇ ਤਰ੍ਹਾਂ ਦੀ ਤਾਂ ਹੋਣੀ ਚਾਹੀਦੀ ਹੈ।

ਕਨ੍ਹੱਈਆ ਦੀ ਗ੍ਰਿਫ਼ਤਾਰੀ ਸਾਡੇ ਸਮਾਜ ਵਿਚ ਛੁਪੀ ਹੋਈ ਬੁਰਾਈ ਦਾ ਸਿੱਟਾ ਸੀ ਪਰ ਇਸ ਨੇ ਉਸ ਚੰਗੇ ਪੱਖ ਨੂੰ ਵੀ ਸਾਹਮਣੇ ਲਿਆਂਦਾ, ਜਿਸ ਦੀ ਇਹ ਮੁਲਕ ਪ੍ਰਗਟਾਵੇ ਲਈ ਉਡੀਕ ਕਰ ਰਿਹਾ ਸੀ। ਜੇਐੱਨਯੂ ਦੇ ਅਧਿਆਪਕ ਆਪਣੇ ਵਿਦਿਆਰਥੀਆਂ ਦੇ ਹੱਕ ਵਿਚ ਚੱਟਾਨ ਵਾਂਗ ਡਟ ਗਏ। ਇਨ੍ਹਾਂ ‘ਦੇਸ਼-ਵਿਰੋਧੀਆਂ’ ਤੋਂ ਕਿਨਾਰਾ ਕਰ ਜਾਣਾ ਉਨ੍ਹਾਂ ਲਈ ਬਹੁਤ ਆਸਾਨ ਹੋ ਸਕਦਾ ਸੀ ਪਰ ਉਨ੍ਹਾਂ ਆਪਣੇ ਆਪ ਨੂੰ ਅਸਲੀ ਅਧਿਆਪਕ ਸਾਬਤ ਕੀਤਾ। ਉਹ ਹਾਲੇ ਵੀ ਇਸ ਦੀ ਕੀਮਤ ਚੁਕਾ ਰਹੇ ਹਨ ਪਰ ਸ਼ਾਇਦ ਹੀ ਉਨ੍ਹਾਂ ਨੂੰ ਆਪਣੇ ਫ਼ੈਸਲੇ ’ਤੇ ਅਫ਼ਸੋਸ ਹੋਵੇ। ਇਸ ਦੌਰਾਨ ਦਿੱਲੀ ਦੀਆਂ ਸੜਕਾਂ ਨੇ ਉਹ ਬਹੁਤ ਹੀ ਮਜ਼ਬੂਤ ਇਕਮੁੱਠਤਾ ਵੀ ਦੇਖੀ, ਜਿਹੜੀ ਵੱਖ ਵੱਖ ਯੂਨੀ-ਵਰਸਿਟੀਆਂ ਨਾਲ ਸਬੰਧਤ ਨੌਜਵਾਨਾਂ ਨੇ ਇਨ੍ਹਾਂ ਨੌਜਵਾਨਾਂ (ਜਿਨ੍ਹਾਂ ਨਾਲ ਬੇਇਨਸਾਫ਼ੀ ਹੋਈ ਸੀ) ਦੇ ਹੱਕ ਵਿਚ ਜ਼ਾਹਰ ਕੀਤੀ ਗਈ। ਕਨ੍ਹੱਈਆ ਨੇ ਨੌਜਵਾਨਾਂ ਤੇ ਬਜ਼ੁਰਗਾਂ ਦੀ ਸੋਚ ਨੂੰ ਇਕਸਾਰ ਰੂਪ ਵਿਚ ਹੁਲਾਰਾ ਦਿੱਤਾ।

ਕਨ੍ਹੱਈਆ ਅਤੇ ਉਮਰ ਖਾਲਿਦ ਦੀ ਗ੍ਰਿਫ਼ਤਾਰੀ ਅਤੇ ਰਿਹਾਈ ਤੋਂ ਬਾਅਦ ਦੇ ਇਹ ਤਿੰਨ ਸਾਲ ਸਾਡੇ ਸਾਰਿਆਂ ਲਈ ਸਬਕ ਸਿੱਖਣ ਦਾ ਸਮਾਂ ਹਨ। ਅਸੀਂ ਦੇਖਿਆ ਕਿ ਇਸ ਦੌਰਾਨ ਯੂਨੀਵਰਸਿਟੀਆਂ ਉੱਤੇ ਹਮਲੇ ਹੋਏ, ਬੁੱਧੀਜੀਵੀਆਂ ਦੀਆਂ ਬੇਇੱਜ਼ਤੀਆਂ ਹੋਈਆਂ ਅਤੇ ਸਰਕਾਰ ਨੇ ਪਾੜ੍ਹਿਆਂ ਨੂੰ ਮਧੋਲਿਆ। ਇਨ੍ਹਾਂ ਤਿੰਨ ਸਾਲਾਂ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਮੁਸਲਮਾਨਾਂ ਅਤੇ ਈਸਾਈਆਂ ਖ਼ਿਲਾਫ਼ ਨਫ਼ਰਤ ਹੁਣ ਦੇਸ਼ ਭਰ ਦਾ ਕਾਇਦਾ ਬਣਦੀ ਜਾ ਰਹੀ ਹੈ। ਦਲਿਤ ਲਗਾਤਾਰ ਅਤੇ ਵਾਰ ਵਾਰ, ਹਾਕਮ ਜਮਾਤ ਨਾਲ ਜੁੜੇ ਲੋਕਾਂ ਦੇ ਹਮਲਿਆਂ ਦਾ ਸ਼ਿਕਾਰ ਬਣ ਰਹੇ ਹਨ ਅਤੇ ਸਮਾਜ ਵਿਚ ਪੁਰਾਣੇ ਸਮਾਜਿਕ ਤੇ ਸੱਭਿਆਚਾਰਕ ਰੁਝਾਨਾਂ ਦਾ ਮੁੜ ਉਭਾਰ ਹੋ ਰਿਹਾ ਹੈ। ਸ਼ਬਰੀਮਾਲਾ ਮੰਦਰ ਜਾਣ ਵਾਲੀਆਂ ਔਰਤਾਂ ਉੱਤੇ ਹਮਲੇ ਇਸ ਦੀ ਮਿਸਾਲ ਹਨ।

ਸਾਨੂੰ ਇਹ ਪਤਾ ਲਾਉਣਾ ਪਵੇਗਾ ਕਿ ਕਨ੍ਹੱਈਆ ਅਤੇ ਉਮਰ ਖਾਲਿਦ ਉਤੇ ਹਮਲੇ ਦਾ ਕੀ ਸਾਡੀ ਕੌਮੀ ਜ਼ਿੰਦਗੀ ਵਿਚ ਆਏ ਪਿਛਾਂਹਖਿਚੂ ਨਿਘਾਰ ਨਾਲ ਕੋਈ ਸਿੱਧਾ ਸਬੰਧ ਹੈ। ਅਸੀਂ ਇਨ੍ਹਾਂ ਨੌਜਵਾਨਾਂ ਤੋਂ ਇਹ ਵੀ ਸਿੱਖ ਸਕਦੇ ਹਾਂ ਕਿ ਇਸ ਚੁਣੌਤੀ ਦਾ ਟਾਕਰਾ ਕਿਵੇਂ ਕੀਤਾ ਜਾ ਸਕਦਾ ਹੈ। ਜਾਪਦਾ ਹੈ ਕਿ ਉਹ ਇਸ ਲੜਾਈ ਦਾ ਮਜ਼ਾ ਲੈ ਰਹੇ ਹਨ, ਹਾਲਾਂਕਿ ਇਸ ਕਾਰਨ ਉਨ੍ਹਾਂ ਨੂੰ ਜਾਨ ਦਾ ਭਾਰੀ ਖ਼ਤਰਾ ਹੈ। ਇਹ ਹੈ ਲੜਾਈ ਲੜਨ ਦਾ ਸਹੀ ਤਰੀਕਾ।

ਨਫ਼ਰਤ ਦਾ ਟਾਕਰਾ ਕਰਦਿਆਂ ਤੁਹਾਨੂੰ ਕਦੇ ਵੀ ਆਪਣੇ ਆਪ ਨੂੰ ਨਫ਼ਰਤੀ ਭਾਵਨਾ ਦਾ ਸ਼ਿਕਾਰ ਨਹੀਂ ਹੋਣ ਦੇਣਾ ਚਾਹੀਦਾ। ਜਦੋਂ ਤੁਹਾਨੂੰ ਵਿਰੋਧੀਆਂ ਦੀ ਨੀਚਤਾ ਦਾ ਵੀ ਸ਼ਿਕਾਰ ਹੋਣਾ ਪਵੇ, ਉਦੋਂ ਵੀ ਮੁਸਕਾਨ ਤੁਹਾਡੇ ਚਿਹਰੇ ਤੋਂ ਗ਼ਾਇਬ ਨਹੀਂ ਹੋਣੀ ਚਾਹੀਦੀ। ਇਹ ਨੌਜਵਾਨ ਸਾਨੂੰ ਇਹੋ ਸਬਕ ਸਿਖਾਉਂਦੇ ਹਨ।

# ਸੰਸਕਾਰਾਂ ਦੀ ਦਹਿਲੀਜ ’ਚੋਂ ਲੰਘੇ ਸਿੱਖਿਆ



ਹਰਪ੍ਰੀਤ ਸਿੰਘ ਬਰਾੜ

ਅੱਜ ਮਨੁੱਖ ਦੀ ਜਿੰਦਗੀ ’ਚ ਰੁਝੇਂਵੇ ਅਤੇ ਵਿਅਸਤਤਾ ਦੇ ਕਾਰਨ ਉਸ ਦਾ ਪਦਾਰਥਵਾਦ ਵੱਲ ਰੁਝਾਨ ਵਧ ਰਿਹਾ ਹੈ। ਜਿੰਦਗੀ ਦੀਆਂ ਕਦਰਾਂ-ਕੀਮਤਾਂ ’ਚ ਲਗਾਤਾਰ ਬਦਲਾਅ ਆ ਰਿਹਾ ਹੈ।ਅਤੇ ਆਪਣੀਆਂ ਸੁਖ -ਸਹੂਲਤਾਵਾਂ ਦੀ ਪੂਰਤੀ ਦੇ ਲਈ ਵਿਅਕਤੀ ਅਸਮਾਜਿਕ ਅਤੇ ਗੈਰ ਕਾਨੂੰਨੀ ਕੰਮਾ ਨੂੰ ਵੀ ਅੰਜਾਮ ਦੇਣ ’ਚ ਭੋਰਾ ਵੀ ਹਿਚਕਿਚਾਹਟ ਮਹਿਸੂਸ ਨਹੀਂ ਕਰਦਾ। ਅੱਜ ਸਮਾਜਕ ਢਾਂਚਾ ਇਸ ਤਰੀਕੇ ਨਾਲ ਤਿਆਰ ਕੀਤਾ ਜਾ ਰਿਹਾ ਹੈ,ਜਿਸ ’ਚ ਸੰਸਕਾਰਾ ਦੀ ਸਿੱਖਿਆ ਦੇਣ ਦਾ ਸਮਾਂ ਕਿਸੇ ਕੋਲ ਬਚਿਆ ਹੀ ਨਹੀਂ ਹੈ। ਇਸਦੇ ਕਾਰਨ ਨੌਜੁਆਨ ਨਿਰਾਸ਼ਾ ਅਤੇ ਤਣਾਅ ’ਚੋਂ ਲੰਘ ਰਿਹਾ ਹੈ। ਅਤੇ ਮਨੁੱਖ ਦੀ ਪੈਸੇ ਦੀ ਅੰਨ੍ਹੀ ਦੌੜ ’ਚ ਐਨਾ ਉਲਝ ਗਿਆ ਹੈ ਕਿ ਉਹ ਆਪਣੀ ਸੰਤਾਨ ਦੇ ਲਈ ਵੀ ਸਮਾਂ ਨਹੀਂ ਕੱਢ ਪਾ ਰਿਹਾ ਹੈ ਅਤੇ ਨਾ ਹੀ ਬੱਚਿਆਂ ਨੂੰ ਸੰਸਕਾਰਾ ਦੀ ਸਿੱਖਿਆ ਦੇ ਪਾ ਰਿਹਾ ਹੈ।

ਅੱਜ ਸਮਾਜ ’ਚ ਸਾਂਝੀ ਪਰਿਵਾਰ ਪ੍ਰਣਾਲੀ ਵੀ ਟੁੱਟਦੀ ਹੋਈ ਲਗਪਗ ਖਤਮ ਹੋ ਰਹੀ ਹੈ। ਇਕੱਲੀ ਜਾਂ ਦੋ ਸੰਤਾਨਾਂ ਦੀ ਧਾਰਣਾ ਭਾਵੇਂ ਹੀ ਅੱਜ ਆਦਰਸ਼ ਹੋਵ ਪਰ ਉਨ੍ਹਾਂ ਦੇ ਲਈ ਮਾਪਿਆਂ ਦਾ ਬਹੁਤ ਜਿਆਦਾ ਲਾੜ -ਪਿਆਰ ,ਉਨ੍ਹਾਂ ਨੂੰ ਹੱਦ ਤੋਂ ਜਿਆਦਾ ਜਿੱਦੀ ਅਤੇ ਮੇਰਾ -ਮੇਰਾ ਦੀ ਭਾਵਨਾ ਨਾਲ ਬਹੁਤ ਜਿਆਦਾ ਭਰ ਰਿਹਾ ਹੈ।ਇਕ ਉਹ ਜਮਾਨਾ ਸੀ, ਜਦੋਂ ਦਾਦਾ -ਨਾਨਾ ਪਰਨੇ ਦੇ ਸਿਰੇ ਨਾਲ ਛੋਟੀ ਜਿਹੀ ਗੰਢ ’ਚ ਮਿੱਠਾ ਜਾਂ ਕੋਈ ਖਾਣ ਵਾਲੀ ਚੀਜ ਲਿਆਉਂਦੇ ਸਨ ਅਤੇ ਅੱਠ-ਦਸ ਬੱਚਿਆ ’ਚ ਵੰਡਦੇ ਸਨ ਅਤੇ ਸਾਰੇ ਥੋੜ੍ਹੀ ਥੋੜ੍ਹੀ ਲੈ ਕੇ ਵੀ ਸੰਤੁਸ਼ਟ ਹੋ ਜਾਂਦੇ ਸਨ।

ਅੱਜ ਬੱਚਾ ਪੂਰਾ ਪੈਕੇਟ ਲੈਕੇ ਅਤੇ ਮੇਰਾ ਕਹਿ ਕੇ ਹੱਕ ਜਮਾਉਂਦਾ ਹੈ ।ਕੋਈ ਜਮਾਨਾ ਸੀ, ਜਦੋਂ ਪੂਰਾ ਪਿੰਡ ਹੀ ਵਿਹੜਾ ਪ੍ਰਤੀਤ ਹੁੰਦਾ ਸੀ, ਅੱਜ ਆਪਣਾ ਕਮਰਾ, ਟੀ, ਕੰਪਿਊਟਰ, ਮੋਬਾਇਲ ਹੀ ਆਪਣਾ ਹੈ। ਅੱਜ ਮਿਲ -ਵੰਡ ਕੇ ਖਾਣ ਅਤੇ ਨਾਲ ਰਹਿਣ ਦਾ ਸੱਭਿਆਚਾਰ ਖਤਮ ਹੋ ਰਿਹਾ ਹੈ।ਮੌਜੂਦਾ ਸਮੇਂ ’ਚ ਮਾਪੇ ਆਪਣੇ ਪੁੱਤਰ -ਪੁੱਤਰੀਆ ਨੂੰ ਚੰਗੀ ਅਤੇ ਉਚੇਰੀ ਸਿੱਖਿਆ ਤਾਂ ਜਰੂਰ ਦਵਾ ਰਹੇ ਹਨ, ਪਰ ਘਰ ਦੇ ਕੰਮਾਂ ਦੇ ਨਾਲ -ਨਾਲ ਸੰਸਕਾਰ ਨਹੀਂ ਦੇ ਰਹੇ ਹਨ। ਅਜਿਹੀਆਂ ਸੰਤਾਨਾਂ ਸਮਾਜ ’ਚ ਆਪਣਾ ਕੋਈ ਯੋਗਦਾਨ ਨਹੀਂ ਦੇ ਪਾਉਂਦੀਆਂ ਹਨ। ਜੇਕਰ ਪੁੱਤਰ ਸੰਸਕਾਰੀ ਨਹੀਂ ਤਾਂ ਉਹ ਅੱਗੇ ਜਾ ਕੇ ਆਪਣੇ ਪਰਿਵਾਰ ਨੂੰ ਸੁਚਾਰੂ ਤਰੀਕੇ ਨਾਲ ਨਹੀਂ ਚਲਾ ਸਕਦਾ।ਜੇਕਰ ਕੁੜੀ ’ਚ ਸੰਸਕਾਰਾਂ ਦੀ ਕਮੀ ਹੈ, ਤਾਂ ਮਾਪਿਆਂ ਲਈ ਸਿਰਦਰਦ ਦਾ ਕਾਰਨ ਬਣਦੀ ਹੈ।

ਜੇਕਰ ਉਸ ਕੁੜੀ ਬਾਰੇ ਸੱਚ-ਝੂਠ ਕਹਿ ਕੇ, ਤਰੀਫਾਂ ਦੇ ਪੁੱਲ ਬੰਨ੍ਹ ਕੇ ਕਿਸੇ ਪਰਿਵਾਰ ’ਚ ਵਿਆਹ ਦਿੱਤੀ ਜਾਂਦੀ ਹੈ, ਤਾਂ ਉਹ ਅੱਗੇ ਜਾਕੇ ਵੀ ਕਾਟੋ-ਕਲੇਸ਼ ਦਾ ਕਾਰਨ ਬਣਦੀ ਹੋਈ ਮੁਸ਼ਕਲਾਂ ਹੀ ਪੈਦਾ ਕਰਦੀ ਹੈ। ਜੇਕਰ ਸਿੱਖਿਅਤ, ਘਰੇਲੂ ਕੰਮਾ ’ਚ ਮਾਹਿਰ ਅਤੇ ਸੰਸਕਾਰਾਂ ਵਾਲੀ ਬਹੂ ਕਿਸੇ ਪਰਿਵਾਰ ਨੂੰ ਮਿਲਦੀ ਹੈ ਤਾਂ ਉਸ ਘਰ ਦੇ ਬਰਾਬਰ ਖੁਸ਼ਕਿਸਮਤ ਕੋਈ ਪਰਿਵਾਰ ਨਹੀਂ ਹੁੰਦਾ। ਪਹਿਲਾ ਜੀ ਨਾਲ ਸੰਬੋਧਨ ਕਰਨਾ, ਜਿੱਥੇ ਸੰਸਕਾਰਾ ਦੀ ਗੱਲ ਸੀ ਅਤੇ ਪੈਰੀ ਹੱਥ ਲਗਾ ਕੇ ਅਸ਼ੀਰਵਾਦ ਲੈਣ ਦੀ ਖੁਸ਼ੀ ਹੀ ਕੁਝ ਹੋਰ ਹੁੰਦੀ ਸੀ। ਅੱਜ ਸਭ ਕੁਝ ਮੰਨੋ ਸਿਰਫ ਫਾਰਮੈਲਟੀ ਬਣਦਾ ਜਾ ਰਿਹਾ ਹੈ। ਹੁਣ ਤਾਂ ਸਭ ਕੁਝ ਪੱਛਮੀ ਸੱਭਿਆਚਾਰ ਦੇ ਸਲੀਕੇ ਨਾਲ ਹੈਲੋ-ਹਾਏ ’ਚ ਹੀ ਸਿਮਟਦਾ ਜਾ ਰਿਹਾ ਹੈ। ਕਿਸੇ ਨੂੰ ਨਾਂਅ ਲੈ ਕੇ ਬੁਲਾਉਣਾ ਫੈਸ਼ਨ ਬਣਦਾ ਜਾ ਰਿਹਾ ਹੈ।

ਅੱਜ ਪੈਸੇ ਦੀ ਭੁੱਖ ਇਨਸਾਨ ਅੰਦਰ ਇਸ ਹੱਦ ਤੱਕ ਵਧ ਗਈ ਹੈ ਕਿ ਸਭ ਕੁਝ ਹਾਸਲ ਕਰਨ ਦੀ ਦੌੜ ’ਚ ਹੀ ਭੱਜ ਰਿਹਾ ਹੈ। ਅੱਜ ਇਨਸਾਨ ਐਨਾ ਉਲਝ ਗਿਆ ਹੈ ਕਿ ਉਸ ਨੂੰ ਪਰ-ਹਿੱਤ, ਲੋਕ-ਕਲਿਆਣ ਅਤੇ ਦੂਜਿਆਂ ਦੀਆਂ ਭਾਵਨਾਵਾਂ ਦੇ ਨਾਲ ਦੇਸ਼ ਹਿੱਤ ਦੀ ਗੱਲ ਸੋਚਣ ਦੀ ਜ਼ਰਾ ਵੀ ਫੁਰਸਤ ਨਹੀਂ ਹੈ। ਭਾਵੇਂ ਹੀ ਆਬੋ -ਹਵਾ ਬਦਲ ਰਹੀ ਹੈ, ਸਭਿਆਚਾਰ ਬੜੀ ਤੇਜ਼ ਰਫਤਾਰ ਨਾਲ ਸਿਮਟ ਰਿਹਾ ਹੈ, ਪਰ ਫਿਰ ਵੀ ਸਾਨੂੰ ਭਵਿੱਖ ਨੂੰ ਸੰਵਾਰਨਾ ਪਵੇਗਾ। ਬੱਚਿਆਂ ਨੂੰ ਸੰਸਕਾਰ ਦੇਣੇ ਅਤੇ ਉਨ੍ਹਾਂ ’ਚ ਮਨੁੱਖੀ ਗੁਣਾਂ ਦਾ ਵਿਕਾਸ ਕਰਨਾ ਮਾਪਿਆ ਅਤੇ ਅਧਿਆਪਕਾ ਦੀ ਨੈਤਿਕ ਜਿੰਮੇਵਾਰੀ ਹੈ, ਕਿਉਂਕਿ ਉਹ ਬੱਚਿਆਂ ਦੇ ਸਭ ਤੋਂ ਵੱਡੇ ਰਖਵਾਲੇ ਅਤੇ ਮਾਰਗਦਰਸ਼ਕ ਹੁੰਦੇ ਹਨ। ਜਵਾਨੀ ’ਚ ਹੀ ਸੱਭਿਆਚਾਰ ਅਤੇ ਵਿਕਾਸ ਦੇ ਚਾਰ ਕਦਮ ਅੱਗੇ ਵਧਾਉਣੇ ਹਨ ਤਾਂ ਸੰਸਕਾਰਾ ਦੀਆਂ ਦੋ ਪਲਾਂਘਾ ਪਿੱਛੇ ਮੁੜ ਕੇ ਦੇਖਣੀਆ ਹੀ ਪੈਣਗੀਆਂ। ਮਨ ’ਚ ਸੰਤੁਸ਼ਟੀ ਦੀਆਂ ਭਾਵਨਾਵਾਂ ਨੂੰ ਵੀ ਥ੍ਹਾ ਦੇਣੀ ਹੋਵੇਗੀ ਅਤੇ ਸਮਾਜਿਕ ਜੰਤੂ ਹੋਣ ਦੇ ਨਾਤੇ ਸੰਸਕਾਰੀ ਬਣ ਕੇ ਸਮਾਜ ਅਤੇ ਦੇਸ਼ ਪ੍ਰਤੀ ਆਪਣੇ ਫਰਜਾਂ ਨੂੰ ਸਮਝ ਕੇ ਉਨ੍ਹਾਂ ਦੀ ਪਾਲਣਾ ਵੀ ਕਰਨੀ ਹੋਵੇਗੀ।

ਸਿੱਖਿਆ ਹਾਸਲ ਕਰਨ ਦੇ ਨਾਲ -ਨਾਲ ਸੰਸਕਾਰਾਂ ਦੀ ਗੁੱੜਤੀ ਲੈਣੀ ਵੀ ਬਹੁਤ ਜਰੂਰੀ ਹੈ।

ਤਾਂ ਹੀ ਅਸੀਂ ਸਮਾਜ, ਸੂਬੇ ਅਤੇ ਦੇਸ਼ ਪ੍ਰਤੀ ਆਪਣੇ ਫਰਜ਼ ਨਿਭਾਉਂਦੇ ਹੋਏ ਆਦਰਸ਼ ਅਤੇ ਸੰਸਕਾਰੀ ਨਾਗਰਿਕ ਸਿੱਧ ਹੋਵਾਂਗੇ।

*# ਸਾਬਕਾ ਡੀ ਓ ,174 ਮਿਲਟਰੀ ਹਸਪਤਾਲ*
*ਮੇਨ ਏਅਰ ਫੋਰਸ ਰੋਡ, ਬਠਿੰਡਾ*

## ਜਵਾਨੀ - ਜਿੰਦਗੀ ਦੀ ਸੁਨਹਿਰੀ ਉਮਰ

ਹਰਪ੍ਰੀਤ ਸਿੰਘ ਬਰਾੜ

ਬੱਚੇ ਆਪਣੇ ਖੇਤਰ ਜਾਂ ਆਪਣੇ ਟੀਚੇ ’ਚ ਸਫਲ ਕਿਉਂ ਨਹੀਂ ਪਾਉਂਦੇ, ਇਸ ਦਾ ਇਕ ਕਾਰਨ ਇਹ ਵੀ ਹੈ ਕਿ ਮਾਪੇ ਆਪਣੀ ਮਰਜੀ ਬੱਚਿਆ ’ਤੇ ਲੱਦਣਾ ਚਾਹੁੰਦੇ ਹਨ। ਭਾਵੇਂ ਬੱਚੇ ਦਾ ਰੁਝਾਨ ਖੇਡਾ ਵੱਲ ਹੋਵੇ, ਜਾਂ ਫਿਰ ਬੱਚਾ ਔਸਤ ਪੱਧਰ ਦਾ ਹੋਵੇ, ਫਿਰ ਵੀ ਮਾਪੇ ਚਾਹੁਣਗੇ ਕਿ ਜੇਕਰ ਗੁਆਂਢੀ ਦਾ ਬੱਚਾ ਸਾਇੰਸ ਵਿਸ਼ਾ ਲੈ ਕੇ ਪੜ੍ਹ ਰਿਹਾ ਹੈ, ਤਾਂ ਸਾਡਾ ਬੱਚਾ ਵੀ ਸਾਈਂਸ ਵਿਸ਼ਾ ਹੀ ਲਵੇਗਾ। ਫਿਰ ਭਾਵੇਂ ਬੱਚੇ ਨੂੰ ਉਸ ਵਿਸ਼ੇ ਬਾਰੇ ਕੁਝ ਸਮਝ ਹੀ ਨਾ ਆਵੇ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਿਆਂ ਨੂੰ ਪੜ੍ਹਾਈ ਬੋਝ ਲੱਗਣ ਲੱਗਦੀ ਹੈ ਅਤੇ ਉਹ ਅਵਸਾਦ ਭਾਵ ਉਦਾਸੀ ਨਾਲ ਗ੍ਰਸਤ ਹੋ ਜਾਂਦਾ ਹੈ। ਜਿਸ ਨਾਲ ਬੱਚਾ ਆਤਮਹੱਤਿਆ ਜਿਹਾ ਕਦਮ ਚੁੱਕਦੇ ਹਨ। ਹਰ ਸਾਲ ਕੋਟਾ, ਰਾਜਸਥਾਨ ਜੋ ਮੈਡੀਕਲ ਅਤੇ ਇੰਜੀਨੀਰਿੰਗ ਦਾ ਕੋਚਿੰਗ ਹੱਬ ਮੰਨਿਆ ਜਾਂਦਾ ਹੈ, ਅਕਸਰ ਬੱਚਿਆਂ ਦੀ ਆਤਮਹੱਤਿਆ ਦੀਆਂ ਖਬਰਾਂ ਪੜ੍ਹਨ ਜਾਂ ਸੁਣਨ ਨੂੰ ਮਿਲਦੀਆਂ ਹਨ। ਇਸ ਤੋਂ ਬਚਣ ਲਈ ਸਾਨੂੰ ਇਹ ਦੇਖਣਾ ਚਾਹੀਦਾ ਕਿ ਸਾਡੇ ਬੱਚਿਆਂ ਦਾ ਰੁਝਾਨ ਕਿਸ ਖੇਤਰ ਵੱਲ ਹੈ ਅਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਸੇ ਖੇਤਰ ’ਚ ਬੱਚੇ ਨੂੰ ਉਚੇਰੀ ਸਿੱਖਿਆ ਮੁਹੱਈਆ ਕਰਵਾਈ ਜਾਵੇ, ਜੋ ਬੱਚੇ ਨੂੰ ਪਸੰਦ ਹੋਵੇ। ਜਬਰਦਸਤੀ ਆਪਣੀ ਮਰਜੀ ਨਹੀਂ ਥੋਪੀ ਜਾਣੀ ਚਾਹੀਦੀ,ਕਿਉਂਕਿ ਬੱਚਿਆਂ ਦੇ ਨਾਲ ਜਬਰਦਸਤੀ ਕਰਕੇ ਬੱਚਾ ਬਿਨਾਂ ਦਿਲਚਸਪੀ ਦੇ ਪੜੇਗਾ ਤਾਂ ਉਸ ਨੂੰ ਸਫਲਤਾ ਕਿਵੇਂ ਮਿਲੇਗੀ। ਹਰ ਖੇਤਰ ’ਚ ਜ਼ੋਖਮ ਹੈ। ਤੁਹਾਨੂੰ ਕਿਹੜਾ ਖੇਤਰ ਰੋਚਕ ਅਤੇ ਕੰਮ ਕਰਨ ਯੋਗ ਲੱਗਦਾ ਹੈ। ਹਰੇਕ ਵਿਅਕਤੀ ’ਚ ਇਕ ਖੂਬੀ ਹੁੰਦੀ ਹੈ, ਮਾਪਿਆਂ ਨੂੰ ਚਾਹੀਦਾ ਹੈ ਕਿ ਉਸ ਖੂਬੀ ਦੀ ਪਹਿਚਾਣ ਕੀਤੀ ਜਾਵੇ ਅਤੇ ਬੱਚੇ ਨੂੰ ਉਸੇ ਖੇਤਰ ’ਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਜਾਵੇ। ਬੱਚਿਆਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਕਿਵੇਂ ਮਾਪੇ ਇਸ ਲੱਕ ਤੋੜ ਮਹਿੰਗਾਈ ਦੇ ਦੌਰ ’ਚ ਸਾਨੂੰ ਪੜ੍ਹਾ ਰਹੇ ਹਨ। ਮਾਪੇ ਮਿਹਨਤ ਅਤੇ ਖੂਨ-ਪਸੀਨੇ ਦੀ ਕਮਾਈ ਬੱਚਿਆਂ ਦੀ ਪੜ੍ਹਾਈ ’ਤੇ ਖਰਚ ਕਰ ਰਹੇ ਹਨ, ਤਾਂ ਬੱਚਿਆਂ ਦਾ ਵੀ ਇਹ ਫਰਜ ਬਣਦਾ ਹੈ ਕਿ ਉਹ ਮਨ ਲਾ ਕੇ ਪੜ੍ਹਾਈ ਕਰਨ ਅਤੇ ਵੱਡਾ ਬਣ ਕੇ ਮਾਪਿਆਂ ਦਾ ਨਾਂਅ ਰੋਸ਼ਨ ਕਰਨ। ਕੁਝ ਬੱਚੇ ਸਕੂਲ-ਕਾਲਜ ’ਚ ਗਲਤ ਆਦਤਾਂ ’ਚ ਫਸ ਜਾਂਦੇ ਹਨ ਅਤੇ ਖੁਦ ਨੂੰ ਬਰਬਾਦ ਕਰ ਲੈਂਦੇ ਹਨ। ਘਰੇ ਝੂਠ ਬੋਲ ਕੇ ਮਾਪਿਆਂ ਦੀ ਖੂਨ-ਪਸੀਨੇ ਦੀ ਕਮਾਈ ਐਸ਼ਪ੍ਰਸਤੀ ’ਚ ਉਡਾਉਂਦੇ ਹਨ। ਅੱਜ ਕੱਲ੍ਹ 11-12 ਸਾਲ ਦੇ ਬੱਚੇ ਵੀ ਨਸ਼ਾ ਕਰ ਰਹੇ ਹਨ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਬਚਪਨ ਤੋਂ ਹੀ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਤਾਂ ਕਿ ਬੱਚੇ ਗਲਤ ਅਤੇ ਮਾੜੀਆਂ ਆਦਤਾਂ ’ਚ ਨਾ ਪੈਣ। ਬੱਚਿਆਂ ’ਤੇ ਨਜਰ ਵੀ ਰੱਖਣੀ ਬਹੁਤ ਜਰੂਰੀ ਹੈ।

ਜੇਕਰ ਬੱਚਾ ਕਿਸੇ ਸ਼ੱਕੀ ਗਤੀਵਿਧੀ ’ਚ ਸ਼ਾਮਲ ਹੁੰਦਾ ਦਿਸੇ ਤਾਂ ਤੁਰੰਤ ਬੱਚੇ ਨੂੰ ਪੱਛਗਿੱਛ ਕਰੋ। ਮਾਪਿਆਂ ਦਾ ਬੱਚੇ ’ਚ ਡਰ ਹੋਣਾ ਬਹੁਤ ਜਰਰੀ ਹੈ ਤਾਂ ਕਿ ਕੋਈ ਗਲਤ ਕੰਮ ਕਰਨ ਤੋਂ ਪਹਿਲਾਂ ਬੱਚਾ ਸੌ ਵਾਰ ਸੋਚੇ।

ਆਪਣੇ ਬੱਚੇ ਸਾਰਿਆਂ ਨੂੰ ਚੰਗੇ ਲੱਗਦੇ ਹਨ। ਲਾਡ -ਪਿਆਰ ਜਰੂਰੀ ਹੈ ਪਰ ਇਕ ਹੱਦ ’ਚ ਰਹਿ ਕੇ। ਜਿਆਦਾ ਲਾਡ -ਪਿਆਰ ਨਾਲ ਬੱਚੇ ਅਕਸਰ ਵਿਗੜ ਜਾਂਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਦੋਸਤ -ਮੰਡਲੀ ’ਤੇ ਵੀ ਧਿਆਨ ਦੇਣ। 15 ਤੋਂ 25 ਤੱਕ ਦੀ ਉਮਰ ਹੱਦ ਅਜਿਹੀ ਹੈ, ਜਦੋਂ ਬੱਚੇ ਦੀ ਵਿਗੜਨ ਦੀ ਸੰਭਾਵਨਾ ਜਿਆਦਾ ਹੁੰਦੀ ਹੈ।

# ਦਾਅਵੇ ਅਤੇ ਹਕੀਕਤਾਂ

ਅੰਗ-ਸੰਗ



ਸ਼ਾਮ ਸਿੰਘ
98141-13338

ਵੈਸੇ ਤਾਂ ਸਿਆਸਤਦਾਨਾਂ ਨੂੰ ਆਪਣੇ ਤੋਂ ਕਿਤੇ ਵੱਡੇ ਦਾਅਵੇ ਕਰਨ ਦੀ ਆਦਤ ਹੁੰਦੀ ਹੈ, ਤਾਂ ਕਿ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ 'ਤੇ ਪ੍ਰਭਾਵ ਜਮਾ ਸਕਣ। ਚੋਣਾਂ ਦੇ ਦਿਨਾਂ ਵੇਲੇ ਤਾਂ ਉਹ ਹਕੀਕਤਾਂ ਨੂੰ ਦਰ-ਕਿਨਾਰ ਕਰ ਕੇ ਭਰਮ-ਭੁਲੇਖੇ ਪਾਲਦਿਆਂ ਏਡੇ ਵੱਡੇ ਦਾਅਵੇ ਕਰ ਲੈਂਦੇ ਹਨ, ਜਿਨ੍ਹਾਂ ਤੋਂ ਬਿਨਾਂ ਉਨ੍ਹਾਂ ਦਾ ਸਰਦਾ ਹੀ ਨਾ ਹੋਵੇ। ਅਜਿਹੇ ਦਾਅਵੇ ਆਪਣੇ ਆਪ ਨਾਲ ਵੀ ਧੋਖਾ ਹੁੰਦਾ ਹੈ ਅਤੇ ਦੂਜਿਆਂ ਨਾਲ ਵੀ, ਕਿਉਂਕਿ ਉਨ੍ਹਾਂ ਦਾ ਕੋਈ ਆਧਾਰ ਨਹੀਂ ਹੁੰਦਾ। ਬਿਨਾਂ ਆਧਾਰ ਦਾਅਵੇ ਖ਼ਿਆਲੀ ਪੁਲਾਉ ਵੀ ਹੁੰਦੇ ਹਨ ਅਤੇ ਜੜ੍ਹ-ਹੀਣ ਰੁੱਖਾਂ ਵਾਂਗ ਵੀ, ਜਿਹੜੇ ਫਲ-ਫੁਲ ਨਹੀਂ ਸਕਦੇ। ਫੇਰ ਵੀ ਸਿਆਸਤਦਾਨ ਇਨ੍ਹਾਂ ਦਾਅਵਿਆਂ ਦਾ ਸਹਾਰਾ ਲੈਂਦੇ ਹਨ, ਤਾਂ ਜੁ ਆਪਣੀ ਸਿਆਸੀ ਸਾਖ ਨੂੰ ਬਣਾਈ ਰੱਖਣ ਦਾ ਜਤਨ ਕਰਦੇ ਰਹਿਣ।

ਆਮ ਕਰ ਕੇ ਦਾਅਵੇ ਦਾ ਆਧਾਰ ਆਪਣੇ ਮਨ ਦੀ ਇੱਛਾ ਹੁੰਦੀ ਹੈ ਜਾਂ ਫੇਰ ਸਦਾ ਅੱਖਾਂ ਅੱਗੇ ਲਟਕਦੇ ਸੁਫ਼ਨੇ, ਜਿਨ੍ਹਾਂ ਨੂੰ ਪੂਰੇ ਹੁੰਦੇ ਦੇਖਣ ਦੀ ਲਾਲਸਾ ਕਦੇ ਖ਼ਤਮ ਨਹੀਂ ਹੁੰਦੀ। ਸਿਆਸਤਦਾਨ ਕਿਸੇ ਨਾ ਕਿਸੇ ਸਿਆਸੀ ਪਾਰਟੀ ਦੀ ਪ੍ਰਤੀਨਿਧਤਾ ਕਰਦਿਆਂ ਉਸ ਦੀ ਸਾਖ ਨੂੰ ਵਧਾ-ਚੜ੍ਹਾਅ ਕੇ ਪੇਸ਼ ਕਰਦੇ ਹਨ, ਤਾਂ ਜੁ ਵੋਟਾਂ ਪਾਉਣ ਸਮੇਂ ਵੋਟਰ ਉਨ੍ਹਾਂ ਦੀ ਪਾਰਟੀ ਦੇ ਵੱਕਾਰ ਨੂੰ ਦੇਖਦਿਆਂ ਤਰਜੀਹ ਦੇਣ ਦਾ ਮਨ ਬਣਾਉਣ, ਪਰ ਵੋਟਰ ਕਿਸੇ ਵੀ ਪਾਰਟੀ ਨੂੰ ਤਰਜੀਹ ਦੇਣ ਵੇਲੇ ਜ਼ਮੀਨੀ ਹਕੀਕਤਾਂ ਨੂੰ ਵੀ ਵਿਚਾਰਦੇ ਹਨ, ਤਾਂ ਕਿ ਉਨ੍ਹਾਂ ਨੂੰ ਵੋਟ ਦੀ ਵਰਤੋਂ ਕਰਨ ਮਗਰੋਂ ਪਛਤਾਉਣਾ ਨਾ ਪਵੇ।

ਚੋਣਾਂ ਨੇੜੇ ਆਉਣ 'ਤੇ ਸਿਆਸੀ ਪਾਰਟੀਆਂ ਦੀ ਟੁੱਟ-ਭੱਜ ਦਾ ਰੁਝਾਨ ਜ਼ੋਰ ਫੜ ਜਾਂਦਾ ਹੈ, ਕਿਉਂਕਿ ਹਰੇਕ ਨੇਤਾ ਲੋਕਾਂ ਦੇ ਹਿੱਤਾਂ ਦੇ ਬਹਾਨੇ ਉਨ੍ਹਾਂ ਬਾਰੇ ਵੀ ਸੋਚਦਾ ਹੈ ਅਤੇ ਆਪਣੇ ਆਪ ਬਾਰੇ ਵੀ। ਕਈ ਨੇਤਾ ਇਸ ਕਰ ਕੇ ਵੀ ਮਾਂ-ਪਾਰਟੀ ਛੱਡ ਦਿੰਦੇ ਹਨ, ਕਿਉਂਕਿ ਪਾਰਟੀ ਵਿੱਚ ਉਨ੍ਹਾਂ ਦੀ ਪੁੱਛ-ਪ੍ਰਤੀਤ ਨਹੀਂ ਰਹਿੰਦੀ। ਚੋਣ ਲੜਨ ਲਈ ਟਿਕਟ ਮਿਲਣ ਦੀ ਆਸ ਨਹੀਂ ਹੁੰਦੀ। ਕਿਸੇ ਹੋਰ ਪਾਰਟੀ ਵਿੱਚ ਜਾਣ ਲਈ ਉਹ ਆਪਣੀ ਪਾਰਟੀ ਨੂੰ ਅਲਵਿਦਾ ਕਹਿਣ ਤੋਂ ਕਿਸੇ ਤਰ੍ਹਾਂ ਦੀ ਝਿਜਕ ਮਹਿਸੂਸ ਨਹੀਂ ਕਰਦੇ। ਬਹਾਨਾ ਅਕਸਰ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਪਾਰਟੀ ਵਿੱਚ ਦਮ ਘੁਟਣ ਲੱਗ ਪਿਆ ਹੈ, ਜਿਵੇਂ ਉਸ ਪਾਰਟੀ ਅੰਦਰ ਕੋਈ ਜ਼ਹਿਰੀਲੀ ਗੈਸ ਛੱਡ ਦਿੱਤੀ ਗਈ ਹੋਵੇ। ਜਦ-ਜਦ ਵੀ ਚੋਣਾਂ ਨੇੜੇ ਆਉਂਦੀਆਂ ਹਨ, ਤਦ-ਤਦ ਹੀ ਸਿਆਸੀ ਪਾਰਟੀਆਂ ਆਪੋ-ਆਪਣੀ ਜਿੱਤ ਦੇ ਉੱਚੇ ਦਾਅਵੇ ਕਰਦੀਆਂ ਹਨ, ਤਾਂ ਕਿ ਲੋਕਾਂ ਨੂੰ ਆਪਣੇ ਪ੍ਰਭਾਵ ਦੀ ਪਕੜ ਵਿੱਚ ਲਿਆ ਜਾ ਸਕੇ। ਕਈ ਵਾਰ ਤਾਂ ਉਹ ਜ਼ਮੀਨੀ ਹਕੀਕਤਾਂ ਦਾ ਵੀ ਧਿਆਨ ਨਹੀਂ ਰੱਖਦੇ। ਹਰੇਕ ਪਾਰਟੀ ਹੀ ਜਿੱਤ ਦੇ ਦਾਅਵੇ ਕਰਦੀ ਹੈ ਅਤੇ ਕੋਈ ਵੀ ਹਾਰ ਨੂੰ ਪਰਨਾਉਣ ਵਾਸਤੇ ਤਿਆਰ ਨਹੀਂ ਹੁੰਦੀ। ਜਿੱਤ ਦੇ ਡੰਕੇ ਕਿਸ ਪਾਰਟੀ ਦੇ ਵੱਜਣੇ ਹਨ, ਇਹ ਨੇਤਾਵਾਂ ਦੇ ਦਾਅਵਿਆਂ 'ਤੇ ਨਿਰਭਰ ਨਹੀਂ ਕਰਦਾ, ਸਗੋਂ ਇਸ ਦਾ ਨਤੀਜਾ ਕੱਢਦੀ ਹੈ ਵੋਟਰਾਂ ਦੀ ਕਾਰਗੁਜ਼ਾਰੀ।

ਅੱਜ ਸਮੁੱਚੇ ਦੇਸ਼ ਵਿੱਚ ਸਿਆਸੀ ਨੇਤਾਵਾਂ ਦੇ ਬਿਆਨਾਂ ਦਾ ਘਮਾਸਾਣ ਮੱਚਿਆ ਹੋਇਆ ਹੈ, ਜਿਹੜੇ ਵੋਟਰਾਂ ਦੇ ਸਿਰਾਂ 'ਤੇ ਇਸ ਤਰ੍ਹਾਂ ਮੰਡਰਾਉਂਦੇ ਫਿਰਦੇ ਹਨ, ਜਿਵੇਂ ਮਧੂ-ਮੱਖੀਆਂ ਦਾ ਛੱਤਾ ਛਿੜ ਗਿਆ ਹੋਵੇ। ਰੈਲੀਆਂ ਅਤੇ ਸਿਆਸੀ ਕਾਨਫ਼ਰੰਸਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ, ਜਿਨ੍ਹਾਂ 'ਚ ਲੋਕਾਂ ਨੂੰ ਲਾਰਿਆਂ ਨਾਲ ਵੀ ਭਰਮਾਇਆ ਜਾਵੇਗਾ ਅਤੇ ਵੱਡੇ-ਵੱਡੇ ਵਾਅਦਿਆਂ ਨਾਲ ਵੀ। ਭੋਲੇ ਲੋਕ ਇਨ੍ਹਾਂ ਦੋਹਾਂ ਦਾ ਸ਼ਿਕਾਰ ਹੋਣ ਤੋਂ ਬਚ ਨਹੀਂ ਸਕਦੇ, ਕਿਉਂਕਿ ਉਹ ਸਿਆਸਤਦਾਨਾਂ ਦੀ ਚਤੁਰਾਈ ਦੀ ਗਹਿਰਾਈ ਨੂੰ ਸਮਝਣ ਦੇ ਸਮਰੱਥ ਨਹੀਂ ਹੁੰਦੇ। ਦਾਅਵਿਆਂ ਦੀ ਛਤਰੀ ਤਣਨ ਤੋਂ ਨਹੀਂ ਹਟਦੀ।



ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਚੋਣਾਂ ਕਰ ਕੇ ਆਪਣੇ ਤਿੱਖੇ ਤੀਰ ਛੱਡ ਰਹੀ ਹੈ, ਤਾਂ ਜੁ ਹੱਥ ਆਈ ਸੱਤਾ ਹੱਥੋਂ ਖਿਸਕਣ ਨਾ ਦਿੱਤੀ ਜਾਵੇ, ਪਰ ਉਹ ਲੋਕਾਂ ਦੇ ਮਨਾਂ ਦੀ ਹਕੀਕਤ ਪੜ੍ਹਨ ਦਾ ਜਤਨ ਹੀ ਨਹੀਂ ਕਰਦੀ। ਲੋਕਾਂ ਨੂੰ ਕਿੰਨਾ ਕੁ ਤੜਪਣਾ ਪਿਆ, ਕਿੰਨਾ ਕੁ ਸੁੱਖ ਮਿਲਿਆ, ਇਸ ਬਾਰੇ ਸੋਚਣ ਦਾ ਜਤਨ ਹੀ ਨਹੀਂ ਕਰਦੀ। ਕਰੇ ਤਾਂ ਦਾਅਵਿਆਂ ਦੀ ਫੂਕ ਨਿਕਲਦੀ ਹੈ ਅਤੇ ਨਾ ਕਰੇ ਤਾਂ ਜ਼ਮੀਨੀ ਹਕੀਕਤਾਂ ਸਾਹਮਣੇ ਨਹੀਂ। ਜ਼ਮੀਨੀ ਹਕੀਕਤਾਂ ਨੂੰ ਜਾਣੇ ਬਗ਼ੈਰ ਅਤੇ ਉਨ੍ਹਾਂ ਵਿੱਚ ਉੱਗੇ ਪ੍ਰਸ਼ਨਾਂ ਦਾ ਹੱਲ ਕੀਤੇ ਬਗ਼ੈਰ ਕੇਵਲ ਦਾਅਵਿਆਂ ਦੀ ਫ਼ਸਲ ਤੋਂ ਚੰਗੇ ਝਾੜ ਦੀ ਆਸ ਨਹੀਂ ਰੱਖੀ ਜਾ ਸਕਦੀ।

ਦੂਜੇ ਪਾਸੇ ਜ਼ਮੀਨੀ ਹਕੀਕਤਾਂ ਨੂੰ ਪੜ੍ਹ-ਪਛਾਣ ਕੇ ਦੇਸ਼ ਦੀਆਂ 22 ਸਿਆਸੀ ਪਾਰਟੀਆਂ ਨੇ ਆਪਸੀ ਗੱਠਜੋੜ ਕਰਨ ਦਾ ਨਿਰਣਾ ਲਿਆ, ਤਾਂ ਜੁ ਦੇਸ਼ ਦੇ ਹਿੱਤਾਂ ਨੂੰ ਵੀ ਬਚਾਇਆ ਜਾ ਸਕੇ ਅਤੇ ਲੋਕਾਂ ਨੂੰ ਵੀ। ਇਨ੍ਹਾਂ ਪਾਰਟੀਆਂ ਮੁਤਾਬਕ ਪਿਛਲੇ ਕੁਝ ਅਰਸੇ ਵਿੱਚ ਦੇਸ਼ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ 'ਤੇ ਸੱਤਾਧਾਰੀ ਪਾਰਟੀ ਨੇ ਲੋਕਾਂ ਲਈ ਮੁਸੀਬਤਾਂ ਖੜੀਆਂ ਕਰ ਦਿੱਤੀਆਂ। ਨੋਟਬੰਦੀ ਕਰ ਕੇ ਦੇਸ਼ ਬੈਂਕਾਂ ਅੱਗੇ ਕਤਾਰਾਂ ਵਿੱਚ ਖੜ੍ਹ ਗਿਆ। ਤਸੀਹੇ ਝੱਲੇ ਅਤੇ ਜਾਨਾਂ ਗਵਾਈਆਂ। ਲੋਕਾਂ ਦੇ ਵਪਾਰ ਅਤੇ ਕੰਮ ਖੁੱਸ ਗਏ। ਦਾਅਵਿਆਂ ਅਤੇ ਜ਼ਮੀਨੀ ਹਕੀਕਤਾਂ ਦਾ ਫ਼ਰਕ ਹੀ ਮਿਟਾਇਆ ਨਾ ਜਾ ਸਕਿਆ। ਜਾਪਦਾ ਹੈ ਕਿ ਬਾਈ ਪਾਰਟੀਆਂ ਵੱਖਰਾ ਕਰ ਕੇ ਦਿਖਾਉਣਗੀਆਂ। ਬਾਕੀ ਸੂਬਿਆਂ ਨੂੰ ਛੱਡਦਿਆਂ ਪੰਜਾਬ ਦੀ ਗੱਲ ਕਰੀਏ ਤਾਂ ਸਿਆਸੀ ਪਾਰਟੀਆਂ ਦੀ ਟੁੱਟ-ਭੱਜ ਏਨੀ ਹੋ ਗਈ ਕਿ ਅਜੇ ਸਿਆਸੀ ਅਨੁਮਾਨ ਵੀ ਨਹੀਂ ਲਾਏ ਜਾ ਸਕਦੇ ਅਤੇ ਸਹੀ ਨਿਰਣਿਆਂ ਤੱਕ ਤਾਂ ਪਹੁੰਚਿਆ ਹੀ ਨਹੀਂ ਜਾ ਸਕਦਾ। ਲੋਕ ਸਭਾ ਦੀਆਂ ਆ ਰਹੀਆਂ ਚੋਣਾਂ ਵਿੱਚ ਕਾਂਗਰਸ ਦਾ ਹੱਥ ਉੱਚਾ ਰਹਿਣ ਦਾ ਕਿਆਸ ਕੀਤਾ ਜਾ ਸਕਦਾ ਹੈ, ਕਿਉਂਕਿ ਹੋਰ ਕਿਸੇ ਪਾਰਟੀ ਦਾ ਵਜੂਦ ਠੋਸ ਨਹੀਂ ਰਿਹਾ। ਸ਼੍ਰੋਮਣੀ ਅਕਾਲੀ ਦਲ ਬਿਖਰ ਵੀ ਗਿਆ ਅਤੇ ਬਦਨਾਮ ਵੀ ਕਰ ਦਿੱਤਾ ਗਿਆ।

ਬਦਨਾਮੀ ਕਾਰਨ ਲੋਕਾਂ ਦੇ ਦਿਲਾਂ 'ਚੋਂ ਉੱਤਰੀ ਪਾਰਟੀ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ ਅਤੇ ਵੋਟ ਨਹੀਂ ਮਿਲਦੀ। ਦੂਜਾ, ਮਾਝੇ ਦੇ ਟਕਸਾਲੀ ਆਗੂਆਂ ਨੇ ਬ੍ਰਹਮਪੁਰਾ ਦੀ ਅਗਵਾਈ ਵਿੱਚ ਨਵਾਂ ਅਕਾਲੀ ਦਲ ਬਣਾ ਲਿਆ, ਜੋ ਆਪ ਕੋਈ ਸੀਟ ਜਿੱਤੇ ਨਾ ਜਿੱਤੇ, ਪਰ ਸ਼੍ਰੋਮਣੀ ਅਕਾਲੀ ਦਲ ਨੂੰ ਨੁਕਸਾਨ ਜ਼ਰੂਰ ਪਹੁੰਚਾਏਗਾ। ਬਾਕੀ ਜਿੰਨੇ ਵੀ ਅਕਾਲੀ ਦਲ ਹਨ, ਉਨ੍ਹਾਂ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ, ਜਿਸ ਕਾਰਨ ਉਨ੍ਹਾਂ ਨੂੰ ਵੀ ਕੁਝ ਨਹੀਂ ਲੱਭਣਾ। ਨਵੀਂ ਬਣੀ ਆਮ ਆਦਮੀ ਪਾਰਟੀ ਵੀ ਟੁੱਟ-ਭੱਜ ਗਈ, ਜਿਸ ਕਰ ਕੇ ਲੋਕ-ਦਿਲਾਂ 'ਚੋਂ ਕਿਰ ਗਈ। ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਦਾ ਵਪਾਰਕ ਜਿਹਾ ਰਵੱਈਆ ਨਾ ਪੰਜਾਬ ਦੇ ਹਿੱਤ ਵਿੱਚ ਹੈ, ਨਾ ਹਰਿਆਣੇ ਦੇ। ਜਿੱਤੇ ਵੀਹ ਵਿਧਾਇਕ ਪੰਜਾਬੀਆਂ ਲਈ ਕੁਝ ਨਾ ਕਰ ਸਕੇ। ਰਹੀ ਗੱਲ ਕਈ ਧਿਰਾਂ ਦੇ ਇਕੱਠੇ ਹੋ ਕੇ ਗੱਠਜੋੜ ਬਣਾਉਣ ਦੀ। ਆਪ 'ਚੋਂ ਵੱਖ ਹੋਏ ਸੁਖਪਾਲ ਸਿੰਘ ਖਹਿਰਾ ਦੇ ਜਤਨਾਂ ਨਾਲ ਡੈਮੋਕਰੈਟਿਕ ਫ਼ਰੰਟ ਬਣਿਆ (ਜਿਸ ਵਿੱਚ ਪੰਜਾਬੀ ਏਕਤਾ ਪਾਰਟੀ, ਪੰਜਾਬ ਮੰਚ, ਲੋਕ ਇਨਸਾਫ਼ ਪਾਰਟੀ, ਬਸਪਾ ਅਤੇ ਅਕਾਲੀ ਦਲ ਟਕਸਾਲੀ ਸ਼ਾਮਲ ਦੱਸੇ ਜਾ ਰਹੇ ਹਨ), ਜਿਸ ਵੱਲੋਂ ਜ਼ਮੀਨੀ ਹਕੀਕਤਾਂ ਨੂੰ ਸਮਝਿਆ ਗਿਆ ਅਤੇ ਏਕਾ ਬਣ ਗਿਆ। ਅਜੇ ਇਸ ਫ਼ਰੰਟ ਨੂੰ ਕੰਮ ਕਰ ਕੇ ਦਿਖਾਉਣਾ ਪਵੇਗਾ, ਤਾਂ ਹੀ ਪੰਜਾਬੀ ਇਸ ਦੀ ਹਮਾਇਤ ਕਰਨਗੇ। ਇਹ ਸਾਰੇ ਦਲ ਅਤੇ ਗੱਠਜੋੜ ਦਾਅਵੇ ਤਾਂ ਕਰਨਗੇ, ਪਰ ਜਿੱਤ ਉਹੀ ਪ੍ਰਾਪਤ ਕਰਨਗੇ, ਜਿਹੜੇ ਜ਼ਮੀਨੀ ਹਕੀਕਤਾਂ ਨੂੰ ਸਮਝ ਕੇ ਵਾਅਦੇ ਕਰਨਗੇ ਅਤੇ ਵਾਅਦੇ ਪੂਰੇ ਕਰਨ ਦਾ ਭਰੋਸਾ ਦੇਣਗੇ।

ਜਿਸ ਪਾਰਟੀ ਵਿੱਚ ਲੋਕਾਂ ਦਾ ਭਰੋਸਾ ਬੱਝ ਗਿਆ, ਉਹ ਹੀ ਜਿੱਤ ਦੇ ਦਾਅਵੇ ਕਰ ਸਕਦੀ ਹੈ ਅਤੇ ਉਸ ਨੂੰ ਜ਼ਮੀਨੀ ਹਕੀਕਤ ਬਾਰੀਕੀ ਨਾਲ ਸਮਝਣੀ ਪਵੇਗੀ। ਲੋਕ ਹਿੱਤਾਂ ਦੀ ਰਾਖੀ ਕਰਨ ਦੇ ਦਾਅਵੇ ਕਰਨ ਵਾਲੇ ਜ਼ਮੀਨੀ ਹਕੀਕਤਾਂ ਨੂੰ ਸਮਝ ਕੇ ਚੱਲਣਗੇ ਤਾਂ ਉਹ ਮਾਰ ਨਹੀਂ ਖਾਣਗੇ, ਸਗੋਂ ਜਿੱਤ ਦੇ ਡੰਕੇ ਵਜਾ ਦੇਣਗੇ। ਪਹਿਲਾਂ ਜਿਨ੍ਹਾਂ ਵਾਅਦੇ ਕਰ ਲਏ ਅਤੇ ਹਕੀਕਤਾਂ ਨੂੰ ਵਰਗਲਾ ਲਿਆ, ਉਹ ਹੁਣ ਚੰਗੇ ਰਾਜ-ਭਾਗ ਦੇ ਦਾਅਵੇ ਤਾਂ ਕਰ ਰਹੇ ਹਨ, ਪਰ ਲੋਕ ਇਸ ਗੱਲ ਨੂੰ ਨਹੀਂ ਮੰਨਦੇ। ਆਸ ਤਾਂ ਇਹੀ ਰੱਖੀਏ ਕਿ ਸਿਆਸੀ ਪਾਰਟੀਆਂ ਅਤੇ ਸਿਆਸਤਦਾਨ ਦਾਅਵੇ ਤਾਂ ਜ਼ਰੂਰ ਕਰਨ, ਪਰ ਜ਼ਮੀਨੀ ਹਕੀਕਤਾਂ ਨੂੰ ਅੱਖੋਂ ਓਹਲੇ ਨਾ ਕਰਨ। ਜਿਹੜੀਆਂ ਪਾਰਟੀਆਂ ਜ਼ਮੀਨੀ ਹਕੀਕਤਾਂ ਵੱਲ ਪਿੱਠ ਕਰ ਕੇ ਦਾਅਵੇ ਕਰਦੀਆਂ ਹਨ, ਉਹ ਕਦੇ ਸਫ਼ਲ ਨਹੀਂ ਹੁੰਦੀਆਂ। ਜਿਹੜੀਆਂ ਪਾਰਟੀਆਂ ਅਤੇ ਸਿਆਸਤਦਾਨ ਅਸਲੀਅਤ 'ਤੇ ਪੈਰ ਧਰ ਕੇ ਕਦਮ ਪੁੱਟਦੀਆਂ ਹਨ ਅਤੇ ਵਿੱਤ ਮੁਤਾਬਕ ਪੂਰੇ ਹੋਣ ਵਾਲੇ ਵਾਅਦੇ ਕਰਦੀਆਂ ਹਨ, ਉਹ ਭਵਿੱਖ ਨੂੰ ਸੁਨਹਿਰਾ ਵੀ ਬਣਾਉਂਦੀਆਂ ਹਨ ਅਤੇ ਮੁਲਕ ਨੂੰ ਵਿਕਾਸ-ਮੁਖੀ ਅਤੇ ਸੰਪੂਰਨ ਤੌਰ 'ਤੇ ਖ਼ੁਸ਼ਹਾਲ ਵੀ। ਲੀਡਰੋ, ਜ਼ਮੀਨੀ ਹਕੀਕਤਾਂ ਨੂੰ ਸਮਝ ਕੇ ਹੀ ਦਾਅਵੇ ਕਰੋ!

### ਸਾਬੀ ਲੁਧਿਆਣਵੀ

ਪਰਵਾਸੀ ਪੰਜਾਬੀ ਲੇਖਕ ਸਾਬੀ ਲੁਧਿਆਣਵੀ ਨੂੰ ਦੋ ਇੰਗਲੈਂਡ ਫੇਰੀਆਂ ਸਮੇਂ ਮਿਲਿਆ ਤਾਂ ਉਸ ਦੇ ਸਾਥ ਦਾ ਨਿੱਘ ਮਾਣਿਆ। ਉਹ ਲਗਾਤਾਰ ਸਿਰਜਣਾ ਕਰਦਾ ਰਿਹਾ। ਦਰਜਨ ਤੋਂ ਜ਼ਿਆਦਾ ਪੁਸਤਕਾਂ ਰਚੀਆਂ ਤੇ ਪੰਜਾਬੀ ਖ਼ਜ਼ਾਨੇ ਵਿੱਚ ਪਾਈਆਂ। ਉਸ ਦੀਆਂ ਉੱਚ ਪ੍ਰਾਪਤੀਆਂ ਨੂੰ ਸਨਮਾਨਦਿਆਂ ਲੰਡਨ ਦੀ ਇੱਕ ਯੂਨੀਵਰਸਿਟੀ ਨੇ ਉਸ ਨੂੰ ਡਾਕਟਰੇਟ ਦੀ ਡਿਗਰੀ ਵੀ ਦਿੱਤੀ। ਉਹ ਕਲਮਕਾਰ ਹੋਣ ਦੇ ਨਾਲ-ਨਾਲ ਰੇਡੀਓ ਪੇਸ਼ਕਾਰ ਵੀ ਸੀ ਅਤੇ ਸਫ਼ਲ ਟੀ ਵੀ ਐਂਕਰ ਵੀ। ਬੀ ਐੱਸ ਬੀਰ, ਸੁਖਦੇਵ ਗਰੇਵਾਲ ਤੋਂ ਬਾਅਦ ਇਹ ਸਾਥੀ ਲੁਧਿਆਣਵੀ ਵੀ ਤੁਰ ਗਿਆ। ਘਾਟਾ ਪੂਰਾ ਨਹੀਂ ਹੋਣਾ।

### ਲਤੀਫ਼ੇ ਦਾ ਚਿਹਰਾ-ਮੋਹਰਾ

ਸਹੇਲੀ : ਤੇਰਾ ਪਤੀ ਤਾਂ ਕੁਰਾਨ ਹੱਥ 'ਚ ਹੀ ਰੱਖਦਾ। ਏਨੀ ਤਬਦੀਲੀ ਕਿਵੇਂ?

ਪਤਨੀ : ਹੁਣ ਤਾਂ ਪੰਜੇ ਵਕਤ ਨਮਾਜ਼ ਵੀ ਕਰਦਾ।

ਸਹੇਲੀ : ਇਹੀ ਤਾਂ ਮੈਂ ਪੁੱਛਿਆ, ਇਹ ਸਭ ਕਿੱਦਾਂ ਹੋ ਗਿਆ?

ਪਤਨੀ : ਹੁਣ ਉਹ ਹੂਰਾਂ ਦੇ ਚੱਕਰ 'ਚ ਐ।

# ਦੇਸ਼ ਨੂੰ ਦਰਪੇਸ਼ ਹਨ ਵੱਡੀਆਂ ਚਣੌਤੀਆਂ



ਗੁਰਮੀਤ ਸਿੰਘ ਪਲਾਹੀ
91-98158-02070

ਔਕਸਫੋਮ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਹੁਣ ਵੀ ਅਮੀਰ ਅਤੇ ਗਰੀਬ ਲੋਕਾਂ ਵਿਚਲੀ ਖਾਈ ਵੱਡੀ ਹੈ। ਦਾਵੋਸ ਵਿੱਚ ਚਲ ਰਹੇ ਵਿਸ਼ਵ ਆਰਥਿਕ ਮੰਚ ਦੇ ਸੰਮੇਲਨ ਵਿੱਚ ਆਰਥਿਕ ਨਾ ਬਰਾਬਰੀ ਦੂਰ ਕਰਨ ਲਈ ਦੁਨੀਆਂ ਭਰ ਵਿੱਚ ਜੋ ਕੋਸ਼ਿਸ਼ ਹੋ ਰਹੀਆਂ ਹਨ, ਉਹ ਨਾਕਾਫੀ ਹਨ ਅਤੇ ਹੁਣ ਵੀ ਇੱਕ ਵੱਡੀ ਆਬਾਦੀ ਨੂੰ ਗੰਭੀਰ ਹਾਲਾਤਾਂ ਵਿੱਚ ਆਪਣਾ ਜੀਵਨ ਵਸਰ ਕਰਨਾ ਪੈ ਰਿਹਾ ਹੈ। ਦਾਵੋਸ ਵਿਖੇ ਇੱਕਠੇ ਹੋਏ ਰਾਜਨੇਤਾਵਾਂ ਅਤੇ ਵੱਡੇ ਉਦਯੋਗਪਤੀਆਂ ਦੇ ਸਾਹਮਣੇ ਪੇਸ਼ ਕੀਤੀ ਹੋਈ ਰਿਪੋਰਟ ਨੇ ਵੱਡੇ ਸਵਾਲ ਖੜੇ ਕੀਤੇ ਹਨ, ਜਿਸ 'ਚ ਦੱਸਿਆ ਗਿਆ ਹੈ ਕਿ ਦੁਨੀਆ ਭਰ ਵਿੱਚ ਚੁਣੇ ਹੋਏ ਅਰਬਪਤੀਆਂ ਦੀ ਜਾਇਦਾਦ ਵਿੱਚ 12 ਫੀਸਦੀ ਦੀ ਦਰ ਨਾਲ ਵਾਧਾ ਹੋਇਆ ਹੈ, ਜਦਕਿ ਪੰਜਾਹ ਫੀਸਦੀ ਆਬਾਦੀ ਦੀ ਜਾਇਦਾਦ ਵਿੱਚ ਗਿਆਰਾਂ ਫੀਸਦੀ ਦੀ ਕਮੀ ਆਈ ਹੈ। ਭਾਰਤ ਤੇਜੀ ਨਾਲ ਵੱਧ ਰਹੀ ਅਰਥ ਵਿਵਸਥਾ ਤਾਂ ਜ਼ਰੂਰ ਬਣ ਗਿਆ ਹੈ ਲੇਕਿਨ ਇਥੇ ਵੀ ਹਾਲਾਤ ਅੱਛੇ ਨਹੀਂ ਹਨ। ਉਦਾਹਰਨ ਦੇ ਤੌਰ ਤੇ ਭਾਰਤੀ ਅਰਬਪਤੀਆਂ ਦੀ ਜਾਇਦਾਦ ਰੋਜ਼ਾਨਾ 22000 ਕਰੋੜ ਰੁਪਏ ਦੀ ਦਰ ਨਾਲ ਵਧੀ ਅਤੇ ਜਿਥੇ ਦੇਸ਼ ਦੇ ਇਕ ਫੀਸਦੀ ਕੁਝ ਲੋਕਾਂ ਦੀ ਜਾਇਦਾਦ 39 ਫੀਸਦੀ ਵਧੀ ਹੈ, ਉਥੇ ਹੇਠਲੇ ਦਰਜੇ ਦੀ ਅੱਧੀ ਆਬਾਦੀ ਦੀ ਜਾਇਦਾਦ ਵਿੱਚ ਮਾਮੂਲੀ ਤਿੰਨ ਫੀਸਦੀ ਦਾ ਵਾਧਾ ਹੀ ਹੋਇਆ ਹੈ। ਇਸ ਤੋਂ ਸਾਫ ਜ਼ਾਹਿਰ ਹੈ ਕਿ ਹੁਣ ਦੇ ਸਾਲਾਂ ਵਿੱਚ ਅਤਿ ਦੀ ਗਰੀਬੀ ਤੋਂ ਛੁਟਕਾਰਾ ਪਾਉਣ ਦੇ ਯਤਨਾਂ ਵਿੱਚ ਭਾਰਤ ਨੂੰ ਕੋਈ ਸਫਲਤਾ ਨਹੀਂ ਮਿਲੀ।

ਇਸਦੇ ਉਲਟ 13.4 ਕਰੋੜ ਭਾਰਤੀ ਅਰਥਾਤ ਦੇਸ਼ ਦੀ ਦਸ ਫੀਸਦੀ ਸਭ ਤੋਂ ਗਰੀਬ ਆਬਾਦੀ 2004 ਤੋਂ ਕਰਜ਼ੇ ਵਿੱਚ ਡੁਬੀ ਹੋਈ ਹੈ। ਜਦਕਿ 10 ਫੀਸਦੀ ਬੇਹਦ ਅਮੀਰ ਲੋਕ, ਕੁਲ ਆਬਾਦੀ ਰਾਸ਼ਟਰੀ ਜਾਇਦਾਦ ਦੇ 77.5 ਫੀਸਦੀ ਦੇ ਮਾਲਕ ਹਨ ਅਤੇ ਪੰਜਾਹ ਫੀਸਦੀ ਆਬਾਦੀ ਕੋਲ ਰਾਸ਼ਟਰੀ ਜਾਇਦਾਦ ਦਾ ਮਸਾਂ 4.8 ਫੀਸਦੀ ਹੈ। ਗਰੀਬੀ ਘਟਾਉਣ ਦੇ ਯਤਨਾਂ ਦੇ ਬਾਵਜੂਦ ਸਚਾਈ ਇਹ ਹੈ ਕਿ ਅਤਿ ਦੀ ਗਰੀਬ ਘਟਾਉਣ ਦੀ ਦਰ 1990 ਤੋਂ 2015 ਤੱਕ ਇਕ ਫੀਸਦੀ ਸੀ ਉਹ 2015 ਤੋਂ ਬਾਅਦ 0.6 ਫੀਸਦੀ ਹੋ ਗਈ ਹੈ। ਇਸ ਆਰਥਿਕ ਨਾ ਬਰਾਬਰੀ ਨੇ ਸਮਾਜਿਕ-ਲੋਕਤੰਤਰਿਕ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਹੈ। ਜਿਸ ਨਾਲ ਸਿੱਖਿਆ, ਸਿਹਤ ਅਤੇ ਬੁਨਿਆਦੀ ਸੇਵਾਵਾਂ ਗਰੀਬਾਂ ਤੱਕ ਪੁੱਜ ਨਹੀਂ ਰਹੀਆਂ। ਇਸ ਆਰਥਿਕ ਨਾ ਬਰਾਬਰੀ ਦਾ ਸਬੰਧ ਸਮਾਜਿਕ ਅਤੇ ਲਿੰਗ ਅਸਮਾਨਤਾ ਨਾਲ ਵੀ ਹੈ। ਜਿਸਦਾ ਸਿੱਟਾ ਇਹ ਹੈ ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਤਨਖਾਹ ਨਹੀਂ ਮਿਲਦੀ।

ਸਾਡੇ ਸੰਵਿਧਾਨ ਵਿੱਚ ਛੂਆਛੂਤ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੱਤੇ ਗਏ ਹਨ। ਪਰ ਭਾਰਤ ਵਿੱਚ ਘਰਾਂ ਵਿੱਚ ਅਤੇ ਕੰਮ ਕਰਨ ਦੀਆਂ ਥਾਵਾਂ ਤੇ ਐਸ ਸੀ ਲੋਕਾਂ ਅਤੇ ਔਰਤਾਂ ਨਾਲ ਅਕਸਰ ਬਰਾਬਰ ਦੇ ਨਾਗਰਿਕਾਂ ਜਿਹਾ ਵਰਤਾਓ ਨਹੀਂ ਕੀਤਾ ਜਾਂਦਾ। ਜਾਤੀਗਤ ਭੇਦਭਾਵ ਇੱਕਲਾ ਘਰ ਜਾਂ ਕੰਮ ਕਰਨ ਦੀਆਂ ਥਾਵਾਂ ਉਤੇ ਹੀ ਨਹੀਂ, ਯੂਨੀਵਰਸਿਟੀਆਂ ਸਕੂਲਾਂ ਦੀ ਪੜ੍ਹਾਈ ਤੱਕ ਵੀ ਪਸਰਿਆ ਹੋਇਆ ਹੈ। ਰੋਹਿਤ ਵੇਮੁਲਾ ਦਾ ਦੁਖਾਂਤ ਦਰਸਾਉਂਦਾ ਹੈ ਕਿ ਇਹ ਉੱਚ ਪੱਧਰੀ ਯੂਨੀਵਰਸਿਟੀਆਂ ਤੱਕ ਫੈਲਿਆ ਹੋਇਆ ਹੈ। ਇਥੇ ਹੀ ਬੱਸ ਨਹੀਂ ਐਸ ਸੀ ਲੋਕਾਂ ਅਤੇ ਔਰਤਾਂ ਦੇ ਨਾਲ ਨਾਲ ਦੇਸ਼ ਦੇ ਆਦਿਵਾਸੀਆਂ ਨੂੰ ਵੀ ਭੇਦਭਾਵ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੰਗਲ, ਪਾਣੀ, ਜ਼ਮੀਨ ਅਤੇ ਖਣਿਜਾਂ ਤੱਕ ਤਾਕਤਵਰ ਲੋਕ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਕਬਜ਼ਾ ਕਰ ਲੈਂਦੇ ਹਨ ਅਤੇ ਬਦਲੇ 'ਚ ਉਹਨਾ ਨੂੰ ਕੁਝ ਵੀ ਨਹੀਂ ਮਿਲਦਾ। ਸਾਡੀ ਆਬਾਦੀ ਦਾ 8 ਫੀਸਦੀ ਆਦਿਵਾਸੀ ਹਨ। ਲੇਕਿਨ "ਵਿਕਾਸ" ਪ੍ਰੋਯੋਜਨਾਵਾਂ ਦੇ ਕਾਰਨ ਉਹਨਾ ਦੀ ਤਬਾਹੀ ਦਾ ਹਿੱਸਾ 40 ਫੀਸਦੀ ਹੈ। ਸੰਵਿਧਾਨ ਨੂੰ ਲਾਗੂ ਕਰਨ ਸਮੇਂ ਇਹ ਕਿਹਾ ਗਿਆ ਸੀ ਕਿ ਸਿਆਸੀ ਖੇਤਰ ਵਿੱਚ ਸਾਡੇ ਪਾਸ ਬਰਾਬਰੀ ਹੋਏਗੀ ਅਤੇ ਸਮਾਜਿਕ ਅਤੇ ਆਰਥਿਕ ਜੀਵਨ 'ਚ ਵਧਣ ਫੁਲਣ ਦੇ ਬਰਾਬਰ ਦੇ ਮੌਕੇ ਹੋਣਗੇ ਪਰ ਇਹ ਪੱਕੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਦੁਨੀਆ ਦੇ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਸਾਡੇ ਦਾਅਵੇ ਨੂੰ ਸਾਡੇ ਰਾਜਨੇਤਾਵਾਂ ਨੇ ਭ੍ਰਿਸ਼ਟਾਚਾਰ ਅਤੇ ਬੇਈਮਾਨੀ ਨਾਲ ਦੂਸ਼ਿਤ ਕਰ ਦਿੱਤਾ ਹੈ। ਉੱਚ ਜਾਤੀ ਦੇ ਹਿੰਦੂਆਂ ਨੇ ਐਸ ਸੀ ਜਾਤੀ ਦੇ ਲੋਕਾਂ ਅਤੇ ਲਗਭਗ ਸਾਰੇ ਧਰਮ ਅਤੇ ਜਾਤੀਆਂ ਦੇ ਲੋਕਾਂ ਵਲੋਂ ਔਰਤਾਂ ਨਾਲ ਨਿੱਤ ਪ੍ਰਤੀ ਦੇ ਵਰਤਾਉ ਨਾਲ ਦੂਸ਼ਿਤ ਕਰ ਦਿੱਤਾ ਹੈ। ਇਸ ਵੇਲੇ ਦੇਸ਼ ਵਿੱਚ ਨਾ ਬਰਾਬਰੀ, ਆਰਥਿਕ ਅਸਮਾਨਤਾ ਵਿਕਰਾਲ ਰੂਪ ਵਿੱਚ ਦਰਪੇਸ਼ ਹੈ।

ਦੂਜੀ ਚਣੌਤੀ ਡੂੰਘਾ ਹੋ ਰਿਹਾ ਧਾਰਮਿਕ ਪਾੜਾ ਹੈ। ਭਾਰਤ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਪ੍ਰਾਪਤ ਹੋਣ ਦੀ ਗੱਲ ਕਹੀ ਜਾਂਦੀ ਹੈ। ਭਾਰਤ ਦੇ ਧਰਮ ਨਿਰਪੱਖ ਹੋਣ ਦੀ ਗੱਲ ਸਾਡੇ ਸੰਵਿਧਾਨ ਵਿੱਚ ਵੀ ਦਰਜ ਕੀਤੀ ਗਈ ਹੈ। ਪਰ ਭਾਰਤ ਵਿੱਚ ਮੁਸਲਮਾਨਾਂ ਨੂੰ ਚੀਨ ਦੇ ਮੁਸਲਮਾਨਾਂ ਦੀ ਤੁਲਨਾ ਵਿੱਚ ਆਪਣਾ ਧਰਮ ਮੰਨਣ ਦੀ ਆਜ਼ਾਦੀ ਤਾਂ ਹੈ ਲੇਕਿਨ ਫਿਰਕੂ ਦੰਗਿਆਂ ਦੇ ਸਮੇਂ ਉਹਨਾ ਨੂੰ ਬੇਤਹਾਸ਼ਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੋਂ ਤੱਕ ਕਿ ਸਾਂਤੀ ਦੇ ਸਮੇਂ ਵੀ ਉਹਨਾ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ ਜਾਂ ਕਲੰਕਿਤ ਕੀਤਾ ਜਾ ਸਕਦਾ ਹੈ। ਪਿਛਲੇ ਕੁਝ ਵਰ੍ਹਿਆਂ ਦੇ ਦੌਰਾਨ ਭੀੜ ਹਿੰਸਾ ਦੀਆਂ ਘਟਨਾਵਾਂ ਨੇ ਸਪਸ਼ਟ ਤੌਰ ਤੇ ਧਾਰਮਿਕ ਨਾ ਬਰਾਬਰੀ ਪੈਦਾ ਕੀਤੀ ਹੈ। ਇਸ ਨਾਲ ਅੱਜ ਹਿੰਦੂ ਬਹੁਲਤਾਵਾਦ ਦਾ ਖਤਰਾ ਵਧਿਆ ਹੈ, ਜਿਸ ਨਾਲ ਦੇਸ਼ ਦੇ ਸਾਹਮਣੇ ਇੱਕ ਵੱਡੀ ਚਣੌਤੀ ਖੜੀ ਹੋ ਗਈ ਹੈ ਕਿ ਘੱਟ ਗਿਣਤੀ ਵਰਗ ਦੇ ਲੋਕਾਂ ਦਾ ਭਵਿੱਖ ਦੇਸ਼ ਵਿੱਚ ਕਿਹੋ ਜਿਹਾ ਹੋਵੇਗਾ? ਦੇਸ਼ ਵਿੱਚ ਵਾਤਾਵਰਨ ਪ੍ਰਦੂਸ਼ਣ ਦੀ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ। ਸਾਡੀਆਂ ਨਦੀਆਂ ਮਰ ਰਹੀਆਂ ਹਨ। ਸਾਡੇ ਜੰਗਲਾਂ ਦਾ ਘਾਣ ਹੋ ਰਿਹਾ ਹੈ। ਸਾਡੀ ਮਿੱਟੀ ਪ੍ਰਦੂਸ਼ਤ ਹੋ ਰਹੀ ਹੈ। ਇਹ ਸਾਰੇ ਭਾਰਤ ਦੇ ਆਰਥਿਕ ਵਿਕਾਸ ਦੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਲੈਕੇ ਪ੍ਰੇਸ਼ਾਨ ਕਰ ਦੇਣ ਵਾਲੇ ਪ੍ਰਸ਼ਨ ਖੜੇ ਕਰਦੇ ਹਨ। ਵਾਤਾਵਰਨ ਦੇ ਪ੍ਰਦੂਸ਼ਿਤ ਹੋਣ ਦਾ ਪ੍ਰਭਾਵ ਸਭ ਤੋਂ ਵੱਧ ਗਰੀਬ ਲੋਕਾਂ ਉਤੇ ਪੈਂਦਾ ਹੈ, ਇਸ ਲਈ ਕੋਈ ਵੀ ਸਿਆਸੀ ਦਲ ਇਸ ਪਾਸੇ ਧਿਆਨ ਨਹੀਂ ਦਿੰਦਾ।

ਗਰੀਬ ਲੋਕ ਵਾਤਾਵਰਨ ਪ੍ਰਦੂਸ਼ਨ ਨਾਲ ਨਿੱਤ ਨਵੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਪਰ ਉਹ ਬੁਨਿਆਦੀ ਸਿਹਤ ਸਹੂਲਤਾਂ ਤੋਂ ਵੀ ਸੱਖਣੇ ਹਨ। ਵਾਤਾਵਰਨ ਪ੍ਰਦੂਸ਼ਣ ਵੱਧਣ ਨਾਲ ਨਿੱਤ ਨਵੀਆਂ ਕੁਦਰਤੀ ਆਫਤਾਂ ਕਾਰਨ ਦੇਸ਼ ਦੀ ਕਰੋੜਾਂ ਅਰਬਾਂ ਦੀ ਜਾਇਦਾਦ ਤਬਾਹ ਹੋ ਰਹੀ ਹੈ। ਪਿਛਲੇ ਦਿਨੀਂ ਕੇਰਲ 'ਚ ਆਏ ਹੜ੍ਹ ਇਸਦੀ ਉਦਾਹਰਨ ਹਨ।ਇਸ ਸਬੰਧੀ ਥੋੜ ਚਿਰੇ ਉਪਾਅ ਸਰਕਾਰਾਂ ਵਲੋਂ ਕਰ ਦਿੱਤੇ ਜਾਂਦੇ ਹਨ, ਪਰ ਵਾਤਾਵਰਨ ਦੀ ਸੁਰੱਖਿਆ ਦੇਸ਼ ਸਾਹਮਣੇ ਵੱਡੀ ਚਣੌਤੀ ਵਜੋਂ ਸਾਹਮਣੇ ਹੈ।

ਦੇਸ਼ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਹੋਰ ਚਣੌਤੀ ਹਾਕਮਾਂ ਵਲੋਂ ਸਰਬਜਨਕ ਸੰਸਥਾਵਾਂ ਦਾ ਅਪਹਰਨ ਹੈ। ਪਿਛਲੇ ਸਮੇਂ 'ਚ ਸੰਸਦ ਅਤੇ ਵਿਧਾਨ ਸਭਾਵਾਂ 'ਚ ਮੈਂਬਰਾਂ ਦੀ ਹੱਥੋਪਾਈ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਚੋਣਾਂ ਦੌਰਾਨ ਸਿਆਸੀ ਲੋਕਾਂ ਵਲੋਂ ਕੀਤੇ ਜਾ ਰਹੇ ਸੰਵਾਦ ਦਾ ਪੱਧਰ ਡਿੱਗਦਾ ਗਿਆ ਹੈ। ਸਿਆਸਤ ਵਿੱਚ ਅਪਰਾਧੀਕਰਨ ਵੱਧ ਗਿਆ ਹੈ। ਚੋਣ ਖਰਚਿਆਂ 'ਚ ਪਾਰਦਰਸ਼ਤਾ ਨਹੀਂ ਰਹੀ। ਬੈਲੀ ਸ਼ਾਹਾਂ ਦੀ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ, ਵਿਧਾਨ ਪ੍ਰੀਸ਼ਦਾਂ 'ਚ ਤੂਤੀ ਬੋਲਣ ਲੱਗੀ ਹੈ। ਭਾਰਤੀ ਸੰਵਿਧਾਨ ਦੀ ਸਮੀਖਿਆ ਕਰਨ ਅਤੇ ਇਸ ਵਿਚੋਂ ਸੈਕੂਲਰਿਜ਼ਮ ਸ਼ਬਦ ਹਟਾਉਣ ਦੀਆਂ ਗੱਲਾਂ ਹੋ ਰਹੀਆਂ ਹਨ। ਇਤਹਾਸ ਤੱਕ ਨੂੰ ਆਪਣੀ ਸੁਵਿਧਾ ਅਨੁਸਾਰ ਅਤੇ ਹਾਸੋਹੀਣੇ ਢੰਗ ਨਾਲ ਬਦਲ ਦਿੱਤਾ ਜਾਂਦਾ ਹੈ। ਪਰ ਇਸ ਤੋਂ ਵੀ ਵੱਡੀ ਗੱਲ ਹਾਕਮਾਂ ਵਲੋਂ ਸੀ ਬੀ ਆਈ, ਈ ਡੀ, ਰਿਜ਼ਰਵ ਬੈਂਕ ਆਫ ਇੰਡੀਆ ਨੂੰ ਆਪਣੇ ਢੰਗ ਨਾਲ ਚਲਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਨੌਕਰਸ਼ਾਹੀ ਅਤੇ ਪੁਲਿਸ ਅੱਜ ਸੱਤਾਧਾਰੀ ਦਲਾਂ ਦੇ ਹਿੱਤਾਂ ਦਾ ਹੀ ਖਿਆਲ ਰੱਖਦੀ ਹੈ। ਹਰ ਵਰ੍ਹਾ ਬੀਤਦਿਆਂ-ਬੀਤਦਿਆਂ ਸਾਡੀਆਂ ਇਹ ਸੁਤੰਤਰ ਸੰਸਥਾਵਾਂ ਸਮਝੋਤਾਵਾਦੀ ਹੁੰਦੀਆਂ ਜਾ ਰਹੀਆਂ ਹਨ, ਜਿਸਦਾ ਭਾਰਤ ਦੇ ਦਿਨ ਪ੍ਰਤੀ ਦਿਨ ਜੀਵਨ ਉਤੇ ਨਾਂਹ ਪੱਖੀ ਅਸਰ ਪੈ ਰਿਹਾ ਹੈ। ਸਿੱਟੇ ਵਜੋਂ ਸਾਡਾ ਦੇਸ਼ ਘੱਟ ਲੋਕਤੰਤਰਿਕ ਹੋ ਰਿਹਾ ਹੈ। ਦੇਸ਼ ਦੇ ਸਾਹਮਣੇ ਆਰਥਿਕ, ਸਮਜਿਕ ਨਾ ਬਰਾਬਰੀ, ਧਾਰਮਿਕ ਕੱਟੜਤਾ, ਵਾਤਾਵਰਨ ਪ੍ਰਦੂਸ਼ਣ ਅਤੇ ਸੰਵਿਧਾਨਿਕ ਸੁਤੰਤਰ ਸੰਸਥਾਵਾਂ ਨੂੰ ਖੋਰਾ ਲਾਉਣ ਜਿਹੀਆਂ ਵੱਡੀਆਂ ਚਣੌਤੀਆਂ ਹਨ, ਜਿਸਨੇ ਦੇਸ਼ ਦੀਆਂ ਲੋਕਤੰਤਰ ਕਦਰਾਂ ਕੀਮਤਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਭਾਵੇਂ ਦੇਸ਼ ਵਿੱਚ ਇੱਕ ਵਿਅਕਤੀ ਇੱਕ ਵੋਟ ਦੇ ਸਿਧਾਂਤ ਨੂੰ ਮਾਨਤਾ ਮਿਲੀ ਹੈ, ਪਰ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ, ਸਾਡੇ ਮੌਜੂਦਾ ਸਮਾਜਿਕ ਅਤੇ ਆਰਥਿਕ ਢਾਂਚੇ ਦੇ ਅਧਾਰ ਤੇ ਅਸੀਂ ਇੱਕ ਵਿਅਕਤੀ ਇੱਕ ਮੁੱਲ ਦੇ ਸਿਧਾਂਤ ਨੂੰ ਲਾਗੂ ਨਹੀਂ ਕਰ ਸਕੇ ਅਤੇ ਅਤਿ ਵਿਰੋਧੀ ਸਥਿਤੀਆਂ ਵਿੱਚ ਜੀਵਨ ਗੁਜ਼ਾਰਨ ਲਈ ਮਜ਼ਬੂਰ ਕਰ ਦਿੱਤੇ ਗਏ ਹਾਂ।

# ਸਤਿਗੁਰੂ ਰਵਿਦਾਸ ਮਹਾਰਾਜ ਜੀ



ਬਲਵੀਰ ਮੰਨਣ
94173-45485

ਭਾਰਤੀ ਇਤਿਹਾਸ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਅਤੀ ਵਿਸ਼ੇਸ਼ ਸਥਾਨ ਹੈ। ਆਪ ਜੀ ਦੀ ਪਵਿੱਤਰ ਸ਼ਖ਼ਸੀਅਤ ਅਤੇ ਅੰਮ੍ਰਿਤਬਾਣੀ ਨੇ ਵੱਡੇ ਪੱਧਰ 'ਤੇ ਜਨ ਮਾਨਸ ਨੂੰ ਪ੍ਰਭਾਵਤ ਕੀਤਾ ਹੈ। ਇਸ ਗੱਲ ਦਾ ਅੰਦਾਜ਼ਾ ਏਥੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਸਦੀਆਂ ਬੀਤਣ ਤੋਂ ਬਾਅਦ ਵੀ ਉਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਵੱਡੀ ਹੈ। ਆਪ ਜੀ ਦੀ ਬਾਣੀ ਨੇ ਜੀਵਨ ਦੇ ਗੂੜ੍ਹ ਰਹੱਸਾਂ ਨੂੰ ਦੈਨਿਕ ਲੋਕ-ਵਿਹਾਰ ਦੀ ਸ਼ਬਦਾਵਲੀ ਰਾਹੀਂ ਖੋਲ੍ਹਿਆ ਤੇ ਜੀਵਨ ਰਹੱਸ ਨੂੰ ਜਨ-ਸਾਧਾਰਣ ਦੇ ਸਮਝਣਯੋਗ ਬਣਾਇਆ। ਆਪ ਜੀ ਨੇ ਲੋਕਾਂ ਦੀ ਬੋਲੀ ਵਿੱਚ ਉਨ੍ਹਾਂ ਨੂੰ ਸੁਨੇਹਾ ਦਿੱਤਾ ਹੈ, ਜਿਹੜਾ ਉਨ੍ਹਾਂ ਦੇ ਦਿਲਾਂ ਵਿੱਚ ਡੂੰਘਾ ਉੱਕਰਿਆ ਗਿਆ ਤੇ ਜਿਹੜਾ ਵਿਸ਼ਵ ਸਾਹਿਤ ਦੇ ਧਰਾਤਲ 'ਤੇ ਡੂੰਘੀ ਛਾਪ ਛੱਡ ਗਿਆ ਹੈ। ਸਦੀਆਂ ਬੀਤਣ ਮਗਰੋਂ ਵੀ ਸਤਿਗੁਰੂ ਜੀ ਦੀ ਪਵਿੱਤਰ ਬਾਣੀ ਓਸੇ ਪਿਆਰ ਨਾਲ ਪੜ੍ਹੀ ਸੁਣੀ ਜਾਂਦੀ ਹੈ। ਇਹ ਇਸ ਪਵਿੱਤਰ ਬਾਣੀ ਦੀ ਮਿੱਠੀ ਤਾਸੀਰ ਦਾ ਹੀ ਪ੍ਰਭਾਵ ਹੈ ਕਿ ਇਹ ਬਾਣੀ ਲੋਕ ਸਾਹਿਤ ਵਾਂਗਰਾਂ ਲੋਕ ਜ਼ੁਬਾਨ 'ਤੇ ਸ਼ੋਭਦੀ ਹੈ। ਇਸ ਪਵਿੱਤਰ ਬਾਣੀ ਦੀਆਂ ਪੰਕਤੀਆਂ ਲੋਕਾਂ ਦੀ ਜ਼ੁਬਾਨ 'ਤੇ ਸਹਿਜੇ ਹੀ ਬਿਰਾਜਮਾਨ ਹਨ। ਸਤਿਗੁਰੂ ਜੀ ਦੁਆਰਾ ਲੋਕਾਈ ਨੂੰ ਸਮਝਾਉਣ ਹਿਤ ਵਰਤੇ ਗਏ ਰੂਪਕ ਸਾਧਾਰਣ ਜਨ ਜੀਵਨ ਵਿੱਚੋਂ ਹਨ। ਸੰਸਾਰ ਵਿੱਚ ਆਪਣੇ ਨਿਰਮਲ ਸੰਦੇਸ਼ ਨੂੰ ਪ੍ਹੁੰਜਦਾ ਕਰਨ ਲਈ ਆਪ ਜੀ ਜਿੱਥੇ-ਜਿੱਥੇ ਵੀ ਪੁੱਜੇ, ਓਥੋਂ ਦੀ ਸਥਾਨਕ ਭਾਸ਼ਾ ਦੀ ਰੰਗਣ ਆਪ ਜੀ ਦੀ ਬਾਣੀ ਦਾ ਖ਼ਾਸਾ ਬਣਦੀ ਰਹੀ। ਇਹੀ ਉਹ ਖ਼ਾਸਾ ਹੈ, ਜਿਸ ਨੇ ਕਿਸੇ ਸਥਾਨ ਵਿਸ਼ੇਸ਼ ਦੇ ਲੋਕਾਂ ਨੂੰ ਬੜਾ ਨੇੜਿਓਂ ਪ੍ਰਭਾਵਤ ਕੀਤਾ। ਸਤਿਗੁਰੂ ਜੀ ਆਪਣਾ ਸੰਦੇਸ਼ ਜਨ ਸਮੂਹਾਂ ਵਿੱਚ ਪਹੁੰਚਾਉਣ ਹਿਤ ਪੂਰਨ ਸਫ਼ਲ ਰਹੇ ਹਨ।

ਸਤਿਗੁਰੂ ਜੀ ਦਾ ਸੰਪੂਰਨ ਜੀਵਨ ਸਮੁੱਚੀ ਲੋਕਾਈ ਨੂੰ ਸੰਦੇਸ਼ ਦਿੰਦਾ ਹੈ ਕਿ ਪੂਰਨ ਨਿਸ਼ਠਾ, ਲਗਨ ਅਤੇ ਸਮਰਪਣ ਨਾਲ ਮਨੁੱਖ ਨਾ ਕੇਵਲ ਸੰਸਾਰਕ ਪ੍ਰਾਪਤੀਆਂ ਹੀ ਕਰ ਸਕਦਾ ਹੈ ਬਲਕਿ ਇਨ੍ਹਾਂ ਪ੍ਰਾਪਤੀਆਂ ਤੋਂ ਬੜਾ ਉੱਚਾ ਉੱਠਦਿਆਂ ਲੋਕ ਮਨਾਂ ਦਾ ਆਦਰਸ਼ ਬਣ ਸਕਦਾ ਹੈ। ਅਜਿਹਾ ਕਰਦਿਆਂ ਉਸ ਮਨੁੱਖ ਦੀ ਜਾਤੀ ਆਦਿ ਕੋਈ ਬੰਧੇਜ, ਉਸ ਦੇ ਰਸਤੇ ਦੀ ਰੁਕਾਵਟ ਨਹੀਂ ਬਣ ਸਕਦਾ। ਕੋਈ ਵੀ, ਚਾਹੇ ਕਿਸੇ ਜਾਤੀ ਨਾਲ ਸਬੰਧ ਰੱਖਦਾ ਹੋਵੇ, ਆਪਣੇ ਸਦਗੁਣਾਂ ਦੀ ਅਨੁਕੰਪਾ ਸਦਕਾ ਪਰਮ ਪਦਵੀ ਨੂੰ ਪ੍ਰਾਪਤ ਹੋ ਸਕਦਾ ਹੈ। ਥਾਂ-ਪੁਰ-ਥਾਂ ਆਪਣੀ ਜਾਤੀ ਦਾ ਉਲੇਖ ਕਰਨ ਪਿੱਛੇ ਸਤਿਗੁਰੂ ਜੀ ਦਾ ਇਹੀ ਭਾਵ ਹੈ ਤੇ ਇਹ ਇੱਕ ਪਰਮ ਜੁਗਤ ਹੈ, ਜਿਹੜੀ ਮਨ ਵਿੱਚ ਕਿਸੇ ਤਰ੍ਹਾਂ ਦੀ ਹੀਣ ਭਾਵਨਾ ਰੱਖਣ ਵਾਲਿਆਂ ਲਈ ਪਰਮ ਵਰਦਾਨ ਹੈ। ਇਹ ਸਦਗੁਣਾਂ ਦੀ ਸੁਗੰਧੀ ਹੀ ਹੈ, ਜਿਸ ਸਦਕਾ ਰਾਜ ਕੁਲ ਦੀ, ਸ੍ਰੇਸ਼ਟ ਜਾਣੀ ਜਾਂਦੀ ਔਰਤ ਮੀਰਾ, ਮਹਿਲਾਂ ਨੂੰ ਠੋਕਰ ਮਾਰ ਕੇ ਸਤਿਗੁਰੂ ਜੀ ਦੇ ਸ੍ਰੀ ਚਰਨ ਕਮਲਾਂ ਦੀ ਧੂੜੀ ਦੀ ਪਿਆਸੀ ਹੋ ਜਾਂਦੀ ਹੈ।

ਦੇਖੋ, ਸਤਿਗੁਰੂ ਰਵਿਦਾਸ ਮਹਾਰਾਜ ਜੀ ਖ਼ੁਦ ਆਦਰਸ਼ ਜੀਵਨ ਜਿਉ ਕੇ ਅਸਾਨੂੰ ਸਮਝਾਉਂਦੇ ਹਨ। ਘਰ-ਗ੍ਰਹਿਸਤੀ ਨੂੰ ਛੱਡ ਕੇ, ਜ਼ਿੰਮੇਵਾਰੀਆਂ ਨੂੰ ਦੂਜਿਆਂ ਸਿਰ ਮੜ੍ਹ ਕੇ ਪਰ੍ਹਾਂ ਹੋ ਜਾਣਾ ਆਪ ਜੀ ਅਨੁਸਾਰ ਚੰਗਾ ਨਹੀਂ। ਆਪ ਜੀ ਨੇ ਤਾਂ ਸਿਖਾਇਆ ਹੈ ਕਿ ਗ੍ਰਹਿਸਤ ਵਿੱਚ ਰਹਿੰਦਿਆਂ, ਕਿਰਤ ਕਰਦਿਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ ਤੇ ਹਰਿ ਜੀਉ ਨੂੰ ਯਾਦ ਰੱਖਣਾ ਹੈ। ਸੱਚ ਦੀ ਕਿਰਤ ਕਰਨ ਵਾਲਿਆਂ ਦੀ ਰੱਬ ਆਪ ਬਹੁੜੀ ਕਰੇਗਾ। ਪ੍ਰਭੂ ਪ੍ਰੇਮ ਦਾ ਭੁੱਖਾ ਹੈ। ਇਹ ਨਹੀਂ ਕਿ ਉਸ ਨੂੰ ਕਿਸੇ ਮਨੁੱਖ 'ਤੇ ਲੱਗਾ ਜਾਤੀ ਵਿਸ਼ੇਸ਼ ਦਾ ਲੇਬਲ ਜ਼ਿਆਦਾ ਭਾਉਂਦਾ ਹੈ। ਉਹ ਤਾਂ ਉਸੇ 'ਤੇ ਹੀ ਤ੍ਰੁੱਠਦਾ ਹੈ, ਜਿਹੜਾ ਸੱਚ ਦੀ ਕਿਰਤ ਕਰਦਾ ਹੈ।

ਇੱਕ ਹੋਰ ਸੰਦੇਸ਼ ਜੋ ਸਤਿਗੁਰੂ ਜੀ ਦੇ ਜੀਵਨ ਵਿੱਚੋਂ ਅਸਾਨੂੰ ਮਿਲਦਾ ਹੈ, ਉਹ ਵਾਤਾਵਰਨ ਚੇਤਨਾ ਦਾ ਹੈ। ਇਤਿਹਾਸ ਦੱਸਦਾ ਹੈ ਕਿ ਜਦੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਉਨ੍ਹਾਂ ਦੇ ਦਰਸ਼ਨ ਕਰਨ ਅਤੇ ਸਤਿਸੰਗ ਸਰਵਣ ਕਰਨ ਵੱਡੀ ਗਿਣਤੀ ਵਿੱਚ ਆਉਂਦੀ ਸੰਗਤ ਲਈ ਵਿਸ਼ੇਸ਼ ਸਥਾਨ ਦੀ ਉਸਾਰੀ ਦੀ ਵਿਉਂਤਬੰਦੀ ਕੀਤੀ ਤਾਂ ਉਸ ਦੇ ਗਿਰਦ ਫੁਲਵਾੜੀ ਲਗਾਉਣ ਦੀ ਤਜਵੀਜ਼ ਵੀ ਰੱਖੀ ਸੀ। ਦੇਸ਼ ਵਿੱਚ ਥਾਂ-ਪੁਰ-ਥਾਂ ਸਤਿਗੁਰੂ ਜੀ ਦੇ ਨਾਮ 'ਤੇ ਕੁੰਡ (ਸਤਿਗੁਰੂ ਰਵਿਦਾਸ ਕੁੰਡ) ਦ੍ਰਿਸ਼ਟੀਗਤ ਹੁੰਦੇ ਹਨ, ਜਿਨ੍ਹਾਂ ਪਿੱਛੇ ਵੀ ਸਤਿਗੁਰੂ ਜੀ ਦੀ ਜੀਵ-ਜੰਤੂਆਂ ਦੀ ਸੰਭਾਲ ਪ੍ਰਤੀ ਕਾਰਜਰਤ ਪਵਿੱਤਰ ਭਾਵਨਾ ਦੇ ਦਰਸ਼ਨ ਹੁੰਦੇ ਹਨ। ਸਮੁੱਚੀ ਲੋਕਾਈ ਲਈ ਦਿਲ ਵਿੱਚ ਦਰਦ ਰੱਖਣ ਵਾਲੇ ਸਤਿਗੁਰੂ ਜੀ ਦਾ ਨਿਰਮਲ ਕੋਮਲ ਮਨ ਜੀਵ-ਜੰਤੂਆਂ ਅਤੇ ਕੁਦਰਤ ਦੀ ਸੰਭਾਲ ਤੋਂ ਅਛੂਤਾ ਕਿਵੇਂ ਹੋ ਸਕਦਾ ਸੀ? ਪਰਮ ਸਤਿਗੁਰੂ ਜੀ ਦਾ ਆਪਣੀ ਜਾਨ ਦਾਅ 'ਤੇ ਲਾ ਕੇ ਅਸਹਾਇ ਹਿਰਨੀ ਦੀ ਰੱਖਿਆ ਕਰਨਾ ਕੌਣ ਨਹੀਂ ਜਾਣਦਾ?

ਸਤਿਗੁਰੂ ਜੀ ਨੇ ਅਸਾਨੂੰ ਸਮਝਾਇਆ ਹੈ ਕਿ ਰੱਬ ਨਾਲ ਪ੍ਰੇਮ ਕੋਈ ਸੌਦੇਬਾਜ਼ੀ ਨਹੀਂ। ਪ੍ਰਭੂ ਦੀ ਭਗਤੀ ਕੇਵਲ ਸੁਖ-ਸੁਵਿਧਾਵਾਂ ਜਾਂ ਆਖ ਲਓ ਵਰ ਪ੍ਰਾਪਤੀ ਦਾ ਸਾਧਨ ਹੀ ਨਹੀਂ। ਇਹ ਤਾਂ ਰੱਬ ਨਾਲ ਪ੍ਰੇਮ ਕਰਨ ਦਾ ਸਾਧਨ ਹੈ, ਕੇਵਲ ਸੱਚਾ ਪ੍ਰੇਮ। ਜ਼ਰਾ ਤੱਕੋ, ਸਤਿਗੁਰੂ ਜੀ ਸਾਧੂ ਦੁਆਰਾ ਛੱਪਰ ਵਿੱਚ ਟੰਗੇ ਹੋਏ ਪਾਰਸ ਪੱਥਰ ਨੂੰ ਛੂੰਹਦੇ ਤੱਕ ਨਹੀਂ ਕਿਉਂਕਿ ਉਨ੍ਹਾਂ ਦੀ ਭਗਤੀ ਦਾ ਟੀਚਾ ਸੁਖ-ਸੁਵਿਧਾਵਾਂ ਦੀ ਪ੍ਰਾਪਤੀ ਨਹੀਂ, ਸਗੋਂ ਰੱਬੀ ਪ੍ਰੇਮ ਸੀ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਸਤਿਗੁਰੂ ਜੀ ਦੀ ਪਾਲਕੀ ਜਦੋਂ ਸ਼ੋਭਾ ਯਾਤਰਾ ਦੇ ਰੂਪ ਵਿੱਚ ਕਾਸ਼ੀ ਨਗਰੀ ਵਿੱਚ ਵਿਚਰੀ, ਤਦੋਂ ਆਪ ਜੀ ਦੇ ਪਵਿੱਤਰ ਨਾਮ ਦੇ ਜੈਕਾਰੇ ਚਹੁੰ ਪਾਸੀਂ ਗੂੰਜੇ। ਗ਼ਲੀ-ਗ਼ਲੀ ਵਿੱਚ ਆਪ ਜੀ ਦੇ ਪਵਿੱਤਰ ਨਾਮ ਦੀ ਗੂੰਜ ਸੀ। ਝੌਂਪੜੀਆਂ ਤੋਂ ਲੈ ਕੇ ਮਹਿਲਾਂ ਤੱਕ ਰਹਿਣ ਵਾਲੇ ਲੋਕ ਉਸ ਸ਼ੋਭਾ ਯਾਤਰਾ ਵਿੱਚ ਸ਼ਾਮਲ ਸਨ ਤੇ ਸਭ ਦੇ ਮਨ, ਮੁੱਖ 'ਤੇ ਆਪ ਜੀ ਦਾ ਪਵਿੱਤਰ ਨਾਮ ਸੀ।

# ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਂਵੀ, ਪਟਿਆਲਾ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਦਾ ਸਿੱਖ ਇਤਿਹਾਸ ਵਿੱਚ ਇੱਕ ਵੱਡਮੁੱਲਾ, ਅਹਿਮ ਅਤੇ ਵਿਸ਼ੇਸ਼ ਸਥਾਨ ਹੈ। ਇਸ ਅਸਥਾਨ ਨੂੰ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਪਵਿੱਤਰ ਚਰਨ ਛੋਹ ਦਾ ਸੁਭਾਗ ਪ੍ਰਾਪਤ ਹੈ। ਧਾਰਮਿਕ ਅਹਿਮੀਅਤ ਦੇ ਨਾਲ ਨਾਲ ਪਟਿਆਲਾ ਸ਼ਹਿਰ ਦੀ ਖ਼ੂਬਸੂਰਤੀ ਵਿੱਚ ਵੀ ਇਸ ਅਸਥਾਨ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੈ। ਇੱਥੇ ਆਲੀਸ਼ਾਨ, ਰਣਮੀਕ ਅਤੇ ਅਤਿ ਸੁੰਦਰ ਗੁਰਦੁਆਰਾ ਸਾਹਿਬ ਗੁਰੂ ਸਾਹਿਬ ਦੀ ਯਾਦ ਵਿੱਚ ਬਣਾਇਆ ਗਿਆ ਹੈ, ਜਿੱਥੇ ਸਿੱਖ ਸੰਗਤਾਂ ਅਤੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ ਆਪਣੀ ਰੂਹ ਦੀ ਖ਼ੁਰਾਕ ਗੁਰਬਾਣੀ ਸਰਵਣ ਕਰਨ ਅਤੇ ਮਨ ਦੀ ਆਤਮਿਕ ਸ਼ਾਂਤੀ ਲਈ ਨਤਮਸਤਕ ਹੁੰਦੀਆਂ ਹਨ ਅਤੇ ਇੱਥੇ ਗੁਰਬਾਣੀ ਅਤੇ ਕੀਰਤਨ ਦਾ ਪ੍ਰਵਾਹ ਹਰ ਸਮੇਂ ਚੱਲਦਾ ਰਹਿੰਦਾ ਹੈ। ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਸ਼ੀਤਲ ਅਤੇ ਸਵੱਛ ਜਲ ਵਿੱਚ ਇਸ਼ਨਾਨ ਕਰਕੇ ਸੰਗਤਾਂ ਆਪਣੇ ਆਪ ਨੂੰ ਭਾਗੀਸ਼ਾਲੀ ਮੰਨਦੀਆਂ ਹਨ। ਇਹ ਗੁਰਦੁਆਰਾ ਸਾਹਿਬ ਪਟਿਆਲਾ ਬਸ ਸਟੈਂਡ ਤੋਂ ਉੱਤਰ ਵੱਲ ਇੱਕ ਕਿਲੋਮੀਟਰ ਦੂਰ ਪਟਿਆਲਾ-ਸਰਹਿੰਦ ਸੜਕ ਤੇ ਸਥਿਤ ਹੈ। ਇਤਿਹਾਸ ਅਨੁਸਾਰ ਜਦੋਂ ਗੁਰੂ ਤੇਗ ਬਹਾਦਰ ਜੀ ਧਰਮ ਪ੍ਰਚਾਰ ਕਰਦੇ ਹੋਏ ਅਤੇ ਸ਼ਰਧਾਲੂਆਂ ਨੂੰ ਨਾਮ ਬਾਣੀ ਨਾਲ ਜੋੜਦੇ ਹੋਏ ਸੈਫਾਬਾਦ (ਬਹਾਦਰਗੜ੍ਹ) ਵਿਖੇ ਠਹਿਰੇ ਹੋਏ ਸਨ। ਤਾਂ ਗੁਰੂ ਸਾਹਿਬ ਨੇ ਆਪਣੇ ਇੱਕ ਅਨਿਨ ਸੇਵਕ ਭਾਗ ਰਾਮ ਝਿਉਰ ਦੀ ਬੇਨਤੀ ਤੇ ਇਸ ਅਸਥਾਨ ਤੇ ਆਪਣੇ ਪਵਿੱਤਰ ਚਰਨ ਪਾਏ ਸਨ।

ਸਿੱਖ ਇਤਿਹਾਸ ਅਤੇ ਇੱਥੇ ਮੌਜੂਦ ਗੁਰੂ ਜੀ ਦੇ ਹੱਥ ਹੁਕਮਨਾਮਾ ਸਾਹਿਬ ਮੁਤਾਬਿਕ ਗੁਰੂ ਜੀ ਨੂੰ ਉਹਨਾਂ ਦੇ ਪਿਆਰੇ ਅਤੇ ਪੱਕੇ ਸੇਵਕ ਭਾਈ ਭਾਗ ਰਾਮ ਨੇ ਸੈਫਾਬਾਦ ਜਾਕੇ ਬੇਨਤੀ ਕੀਤੀ ਸੀ ਕਿ ਉਹ ਪਿੰਡ ਲਹਿਲ ਵਿਖੇ ਆਪਣੇ ਪਵਿੱਤਰ ਚਰਨ ਪਾਉਣ ਤਾਂ ਕਿ ਪਿੰਡ ਦੇ ਬੱਚਿਆਂ ਵਿੱਚ ਫੈਲੀ ਭਿਆਨਕ ਅਤੇ ਨਾਮੁਰਾਦ ਸੋਕੇ ਦੀ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕੇ। ਭਾਈ ਭਾਗ ਰਾਮ ਸੇਵਕ ਦੀ ਬੇਨਤੀ ਮੰਨ ਕੇ ਪਿੰਡ ਵਾਸੀਆਂ ਨੂੰ ਸੰਕਟ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਸਾਹਿਬ 5 ਮਾਘ ਸੁਦੀ ਬਿਕਰਮੀ ਸੰਮਤ 1728 (24 ਜਨਵਰੀ 1672 ਈਸਵੀ) ਨੂੰ ਇਸ ਅਸਥਾਨ ਤੇ ਇੱਕ ਛੱਪੜ ਦੇ ਕੰਢੇ ਬੋਹੜ੍ਹ ਦੇ ਦਰੱਖਤ ਥੱਲੇ ਆਕੇ ਬਿਰਾਜਮਾਨ ਹੋਏ ਸਨ। ਗੁਰੂ ਸਾਹਿਬ ਦੀ ਦਿੱਬਿਆ ਦ੍ਰਿਸ਼ਟੀ ਨਾਲ ਪਿੰਡ ਵਾਸੀਆਂ ਦੀ ਬਿਮਾਰੀ ਠੀਕ ਹੋ ਗਈ ਅਤੇ ਹੁਕਮ ਕੀਤਾ ਸੀ ਕਿ ਜੋ ਪ੍ਰਾਣੀ ਸ਼ਰਧਾ ਨਾਲ ਇੱਥੇ ਇਸ਼ਨਾਨ ਕਰੇਗਾ ਉਸਦੇ ਸਾਰੇ ਰੋਗ ਦੂਰ ਹੋ ਜਾਣਗੇ। ਉਹਨਾਂ ਇਹ ਵੀ ਬਚਨ

(ਬਾਕੀ ਸਫਾ 21 'ਤੇ)






# ਸੰਵਿਧਾਨ ਦੇ ਲਕਸ਼ ’ਤੇ ਖਰੇ ਨਹੀ ਉਤਰੇ ਰਾਜਨੀਤਕ ਲੋਕ




ਐਸ ਐਲ ਵਿਰਦੀ ਐਡਵੋਕੇਟ
91-98145 17499

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ। ਲੋਕਤੰਤਰ ਸਰਕਾਰ ਦਾ ਉਹ ਢੰਗ-ਤਰੀਕਾ ਹੈ ਜਿਸ ਰਾਹੀਂ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਜੀਵਨ ’ਚ ਕ੍ਰਾਂਤੀਕਾਰੀ ਤਬਦੀਲੀਆਂ, ਬਿਨਾਂ ਕਿਸੇ ਖ਼ੂਨ-ਖਰਾਬੇ ਦੇ ਲਿਆਦੀਆਂ ਜਾ ਸਕਦੀਆਂ ਹਨ। ਇਸੇ ਲਈ ਸੰਵਿਧਾਨ ਘੜਿਆਂ ਨੇ ਦੇਸ਼ ਵਿਚ ਸੰਸਦੀ ਲੋਕਤੰਤਰ ਨੂੰ ਅਪਣਾ ਕੇ ਸਭ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਹੀ ਨਹੀ ਦਿੱਤੇ ਬਲਕਿ ਇਕ ਆਦਮੀ, ਇਕ ਵੋਟ, ਇਕ ਕੀਮਤ ਦਾ ਰੂਲ ਆਫ ਲਾਅ ਵੀ ਲਾਗੂ ਕੀਤਾ। ਸਰਕਾਰ ਚਲਾਉਣ ਲਈ ਲੋਕਤੰਤਰ ਦੇ ਤਿੰਨ ਮੁੱਖ ਅੰਗ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਅਲੱਗ ਅਲੱਗ ਬਣਾਏ। ਸਮਾਜਿਕ ਨਿਆਂ ਲਈ, ਨਿਆਂ ਪਾਲਿਕਾਂ ਅਤੇ ਲੋਕਤੰਤਰ ਦੇ ਚੌਥੇ ਥੰਮ ਪ੍ਰੈਸ-ਮੀਡੀਆ ਨੂੰ ਅਜ਼ਾਦ ਰੱਖਿਆ। 560 ਤਾਨਾਂਸ਼ਾਹੀ ਰਿਆਸਤੀ ਰਾਜਾਂ ਨੂੰ ਖਤਮ ਕਰਕੇ ਦੇਸ਼ ਅੰਦਰ ਪਾਰਲੀਮਾਨੀ ਲੋਕਤੰਤਰ ਸੰਸਦ (ਲੋਕ ਸਭਾ ਤੇ ਰਾਜ ਸਭਾ) ਅਤੇ ਪ੍ਰਾਂਤਾ ਵਿਚ ਵਿਧਾਨ ਪਾਲਕਾ ਅਤੇ ਵਿਧਾਨ ਪ੍ਰੀਸ਼ਦਾਂ ਦਾ ਨਿਰਮਾਣ ਕੀਤਾ ਤਾਂ ਕਿ ਸਭ ਲੋਕ ਅਜ਼ਾਦੀ ਦਾ ਅਨੰਦ ਮਾਣ ਸਕਣ। ਪਰ ਦੇਸ਼ ਦੇ 69 ਸਾਲਾਂ ਦੇ ਲੋਕਤੰਤਰ ਦੀ ਤਸਵੀਰ ਇਹ ਸਾਹਮਣੇ ਆਈ ਹੈ ਕਿ ਅੱਜ ਸਿਆਸੀ ਪਾਰਟੀਆਂ ਦੇ ਪ੍ਰਮੁੱਖ ਨੇਤਾ ਰਾਜ ਦੀ ਥਾਂ ਪਰਿਵਾਰਿਕ ਅਤੇ ਫ਼ਿਰਕੂ ਰਾਜ ਸਥਾਪਿਤ ਕਰਨ ਦੀ ਲਾਲਸਾ ਵਿੱਚ ਲੱਗੇ ਹੋਏ ਹਨ। ਮੁੱਖ ਮੰਤਰੀ ਦਾ ਪੁੱਤਰ ਹੀ ਮੁੱਖ ਮੰਤਰੀ, ਮੰਤਰੀ ਦਾ ਪੁੱਤਰ ਹੀ ਮੰਤਰੀ ਹੀ ਬਣਨ ਦੀ ਤਿਆਰੀ ’ਚ ਲੱਗਾ ਹੋਇਆ ਹੈ। ਪਾਰਟੀਆਂ ਐਨ ਡੀ ਏ ਦੀਆਂ ਹੋਣ ਜਾਂ ਯੂ ਪੀ ਏ ਦੀਆਂ ਹੋਣ, ਚੋਣਾਂ ਮੌਕੇ, ਵੇਡੇ ਵੱਡੇ ਵਾਇਦੇ ਕਰਕੇ, ਲੋਕਾਂ ਨੂੰ ਧਰਤੀ ’ਤੇ ਸਵਰਗ ਵਸਾਉਣ ਦੀਆਂ ਸੌਹਾਂ ਖਾ ਕੇ, ਵੋਟਾਂ ਵਟੋਰ ਕੇ, ਸੱਤਾ ’ਤੇ ਕਾਬਜ਼ ਹੋ ਜਾਂਦੀਆਂ ਹਨ। ਸੱਤਾਧਾਰੀ ਬਣਨ ਉਪਰੰਤ ਆਗੂ ਰਾਜੇ ਬਣ ਲੋਕਾਂ ਨੂੰ ਗੁਲਾਮ ਸਮਝਦੇ ਲੱਗ ਪੈਂਦੇ ਹਨ। ਰਾਸ਼ਟਰੀ ਮੁੱਦੇ-ਗਰੀਬੀ, ਬੇ-ਰੋਜ਼ਗਾਰੀ, ਅਨਪੜ੍ਹਤਾ, ਕੋਪੋਸ਼ਣ, ਵਿਕਾਸ ਸਭ ਜ਼ੀਰੋ ਹੋ ਜਾਂਦੇ ਹਨ, ਨਿੱਜ-ਪਰਿਵਾਰ, ਸਵਾਰਥ ਹੀਰੋ ਹੋ ਜਾਂਦੇ ਹਨ। ਬੱਸ! ਸਾਰਾ ਟੱਬਰ ਰਾਜ ’ਚ ਹੋਣਾ ਚਾਹੀਦਾ ਹੈ। ਅੱਜ ਕੇਂਦਰ ਵਿਚ ਸਿਰਫ਼ 40-50 ਪਰਿਵਾਰ ਅਤੇ ਅਤੇ ਵੱਖ-ਵੱਖ ਸੂਬਿਆ ਵਿਚ 80-90 ਪਰਿਵਾਰ ਹੀ ਰਾਜ ਕਰ ਰਹੇ ਹਨ।

ਭਾਰਤੀ ਸੰਵਿਧਾਨ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ। ਭਾਵ ਰਾਜ ਸੰਵਿਧਾਨਕ, ਦ੍ਰਿਸ਼ਟੀ ਤੋਂ ਕਿਸੇ ਵਿਸ਼ੇਸ਼ ਧਰਮ ਨਾਲ ਜੁੜਿਆਂ ਹੋਇਆ ਨਹੀਂ ਹੈ ਅਤੇ ਨਾ ਹੀ ਉਹ ਜਾਣ ਬੁੱਝ ਕੇ ਕਿਸੇ ਧਰਮ ਨੂੰ ਉਕਸਾਉਣ ਜਾਂ ਉਸ ਵਿਚ ਦਖਲ ਅੰਦਾਜੀ ਕਰੇਗਾ। ਪਰ ਮਜੂਦਾ ਸਰਕਾਰ ਦੇ ਰਾਜ ’ਚ ਜੋ ਕੁਝ ਹੁਣ ਤਕ ਸਾਹਮਣੇ ਆਇਆ ਹੈ, ਉਹ ਲੋਕਤੰਤਰਕ ਵਰਤਾਰਾ ਨਹੀ ਹੈ? ਛੋਟੀਆਂ ਜਿਹੀਆਂ ਗਲਤੀਆਂ ’ਤੇ ਧਰਮ ਦੀ ਆੜ ’ਚ ਭੋਲੇ-ਭਾਲੇ ਲੋਕਾਂ ਨੂੰ ਸ਼ਰੇਆਮ ਸੜਕਾਂ ’ਤੇ ਨੰਗੇ ਕਰਕੇ ਜ਼ਲੀਲ ਕੀਤਾ ਜਾ ਰਿਹਾ, ਕੁੱਟਿਆ-ਮਾਰਿਆ ਜਾ ਰਿਹਾ। ਇਕ ਗਾਂ ਦੀ ਮੌਤ ਨੂੰ ਇਕ ਇਨਸਾਨ ਦੀ ਮੌਤ ਤੋਂ ਵੱਧ ਅਹਿਮੀਅਤ ਦਿੱਤੀ ਜਾ ਰਹੀ ਹੈ। ਇਕ ਫਿਰਕੇ ਦੇ ਧਾਰਮਿਕ ਉਤਸਵਾਂ ’ਤੇ ਅਰਬਾਂ ਰੁਪਏ ਖਰਚੇ ਕੀਤੇ ਜਾ ਰਹੇ ਹਨ। ਆਗੂਆਂ ਨੇ ਰਾਜ ਗੱਦੀ ਦੀ ਪ੍ਰਾਪਤੀ ਅਤੇ ਇਸ 'ਤੇ ਆਪਣੀ ਜਕੜ ਬਣਾਈ ਰੱਖਣ ਲਈ, ਲੋਕਾਂ ਨੂੰ ਧਰਮਾਂ, ਜ਼ਾਤਾਂ, ਭਾਸ਼ਾਵਾਂ ਅਤੇ ਇਲਾਕਿਆਂ ਦੇ ਨਾਂ 'ਤੇ ਲੜਾਉਣਾ ਸ਼ੁਰੂ ਕਰ ਦਿੱਤਾ ਹੈ। ਦੂਜੇ ਧਰਮਾਂ ਨੂੰ ਬਾਰ ਬਾਰ ਢਾਹ ਲਈ ਜਾਣਾ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ’ਤ ਸੱਟ ਮਾਰਦਾ ਹੈ।

ਭਾਰਤ ਦੇ ਸੰਵਿਧਾਨ ਵਿੱਚ ਦਰਜ ਨੀਤੀ ਨਿਰਦੇਸ਼ਕ ਸਿਧਾਂਤ ਭਾਰਤੀ ਰਾਜ (ਸਟੇਟ) ਨੂੰ ਆਪਣੇ ਨਾਗਰਿਕਾਂ ਵਿੱਚ ਵਿਗਿਆਨਕ ਤੇ ਤਕਰਸ਼ੀਲ ਦ੍ਰਿਸ਼ਟੀਕੋਣ ਵਿਕਸਤ ਕਰਨ ਦਾ ਨਿਰਦੇਸ਼ ਦਿੰਦੇ ਹਨ। ਇਸ ਦੀ ਪੂਰਤੀ ਲਈ ਅਨਪੜ੍ਹਤਾ, ਅਗਿਆਨਤਾ ਅਤੇ ਅੰਧ-ਵਿਸ਼ਵਾਸਾਂ ਦਾ ਖ਼ਾਤਮਾ ਕਰਨ ਲਈ ਪ੍ਰੇਰਦਾ ਹੈ। ਪਰ ਸ਼ਾਸ਼ਕ ਇਸ ਦੇ ਉਲਟ ਕਰ ਰਹੇ ਹਨ। ਪ੍ਰਧਾਨ ਮੰਤਰੀਂ, ਮੁੱਖ ਮੰਤਰੀ, ਵਿਰੋਧੀ ਪਾਰਟੀਆਂ ਦੇ ਨੇਤਾ ਸਾਧਾਂ-ਸੰਤਾਂ, ਕਥਿਤ ਮਹਾਂਪੁਰਸ਼ਾਂ, ਬ੍ਰਹਮ ਗਿਆਨੀਆਂ, ਡੇਰੇਦਾਰਾਂ, ਬਾਬਿਆਂ ਆਦਿ ਤੋਂ ਆਸ਼ੀਰਵਾਦ ਲੈਣ ਜਾਂਦੇ ਹਨ। ਉਹਨਾਂ ਦੇ ਸਰਕਾਰੀ ਸਮਾਗਮਾਂ ’ਚ ਸਾਧ-ਸੰਤ-ਮਹੰਤ ਸ਼ਾਮਿਲ ਹੁੰਦੇ ਹਨ। ਜਦ ਕਿ ਸੰਵਿਧਾਨ ਦੀ ਧਾਰਾ 51 ਏ (ਐਚ) ਸਰਕਾਰਾਂ ਤੇ ਦੇਸ਼ ਵਾਸੀਆਂ ਨੂੰ ਨਿਰਦੇਸ਼ ਦਿੰਦਾ ਹੈ ਕਿ ਉਹ ਆਪਣੇ ਅੰਦਰ ਵਿਗਿਆਨਕ ਸੋਚ ਪੈਦਾ ਕਰਕੇ ਪੜਚੋਲ ਅਤੇ ਸੁਧਾਰ ਦੀ ਰੁਚੀ ਪੈਦਾ ਕਰਨ।

ਸੰਵਿਧਾਨ ਦਾ ਲਕਸ਼ ਸਭ ਨੂੰ ਸਮਾਜਿਕ ਨਿਆਂ ਦੇਣਾ ਹੈ। ਇਸ ਦੀ ਪੂਰਤੀ ਲਈ ਸੰਵਿਧਾਨ ਨਾਬਰਾਬਰਤਾ ਤੇ ਗਰੀਬੀ ਨੂੰ ਖਤਮ ਕਰਨ ਲਈ ਪ੍ਰੇਰਦਾ ਹੈ। ਫਿਰ ਪ੍ਰਧਾਨ ਮੰਤਰੀ ਦੇ ਨਜ਼ਦੀਕੀ ਕਾਰਪੋਰੇਟਾ ਦੇ ਧੰਨ ਧੜਾ ਧੜ ਕਿਵੇਂ ਵੱਧਦਾ ਜਾ ਰਿਹਾ ਹੈ? ਫੋਰਬਸ ਦੀ ਇੱਕ ਰਿਪੋਰਟ ਮੁਤਾਬਕ ਮੁਕੇਸ਼ ਅੰਬਾਨੀ ਦੁਨੀਆਂ ਦੇ ਕੁੱਲ 19 ਦੇਸ਼ਾਂ ਤੋਂ ਵੀ ਜ਼ਿਆਦਾ ਅਮੀਰ ਬਣ ਗਿਆ ਹੈ। ਭਾਰਤ ਸਮੇਤ 19 ਦੇਸ਼ਾਂ ਦੀ ਜੀ.ਡੀ ਪੀ. ਮੁਕੇਸ਼ ਅੰਬਾਨੀ ਦੀ ਦੌਲਤ ਅੱਗੇ ਬੌਣੀ ਹੋ ਗਈ ਹੈ। ਭਾਰਤ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਦਲੀਪ ਸੰਘਵੀ ਦੀ ਕੁੱਲ ਆਮਦਨ ਤਕਰੀਬਨ 15.8 ਅਰਬ ਡਾਲਰ, ਭਾਰਤ ਦੇ ਤੀਜੇ ਸਭ ਤੋਂ ਅਮੀਰ ਵਿਅਕਤੀ ਵਿਪਰੋ ਕੰਪਨੀ ਦੇ ਅਜੀਮ ਪਰੇਮਜੀ ਦੀ ਕੁੱਲ ਆਮਦਨ ਤਕਰੀਬਨ 15.4 ਅਰਬ ਡਾਲਰ ਕਿਵੇਂ ਹੋ ਗਈ? ਹੈ। ਸਾਧ ਦੇ ਭੇਖ ’ਚ ਵਿਉਪਾਰੀ ਬਾਬਾ ਰਾਮਦੇਵ ਕਰੋੜਾਂ ਤੋਂ ਅਰਬਪਤੀ ਕਿਵੇਂ ਬਣ ਗਿਆ ਹੈ?




ਸਰਕਾਰ ਦੀ ਜੁਮੇਵਾਰੀ, ਲੋਕਤੰਤਰ ਰਾਹੀਂ ਅਵੱਸ਼ਕ ਸਥਿਤੀਆਂ ਪੈਦਾ ਕਰਕੇ ਭਾਰਤੀ ਸੰਵਿਧਾਨ ਦੇ ਉਦੇਸ਼ ਸਮਾਜਿਕ ਅਤੇ ਆਰਥਿਕ ਸਮਾਨਤਾ ਨੂੰ ਪ੍ਰਾਪਤ ਕਰਨਾ ਹੈ। ਪ੍ਰੰਤੂ ਦੇਸ਼ ਦੇ ਵਰਤਮਾਨ, ਆਗੂ ਅਫ਼ਸਰ ਜਿੰਨਾ ਧਿਆਨ ਰਾਜਨੀਤੀ ਚਮਕਾਉਣ ਵਲ੍ਹ ਦੇ ਰਹੇ ਹਨ ਉਨਾਂ ਹੀ ਅਣਗੌਲਿਆ ਉਹ ਸਮਾਜਿਕ ਅਤੇ ਆਰਥਿਕ ਵਿਵਸਥਾ ਨੂੰ ਅਣਗੋਲਿਆ ਕਰ ਰਹੇ ਹਨ। ਸਰਕਾਰਾਂ, ਸਹਿਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਠੇਕੇ ’ਤੇ ਦੇ ਕੇ ਜ਼ੁੰਮੇਵਾਰੀ ਤੋਂ ਪੱਲਾ ਛੁਡਾ ਰਹੀਆ ਹਨ। ਦੇਸ਼ ਦੀ ਆਰਥਿਕਤਾ ਹੀ ਨਹੀ, ਪੁਲਿਸ, ਅਫ਼ਸਰਸ਼ਾਹੀ ਵੀ ਕੰਪਣੀਆਂ ਦੇ ਕਲਾਵੇ ਹੈ। ਕਿਸੇ ਵੀ ਰਾਜਨੀਤਿਕ ਪਾਰਟੀ ਕੋਲ, ਲੋਕਤੰਤਰ ਨੂੰ ਸਫ਼ਲ ਬਣਾਉਣ ਅਤੇ ਦੇਸ਼ ’ਚੋਂ ਅੰਧਵਿਸ਼ਵਾਸ, ਜਾਤ-ਪਾਤ ਅਤੇ ਗਰੀਬੀ-ਅਮੀਰੀ ਵਿਚਕਾਰ ਦਿਨੋ-ਦਿਨ ਵੱਧ ਰਹੇ ਪਾੜੇ ਨੂੰ ਘਟਾਉਣ ਲਈ ਕੋਈ ਕਾਰਗਰ ਪ੍ਰੋਗਰਾਮ ਨਹੀ ਹੈ।

ਭਾਜਪਾ ਸਰਕਾਰ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਸਮਾਜਵਾਦ, ਸਮਾਨਤਾ ਦੀਆਂ ਧੱਜੀਆਂ ਉਡਾ ਰਹੀ ਹੈ। ਉਹ ਦੇਸ਼ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦਾ ਨੁਕਸਾਨ ਕਰਨ ਵਿੱਚ ਲੱਗੀ ਹੋਈ ਹੈ। ਰਾਜਾਂ ਨੂੰ ਕੇਂਦਰ ਸਰਕਾਰਾਂ ਤੋਂ ਭੀਖ ਮੰਗਣ ਲਈ ਮਜਬੂਰ ਕੀਤਾ ਗਿਆ ਹੈ, ਜਦੋਂ ਕਿ ਕੇਂਦਰ ਵਲੋਂ ਸਾਰੀਆਂ ਆਰਥਿਕ ਅਤੇ ਰਾਜਨੀਤਕ ਸਿਆਸੀ ਸ਼ਕਤੀਆਂ ਆਪਣੇ ਹੱਥਾਂ ਵਿੱਚ ਲਈਆ ਜਾ ਰਹੀਆ ਹਨ। ਇਹ ਕਾਂਗਰਸ ਸਰਕਾਰ ਦੁਆਰਾ ਸ਼ੁਰੂ ਕੀਤੀਆਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੂੰ ਹੀ ਅੱਗੇ ਵਧਾ ਰਹੀ ਹੈ। ਪਬਲਿਕ ਸੈਕਟਰ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ਅਤੇ ਰੇਲਵੇ ਤੇ ਸਰਕਾਰੀ ਬੈਂਕਾਂ ਦਾ ਨਿੱਜੀਕਰਨ ਕਰਨ ਦੀ ਸਾਜ਼ਿਸ਼ ਚਲ ਰਹੀ ਹੈ ਜਦਕਿ ਸੰਵਿਧਾਨ ਪਬਲਿਕ ਸੈਕਟਰ ਨੂੰ ਉਤਸ਼ਾਹਤ ਕਰਨ ਲਈ ਨਿਰਦੇਸ਼ ਦਿੰਦਾ ਹੈ। ਲੋਕਤੰਤਰ ਦੇ ਅਜ਼ਾਦ ਅੰਗ ਨਿਆਂਪਾਲਿਕਾ ’ਚ ਸਰਕਾਰ ਦੀ ਦਖ਼ਲ ਅੰਦਾਜੀ ਵੱਧਦੀ ਜਾ ਰਹੀ ਹੈ। ਰਾਜਨੀਤਕ ਆਗੂ ਬਿਨਾ ਬਜ਼ਹ ਹੀ ਸਰਬਉਚ ਅਦਾਲਤ ਮਾਨਯੋਗ ਸੁਪਰੀਮ ਕੋਰਟ ਤੇ ਹਾਈਕੋਰਟਾਂ ਦੇ ਜੱਜਾਂ ਪ੍ਰਤੀ ਕਿੰਤੂ-ਪ੍ਰੰਤੂ ਕਰ ਰਹੇ ਹਨ। ਸਰਕਾਰ ਦੀ ਸਰਬਉਚ ਪੜਤਾਲੀ ਏਜੰਸੀਆਂ ਸੀ ਵੀ ਏ ਤੇ ਸੀ ਆਈ ਬੀ ਵਿਚ ਦਖ਼ਲ ਅੰਦਾਜੀ ਸਾਹਮਣੇ ਹੈ। ਸੁਪਰੀਮ ਕੋਰਟ ਤੇ ਸਰਕਾਰ ’ਚ ਖਿਚੋਤਾਣ ਹੈ। ਕਨੂੰਨ ਬਣਾਉਣ ਵਾਲੇ ਕਨੂੰਨ ਤੋੜ ਰਹੇ ਹਨ। ਕਨੂੰਨ ਨੂੰ ਲਾਗੂ ਕਰਨ ਵਾਲੇ ਕਨੂੰਨ ਨੂੰ ਅਣਗੋਲਿਆ ਕਰ ਰਹੇ ਹਨ। ਕਨੂੰਨ ਦੇ ਅਰਥਾਂ ਦੇ ਅਨਰਥ ਕੀਤੇ ਜਾ ਰਹੇ ਹਨ। ਸੰਵਿਧਾਨ ਨੂੰ ਸੰਵਿਧਾਨ ਦੀ ਭਾਵਨਾ ਦੇ ਉਲਟ ਨਿੱਜੀ ਹਿੱਤਾਂ ਲਈ ਬਦਲਿਆ ਜਾ ਰਿਹਾ ਹੈ। ਦੇਸ਼ ਵਿਚ ਭ੍ਰਿਸ਼ਟਾਚਾਰ ਪ੍ਰਫੁਲਤ ਨਾ ਹੋਏ, ਇਸ ਨੂੰ ਕਾਬੂ ਰੱਖਣ ਦੇ ਖਿਆਲ ਨਾਲ ਸੰਵਿਧਾਨ ਘਾੜਿਆ ਨੇ ਸੰਵਿਧਾਨ ਵਿਚ ਇਹ ਵੀ ਅੰਕਿਤ ਕੀਤਾ ਸੀ ਕਿ ਲੋਕਤੰਤਰ ਦੇ ਉਪਰੋਕਤ ਤਿੰਨੇ ਮੁੱਖ ਅੰਗਾਂ ਦੇ 'ਪਬਲਿਕ ਸਰਵੈਂਟ' ( ਮੰਤਰੀ, ਐਮ ਪੀ, ਐਮ ਐਲ ਏ, ਆਗੂ, ਅਫ਼ਸਰਾਂ ) ਨੂੰ ਹਰ ਸਾਲ 31 ਮਾਰਚ ਤੋ ਪਹਿਲਾਂ ਆਪਣੀ ਆਮਦਨ ਅਤੇ ਜਾਇਦਾਦ ਦਾ ਵੇਰਵਾ ਸਰਕਾਰ ਨੂੰ ਦੇਣਾ ਹੋਵੇਗਾ। ਸੰਵਿਧਾਨਕ ਸਰਕਾਰੀ ਨਿਯਮਾਂ ਦੇ ਹੁੰਦੇ ਹੋਏ ਵੀ, ਆਈ ਏ ਐਸ, ਆਈ ਪੀ ਐਸ, ਪੀ ਸੀ ਐਸ, ਮੰਤਰੀ, ਐਮ ਪੀ, ਐਮ ਐਲ ਏ, ਆਦਿ ਆਪਣੀ ਸਲਾਨਾਂ ਆਮਦਨ ਅਤੇ ਜਾਇਦਾਦ ਦਾ ਵੇਰਵਾ ਨਹੀ ਦੇ ਰਹੇ। ਸਭ ਪਬਲਿਕ ਸਰਵੈਂਟ ਤਾਨਾਸ਼ਾਹ ਬਣੇ ਹੋਏ ਹਨ।

ਪ੍ਰੀਵਰਤਨ ਦਾ ਪ੍ਰਤੀਕ ਮੀਡੀਆ ਤੋਂ ਇਹ ਆਸ ਰੱਖੀ ਗਈ ਸੀ ਕਿ ਮੀਡੀਆ ਮੇਹਨਤਕਸ਼ ਦਲਿਤ ਸ਼ੋਸ਼ਿਤ ਮਜਦੂਰ ਸਮਾਜ ਦੀਆਂ ਸਮੱਸਿਆਵਾਂ ਨੂੰ ਸਰਕਾਰ ਤਕ ਪਹੁੰਚਾਏ ਗਾ ਅਤੇ ਸਰਕਾਰ ਦੀਆਂ ਸਕੀਮਾਂ ਦੀ ਲੋਕਾਂ ਨੂੰ ਜਾਣਕਾਰੀ ਦੇ ਕੇ ਆਰਥਿਕ ਸਮਾਨਤਾ ਤੇ ਸਮਾਜਿਕ ਨਿਆਂ ਲਈ ਯੋਗਦਾਨ ਕਰੇਗਾ। ਮੀਡੀਆ ਸਮਾਜ ਨੂੰ ਸਹੀ ਜਾਣਕਾਰੀ ਦੇ ਕੇ ਦੰਗਿਆਂ ਅਤੇ ਮਜ਼ਹਬੀ ਫ਼ਸਾਦਾਂ ਤੋਂ ਬਚਾ ਕੇ ਵਿਕਾਸ ਦੇ ਰਾਹ ਪਾਏਗਾ। ਪਰ ਬਹੁਤਾ ਇਲੈਕਟਰਿਕ ਮੀਡੀਆ ਕਾਰਪੋਰੇਟ ਘਰਾਣਿਆ ਤੇ ਸੱਤਾਧਾਰੀ ਪਾਰਟੀਆਂ ਦੇ ਆਗੂਆਂ ਦੀ ਕਠਪੁਤਲੀ ਬਣ ਗਿਆ ਹੈ। ਮੀਡੀਆ ਲੋਕਾਂ ਦੀਆਂ ਸਮੱਸਿਆਵਾਂ ਦੀ ਸਾਰ ਨਹੀ ਲੈਂਦਾ। ਮੀਡੀਆ ਖਿਲਾਫ ਪ੍ਰੈਸ ਕੌਂਸਲ ਕੋਲ ਪਹੁੰਚੀਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਮੀਡੀਆ ’ਚ ਖਰੀਦ ਖ਼ਬਰਾਂ ਦਾ ਜ਼ੋਰ ਹੈ। ਬਹੁਤੇ ਪ੍ਰੈਸ ਮੀਡੀਆ ਚੈਨਲ ਨਿੱਜੀ ਹੋਣ ਕਾਰਨ ਉਨਾਂ ’ਚ ਵੀ ਹੁਣ ਤਾਨਾਸ਼ਾਹੀ ਦੀ ਝਲਕ ਦਿਸਣ ਲੱਗ ਪਈ ਹੈ। ਦੇਸ਼ ਦੇ ਹਰ ਕੋਨੇ ’ਚ ਅਨਾਰਕੀ ਦਾ ਬੋਲ-ਬਾਲਾ ਹੈ। ਅਨਾਰਕੀ ਦਾ ਅਗਲਾ ਰੂਪ ਤਾਨਸ਼ਾਹੀ ਹੀ ਹੁੰਦੀ ਹੈ। ਦੁਨੀਆਂ ਨੂੰ ਦਿਖਾਉਣ ਲਈ, ਦੇਸ਼ ਵਿਚ ਨਾਂਮ ਦਾ ਲੋਕਤੰਤਰ ਤਾਂ ਹੈ ਪਰ ਦੇਸ਼ ਦੀ ਸੱਤਾ ਜਿਵੇਂ ਚੰਦ ਨਿੱਜ਼ੀ ਵਿਅਕਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਹੋਈ ਜਾ ਰਹੀ ਹੈ, ਚਾਹੇ ਉਹ ਕਿਸੇ ਗਲੀ-ਮੁਹੱਲੇ ਦਾ ਪੰਚ-ਸਰਪੰਚ ਹੋਵੇ, ਐਮ ਐਲ ਏ-ਐਮ ਪੀ ਹੋਵੇ, ਕਿਸੇ ਪਾਰਟੀ ਦਾ ਆਗੂ ਜਾਂ ਮੁੱਖੀ ਹੋਵੇ, ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਕਿਸੇ ਮਹਿਕਮੇ ਦਾ ਮੁੱਖੀ ਹੋਵੇ, ਸਭ ਕਨੂੰਨਾਂ ਨੂੰ ਛਿੱਕੇ ਟੰਗਕੇ ਮਨ ਮਰਜ਼ੀਆਂ ਕਰ ਰਹੇ ਹਨ, ਜੋ ਕਿਸੇ ਤਰਾਂ ਵੀ ਲੋਕਤੰਤਰਕ ਵਰਤਾਰਾ ਨਹੀ ਹੈ। ਸਾਡਾ ਕਿਹੋ ਜਿਹਾ ਲੋਕਤੰਤਰ ਬਣਦਾ ਜਾ ਰਿਹਾ ਹੈ, ਇਸ ਵਿੱਚ ਗਊ-ਰੱਖਿਆ ਲਈ ਤਾਂ ਸਖਤ ਕਨੂੰਨ ਅਤੇ ਮੰਤਰਾਲੇ ਬਣਾਏ ਜਾ ਰਹੇ ਹਨ, ਵਿਸ਼ੇਸ਼ ਟੈਕਸ ਲਾਏ ਜਾ ਰਹੇ ਹਨ, ਪਰ ਹਸਪਤਾਲਾਂ ਵਿੱਚ ਫੰਡ ਨਾ ਹੋਣ ਕਾਰਨ ਸੈਂਕੜੇ ਬੱਚੇ ਮਰ ਰਹੇ ਹਨ, ਬਜੁਰਗਾਂ ਦਾ ਬੁਡਾਪਾ ਰੁਲ ਰਿਹਾ ਹੈ। ਰੋਗੀ ਕਰਲਾ ਰਹੇ ਹਨ। ਗਰੀਬਾਂ, ਮਜ਼ਦੂਰਾਂ ਕਿਸਾਨਾਂ ਨੂੰ ਅੱਛੇ ਦਿਨਾਂ ਨੂੰ ਉਡੀਕਦਿਆ ਹੀ ਸਾਢੇ ਚਾਰ ਸਾਲ ਲੰਘ ਗਏ ਹਨ। ਫਿਰ ਵੀ ਪ੍ਰਧਾਨ ਮੰਤਰੀ ਜੀ ਲਗਾਤਾਰ 'ਸਭ ਕਾ ਵਿਕਾਸ’ ਦੇ ਜੁਮਲੇ ਛੱਡੀ ਜਾ ਰਹੇ ਹਨ। ਹਾ ਇਹ ਵਿਕਾਸ ਜਰੂਰ ਹਇਆ, ਮੋਦੀ ਜੀ 80 ਦੇਸ਼ਾਂ ਦੀ ਯਾਤਰਾ ਕਰ ਆਏ ਹਨ। ਆਰਥਿਕ ਅਪਰਾਧੀ ਤੇ ਦੇਸ਼ਧ੍ਰੋਹੀ ਦੇਸ਼ ’ਚੋ ਬਾਹਰ ਭੱਜ ਗਏ ਹਨ। ਲੋਕਤੰਤਰ ਜੁਮਲਾਤੰਤਰ ਬਣਕੇ ਰਹਿ ਗਿਆ ਹੈ।ਡਾਕਟਰ ਅੰਬੇਡਕਰ ਨੇ 26 ਨਵੰਬਰ 1949 ਨੂੰ ਸੰਵਿਧਾਨ ਸਭਾ ’ਚ ਕਿਹਾ ਸੀ, "ਇਹ ਸੋਚ ਕਿ ਅਸੀਂ ਹੁਣ ਇੱਕ ਕੌਮ (ਰਾਸ਼ਟਰ) ਬਣ ਗਏ ਹਾਂ, ਅਜਿਹਾ ਸੋਚ ਅਸੀਂ ਇੱਕ ਬਹੁਤ ਵੱਡੇ ਭੁਲੇਖੇ ਨੂੰ ਪਾਲ ਰਹੇ ਹਾਂ। ਹਜ਼ਾਰਾਂ ਜਾਤਾਂ ’ਚ ਵੰਡੇ ਹੋਏ ਲੋਕ ਇੱਕ ਰਾਸ਼ਟਰ ਕਿਵੇਂ ਹੋ ਸਕਦੇ ਹਨ? ਉਹਨਾਂ ਕਿਹਾ, "ਭਾਰਤ ਵਿੱਚ ਜਾਤਾਂ ਹਨ ਜੋ ਕਿ ਰਾਸ਼ਟਰੀਅਤਾ ਦਾ ਸਿੱਧਾ ਹੀ ਵਿਰੋਧੀ ਕਰਦੀਆਂ ਹਨ। ਸਭ ਤੋਂ ਪਹਿਲਾਂ ਤਾਂ ਜਾਤਾਂ ਸਮਾਜਿਕ ਜੀਵਨ ਵਿੱਚ ਵੱਖਵਾਦ ਪੈਦਾ ਕਰਦੀਆਂ ਹਨ, ਕਿਉਂਕਿ ਇਹ ਜਾਤਾਂ-ਇਕ-ਦੂਜੇ ਵਿੱਚ ਈਰਖ਼ਾ ਅਤੇ ਵੈਰ ਵਿਰੋਧ ਪੈਦਾ ਕਰਦੀਆਂ ਹਨ ਪਰ ਅਸੀਂ ਇਨ੍ਹਾਂ ਸਭ ਔਕੜਾਂ ਉਤੇ ਜਿੱਤ ਪ੍ਰਾਪਤ ਕਰਨੀ ਹੈ। ਇਹਨਾਂ ਨੂੰ ਖ਼ਤਮ ਕਰਕੇ ਹੀ ਭਾਰਤ ਇਕ ਰਾਸ਼ਟਰ ਬਣ ਸਕਦਾ ਹੈ। ਭਾਰਤ ਤਾਂ ਹੀ ਸਹੀ ਰੂਪ ਵਿਚ ਰਾਸ਼ਟਰ ਬਣੋ ਜਦੋਂ ਲੋਕਾਂ ਵਿੱਚ ਜਾਤ, ਨਸਲ ਜਾਂ ਰੰਗ ਦਾ ਫ਼ਰਕ ਮਿਟਾ ਕੇ ਉਹਨਾਂ ’ਚ ਸਮਾਜਿਕ ਭਾਈਚਾਰੇ ਨੂੰ ਸਰਵਉਚ ਮੰਨਿਆ ਜਾਓਗਾ। ਬਿਨਾਂ ਭਾਈਚਾਰੇ ਦੀ ਭਾਵਨਾ ਦੇ ਅਜ਼ਾਦੀ ਤੇ ਸਮਾਨਤਾ ਸੁਭਾਵਕ ਨਹੀ ਹੋ ਸਕਦੀਆਂ।’’ ਪਰ ਦੇਸ਼ ਵਿੱਚ ਜਦੋਂ ਦੀ ਭਾਜਪਾ ਸਰਕਾਰ ਆਈ ਹੈ, ਸੰਘ ਪਰਿਵਾਰ ਨੇ ਰਾਸ਼ਟਰਵਾਦ ਨੂੰ ਇਸ ਤਰ੍ਹਾਂ ਬਣਾ ਦਿੱਤਾ ਗਿਆ ਹੈ, ਜਿਸ ’ਚ ਹਿੰਦੂ ਫਿਰਕਾਪ੍ਰਸਤ ਬਹੁਗਿਣਤੀ ਲੋਕਾਂ ’ਤੇ ਰਾਜ ਕਰਨ ਨੂੰ ਆਪਣਾ ਦੈਵੀ ਅਧਿਕਾਰ ਸਮਝਣ ਲੱਗ ਪਈ ਹੈ। ਉਹ ਆਪਣੀ ਇੱਛਾ ਅਨੁਸਾਰ ਰਾਸ਼ਟਰੀ ਭਾਵਨਾਵਾਂ ਦਾ ਨਿਰਣਾ ਕਰਨ ਲੱਗ ਪਈ ਹੈ। ਹਿੰਦੂ ਬਹੁਗਿਣਤੀ, ਘੱਟ ਗਿਣਤੀ ਨੂੰ ਅਧਿਕਾਰ ਨਾ ਦੇਣ ਉਤੇ ਤੁਲੀ ਹੋਈ ਹੈ ਅਤੇ ਆਪਣੀ ਧੌਂਸ ਨੀਤੀ ਨੂੰ ਘੱਟ ਗਿਣਤੀਆਂ ’ਤੇ ਥੋਪਣ ਲਈ ਸਾਜਿਸ਼ਾਂ ਘੜਦੀ ਰਹਿੰਦੀ ਹੈ। ਇਸੇ ਕਰਕੇ ਦੇਸ਼ ਵਿਚ ਬਹੁਗਿਣਤੀ ਹਿੰਦੂ ਫਿਰਕਾਪ੍ਰਸਤੀ ਤੇ ਘੱਟ ਗਿਣਤੀ ਫਿਰਕਿਆਂ ਵਿੱਚ ਟਕਰਾਅ ਹੈ। ਇਸੇ ਲਈ ਹਿੰਦੂ ਬਹੁਗਿਣਤੀ ਅਤੇ ਘੱਟਗਿਣਤੀਆਂ ਦੇ ਵਿਚਕਾਰ ਸੰਤੁਲਨ ਬਣਾਈ ਰੱਖਣ ਲਈ ਸੰਵਿਧਾਨ ’ਚ ਰੋਕਾਂ ਲਾਈਆਂ ਗਈਆਂ ਹਨ। ਸੰਵਿਧਾਨ ਦੇ ਅਨੁਛੇਦ 26 ਤੋਂ 30 ਵਿਚ ਦੇਸ਼ ਦੇ ਹਰ ਘੱਟਗਿਣਤੀ ਧਰਮ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਦੀ ਗ੍ਰਾਂਟੀ ਦਿੱਤੀ ਗਈ ਹੈ ਪਰ ਸੱਤਾਧਾਰੀ ਆਗੂ ਲੋਕ ਇਹਨਾਂ ਦੀ ਪਾਲਣਾ ਨਹੀ ਕਰਦੇ। ਸਿੱਟੇ ਵਜੋਂ ਅੱਜ ਦੇਸ਼ ਦੀਆਂ ਧਾਰਮਿਕ ਘੱਟ ਗਿਣਤੀਆਂ ਮੁਸਲਮਾਨ, ਇਸਾਈ, ਬੋਧ, ਸਿੱਖ ਅਤੇ ਦਲਿਤਾਂ ਦੀ ਸਥਿਤੀ ਤਰਸਯੋਗ ਬਣੀ ਹੋਈ ਹੈ। ਘੱਟ ਗਿਣਤੀਆਂ ਹੀ ਨਹੀ, ਦੇਸ਼ ਦਾ ਆਮ ਭਾਰਤੀ ਵੀ ਫਿਰਕੂ, ਜਾਤੀਗਤ, ਅਪਰਾਧਿਕ ਤੇ ਰਾਜਕੀ ਹਿੰਸਾ ਤੋਂ ਭੈਅ ਭੀਤ ਹੈ। ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਦੇ ਉਦੇਸ਼ ਕਾਰਨ ਪੈਦਾ ਹੋ ਰਹੇ ਵਾਤਾਵਰਣ ਤੋਂ ਦਲਿਤ ਤੇ ਧਾਰਮਿਕ ਘੱਟ ਗਿਣਤੀਆਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਸਿਰ ਕੱਢ ਲੇਖਕ, ਐਕਟਰ ਵਿਦਿਵਾਨ ਮਾਰੇ ਜਾ ਰਹੇ ਹਨ, ਰਹਿੰਦੇ ਸਹਿਮੇ ਹੋਏ ਹਨ ਕਿ ਕਿਧਰੇ 1947 ਵਰਗਾ ਇਤਿਹਾਸ ਮੁੜ ਦੁਹਰਾਇਆ ਹੀ ਨਾ ਜਾਵੇ। ਹਕੀਕੀ ਜ਼ਮਹੂਰੀਅਤ ਪਸੰਦ ਲੋਕਾਂ ਨੂੰ ਮਿਲ ਕੇ ਸੰਵਿਧਾਨ ਦੀ ਸੁਰੱਖਿਆ ਲਈ ਫਿਰਕੂ ਜਨੂੰਨ ਦੇ ਖਿਲਾਫ, ਇਕ ਮੰਚ ’ਤੇ ਇਕੱਠੇ ਹੋ ਕੇ ਅੰਦੋਲਨ ਕਰਨਾ ਚਾਹੀਦਾ ਹੈ ਤਦ ਹੀ ਭਾਰਤੀ ਸੰਵਿਧਾਨ, ਧਰਮ ਨਿਰਪੱਖਤਾ, ਦੇਸ਼ ਦੀ ਏਕਤਾ ਅਤੇ ਲੋਕਤੰਤਰ ਸੁਰੱਖਿਅਤ ਰਹਿ ਸਕਣਗੇ।

# ਪੰਜਾਬੀ ਸਿਨੇਮਾ ਦੀ ਸਰਗਰਮ ਨਿਰਮਾਤਰੀ ‘ਰੁਪਾਲੀ

ਸਿਨੇਮਾ ਦੀ ਮੌਜੂਦਾ ਭੀੜ ਵਿੱਚ ਬਹੁਤ ਘੱਟ ਅਜਿਹੇ ਫ਼ਿਲਮਸਾਜ਼ ਹਨ ਜੋ ਦਰਸ਼ਕਾਂ ਦੀ ਨਬਜ਼ ਟੋਹਣ ਦਾ ਗੁਣ ਜਾਣਦੇ ਹਨ। ਪਿਛਲੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਮਰਦ ਪ੍ਰਧਾਨ ਪੰਜਾਬੀ ਸਿਨਮੇ ਵਿਚ ਰੁਪਾਲੀ ਗੁਪਤਾ ਇੱਕ ਉਹ ਨਿਰਮਾਤਰੀ ਹੈ ਜਿਸ ਵਲੋਂ ਨਿਰਮਾਣ ਕੀਤੀਆਂ ਫ਼ਿਲਮਾਂ ਦੀ ਰਿਕਾਰਡ ਤੋੜ ਸਫ਼ਲਤਾ ਨੇ ਚਿਰਾਂ ਤੋਂ ਸਰਗਰਮ ਫਿਲਮਸਾਜ਼ਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਕਿਸੇ ਵੀ ਫ਼ਿਲਮ ਦੇ ਫਲਾਪ ਹੋਣ ’ਤੇ ਫ਼ਿਲਮ ਵਿਚਲੀਆਂ ਕਮੀਆਂ ’ਤੇ ਧਿਆਨ ਦੇਣ ਦੀ ਬਜਾਏ ਅਕਸਰ ਹੀ ਨਿਰਮਾਤਾ ਨਿਰਦੇਸ਼ਕ ਦਰਸ਼ਕਾਂ ਦੀ ਪਸੰਦ-ਨਾ-ਪਸੰਦ ਕਹਿ ਕੇ ਪੱਲਾ ਝਾੜ ਦਿੰਦੇ ਹਨ ਪ੍ਰੰਤੂ ਇੱਕ ਸੁਪਰਹਿੱਟ ਫ਼ਿਲਮ ਬਣਾਉਣ ਲਈ, ਟਿਕਟ ਖਿੜਕੀ ’ਤੇ ਦਰਸ਼ਕਾਂ ਦੀਆਂ ਲਾਇਨਾਂ ਲਾਉਣ ਲਈ ਜਿਹੜੀ ’ਗਿੱਦੜ ਸਿੰਗੀ’ ਨਿਰਮਾਤਰੀ ਰੁਪਾਲੀ ਗੁਪਤਾ ਦੇ ਹੱਥ ਲੱਗੀ ਹੈ, ਉਸਦਾ ਹਰ ਕੋਈ ਭੇਦ ਨਹੀਂ ਜਾਣਦਾ। ਪਿਛਲੇ ਸਾਲ ਦੀ ਸੁਪਰਹਿੱਟ ਹੋਈ ਫਰਾਈ ਡੇਅ ਮੋਸ਼ਨ ਪਿਕਚਰਜ਼ ਦੀ ਫ਼ਿਲਮ ’ਮਿਸਟਰ ਐਂਡ ਮਿਸ਼ਜ 420 ਰਿਟਰਨਜ਼’ ਦੀ ਕਾਮਯਾਬੀ ਨੇ ਜੋ ਇਤਿਹਾਸ ਸਿਰਜਿਆ, ਉਹ ਸੱਭ ਦੇ ਸਾਹਮਣੇ ਹੈ। ਆਪਣੀਆ ਸੁਪਰ ਹਿੱਟ ਫ਼ਿਲਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਰੁਪਾਲੀ ਗੁਪਤਾ ਨਵੇਂ ਸਾਲ ਵਿੱਚ ਪੂਰੀ ਤਰਾਂ ਸਰਗਰਮ ਹੈ। ਜਿੱਥੇ ਉਹ ਕਈ ਫ਼ਿਲਮਾਂ ਦੀ ਸੂਟਿੰਗ ਵਿੱਚ ਰੁੱਝੀ ਹੋਈ ਹੈ ਉੱਥੇ ਨਵੀਆਂ ਫ਼ਿਲਮਾਂ ਦੇ ਰਿਲੀਜ਼, ਪ੍ਰਮੋਸ਼ਨ ਅਤੇ ਹੋਰ ਕਾਰਜਾਂ ਲਈ ਭੱਜਦੋੜ ਕਰ ਰਹੀ ਹੈ। ਭਾਖੜਾ ਵਾਲੇ ਨੰਗਲ ਸ਼ਹਿਰ ਦੀ ਜੰਮਪਲ ਰੁਪਾਲੀ ਗੁਪਤਾ ਨੇ ਦੱਸਿਆ ਕਿ ਕਲਾ ਨਾਲ ਉਸਦਾ ਰਿਸ਼ਤਾ ਸਕੂਲ ਕਾਲਜ ਦੇ ਦਿਨਾਂ ਵੇਲੇ ਦਾ ਰਿਹਾ ਹੈ। ਕੁਝ ਪਰਿਵਾਰਕ ਬੰਦਸਾਂ ਕਰਕੇ ਉਸਦਾ ਇਹ ਸ਼ੌਕ ਉੱਭਰ ਕੇ ਸਾਹਮਣਾ ਨਾ ਆ ਸਕਿਆ। ਫਿਰ ਵਿਆਹੁਤਾ ਜ਼ਿੰਦਗੀ ਵੱਲ ਕਦਮ ਵਧਾਉਂਦਿਆਂ ਹੀ ਉਸਦੀ ਕਲਾ ਰੂਪੀ ਗੱਡੀ ਮੁੜ ਲੀਹ ’ਤੇ ਆ ਗਈ। ਉਸਦੇ ਜੀਵਨ ਸਾਥੀ ਦੀਪਕ ਗੁਪਤਾ ਨੇ ਜਦ ਰੁਪਾਲੀ ਦੀ ਕਲਾ ਨੂੰ ਨੇੜੇ ਹੋ ਕੇ ਸਮਝਿਆ ਤਾਂ ਉਸਨੇ ਦਿਲੋਂ ਸਹਿਯੋਗ ਦਿੱਤਾ। ਬਤੌਰ ਅਦਾਕਾਰਾ ਰੁਪਾਲੀ ਗੁਪਤਾ ਨੇ ’ਮਿਸਟਰ ਐਂਡ ਮਿਸ਼ਜ 420 ਰਿਟਰਨ’ ਵਿੱਚ ਗੁਰਪ੍ਰੀਤ ਘੁੱਗੀ ਦੇ ਔਪੋਜਿਟ ਕਮਾਲ ਦੀ ਅਦਾਕਾਰੀ ਕੀਤੀ ਹੈ।



ਪੰਜਾਬੀ ਸਿਨਮੇ ’ਤੇ ਭਾਰੂ ਹੋ ਰਹੀ ਕਾਮੇਡੀ ਬਾਰੇ ਉਸਦਾ ਕਹਿਣਾ ਹੈ ਕਿ ਬਾਜ਼ਾਰ ਜਿਸ ਚੀਜ਼ ਦੀ ਵਧੇਰੇ ਮੰਗ ਹੋਵੇ, ਦੁਕਾਨਦਾਰ ਤਾਂ ਉਹੀ ਵੇਚੇਗਾ ਵਾਲੀ ਗੱਲ ਹੈ। ਸਾਡੀ ਟੀਮ ਨੇ ਦਰਸ਼ਕਾਂ ਦੀ ਨਬਜ਼ ਟੋਹ ਕੇ ਉਨਾਂ ਦੀ ਪਸੰਦ ਨੂੰ ਜਾਣਿਆ ਹੈ। ਅੱਜ ਜ਼ਿੰਦਗੀ ਦੇ ਰੁਝੇਵਿਆਂ ’ਚ ਫਸਿਆ ਮਨੁੱਖ ਕੁਝ ਪਲ ਤਣਾਉ-ਮੁਕਤ ਹੋਣ ਲਈ ਸਿਨੇਮੇ ਘਰਾਂ ’ਚ ਜਾਂਦਾ ਹੈ। ਅੱਜ ਦੇ ਦੌਰ ਵਿੱਚ ਸਿਨੇਮਾ ਹੀ ਮਨੋਰਜੰਨ ਦਾ ਇੱਕ ਚੰਗਾ ਸਾਧਨ ਹੈ। ਦੂਜੀ ਗੱਲ ਇਹ ਕਿ ਸਾਡੀਆਂ ਫ਼ਿਲਮਾਂ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਮੁੱਦਾ ਅਧਾਰਤ ਹੁੰਦੀ ਹੈ। ਜਿਸ ਤਰਾਂ ’420 ਰਿਟਰਨਜ਼’ ਰਾਹੀਂ ਸਮਾਜ ਵਿੱਚ ਫੈਲੀ ਨਸ਼ਿਆਂ ਦੀ ਭੈੜੀ ਅਲਾਮਤ ਬਾਰੇ ਜਾਗਰੁਕ ਕੀਤਾ ਗਿਆ ਹੈ, ਉਸੇ ਤਰਾਂ ਜਲਦ ਰਿਲੀਜ਼ ਹੋ ਰਹੀ ਫ਼ਿਲਮ ’ੳ ਅ’ ਰਾਹੀਂ ਪੰਜਾਬ ਵਿੱਚ ਮਾਂ ਬੋਲੀ ਪੰਜਾਬੀ ਦੀ ਅਹਿਮੀਅਤ ਬਾਰੇ, ਇਸ ਦੇ ਸਤਿਕਾਰ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪਹਿਲੀਆਂ ਫ਼ਿਲਮਾਂ ਵਾਂਗ ਇਸ ਵਿਸ਼ੇ ਨੂੰ ਵੀ ਕਾਮੇਡੀ ਦੀ ਰੰਗਤ ਦਿੱਤੀ ਗਈ ਹੈ। ਆਧੁਨਿਕਤਾਂ ਦੇ ਦੌਰ ਵਿੱਚ ਸਿੱਖਿਆ ਦੇ ਹੋ ਰਹੇ ਵਪਾਰੀਕਰਨ, ਸਰਕਾਰੀ ਸਕੂਲਾਂ ਦੀ ਪੜਾਈ ਦੇ ਡਿੱਗਦੇ ਮਿਆਰ ਅਤੇ ਉੱਚੇ ਲੋਕਾਂ ਦੀ ਰੀਸ ਨਾਲ ਮੱਧ ਵਰਗੀ ਮਾਪਿਆਂ ਦੀ ਆਪਣੇ ਬੱਚਿਆਂ ਦੀ ਉਚੇਰੀ ਵਿੱਦਿਆਂ ਨੂੰ ਲੈ ਕੇ ਚਿੰਤਾਮਈ ਮਾਨਸਿਕਤਾ, ਮਜਬੂਰੀਵੱਸ ਹੀਨਭਾਵਨਾ ਅਤੇ ਪੰਜਾਬ ਸਰਕਾਰ ਵਲੋਂ ਮਾਂ ਬੋਲੀ ਤੋਂ ਬੇਮੁੱਖ ਹੋ ਕੇ ਅੰਗਰੇਜ਼ੀ ਭਾਸ਼ਾ ਨੂੰ ਮਾਨਤਾ ਦੇਣਾ ਵਰਗੇ ਅਹਿਮ ਮੁੱਦਿਆਂ ਨੂੰ ਇਸ ਫ਼ਿਲਮ ਵਿੱਚ ਛੋਹਿਆ ਹੈ। ਇਸ ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਨਾਮਵਰ ਲੇਖਕ ਨਰੇਸ਼ ਕਥੂਰੀਆਂ ਨੇ ਲਿਖਿਆ ਹੈ ਤੇ ਡਾਇਲਾਗ ਸੁਰਮੀਤ ਮਾਵੀ ਨੇ ਲਿਖੇ ਹਨ। ਫ਼ਿਲਮ ਦਾ ਨਿਰਦੇਸ਼ਨ ਸ਼ਿਤਿਜ ਚੌਧਰੀ ਨੇ ਦਿੱਤਾ ਹੈ। ਤਰਸੇਮ ਜੱਸੜ, ਨੀਰੂ ਬਾਜਵਾ, ਬੀ ਐਨ ਸ਼ਰਮਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਹ ਫ਼ਿਲਮ ਸਮਾਜਿਕ ਵਿਸ਼ੇ ਅਧਾਰਤ ਨਿਰੋਲ ਪਰਿਵਾਰਕ ਤੇ ਕਾਮੇਡੀ ਫ਼ਿਲਮ ਹੈ ਜਿਸ ਰਾਹੀਂ ਸਮਾਜ ਦੀ ਕੌੜੀਆਂ ਗੱਲਾਂ ਹਾਸੇ ਮਜ਼ਾਕ ’ਚ ਪੇਸ਼ ਕੀਤੀਆਂ ਗਈਆਂ ਹਨ।

-ਗੁਰਨੈਬ ਸਿੰਘ ਗੀਗਾਮਾਜਰਾ
gurnaibgigamajra88@gmail[com

# ਗੌਤਮ: ਮਹਾਤਮਾ ਬੁੱਧ ਕਿਵੇਂ ਬਣਿਆ?



ਪ੍ਰੋ. ਜਸਵੀਰ ਸਿੰਘ ਉਭੀ, ਅਜਨੋਹਾ
jassyu2000@yahoo.com

ਸਿਧਾਰਥ ਗੌਤਮ ਦਾ ਜਨਮ ਕਪਲਵਸਤੂ ਦੇ ਮਹਾਰਾਜਾ ਸੁਧੋਦਨ ਦੀ ਪਤਨੀ ਰਾਣੀ ਮਾਇਆ ਦੀ ਕੁੱਖੋਂ ਨਾਨਕੇ ਘਰ ਲੁੰਬਨੀ ਵਿਖੇ ਕੋਈ ਤਕਰੀਬਨ 2600 ਸਾਲ ਪਹਿਲਾਂ ਹੋਇਆ। ਅੱਜ ਲੁੰਬਨੀ ਨੇਪਾਲ ਦੇਸ਼ ਦਾ ਹਿੱਸਾ ਹੈ।ਮਾਤਾ ਦੀ ਮੌਤ ਹੋਣ ਕਾਰਨ ਸੁਧੋਦਨ ਦੀ ਦੂਜੀ ਰਾਣੀ ਜੋ ਗੌਤਮ ਦੀ ਮਾਸੀ ਸੀ, ਨੇ ਪਾਲਿਆ। ਪਿਤਾ ਦੀ ਉਮਰ ਬੁਢਾਪੇ ਵਾਲੇ ਪਾਸੇ ਤੁਰ ਰਹੀ ਸੀ। ਜੋਤਸ਼ੀਆਂ ਨੇ ਦੱਸਿਆ ਕਿ ਪੁੱਤਰ ਸਾਧੂ ਬਣ ਜਾਵੇਗਾ। ਰਾਜੇ ਸੁਧੋਦਨ ਨੂੰ ਰਾਜੇ ਪੁੱਤਰ ਦੀ ਜ਼ਰੂਰਤ ਸੀ ਨਾ ਕਿ ਸਾਧੂ ਪੁੱਤਰ ਦੀ। ਗੌਤਮ ਨੂੰ ਦੁਨੀਆਂ ਦੇ ਦੁੱਖਾਂ ਤੋਂ ਦੂਰ ਰੱਖਣਾ ਸ਼ੁਰੂ ਕਰ ਦਿੱਤਾ। ਗੌਤਮ ਬਚਪਨ ਤੋਂ ਹੀ ਦਇਆਵਾਨ ਦ੍ਰਿਸ਼ਟੀ ਦਾ ਮਾਲਕ ਸੀ।ਵੇਦਾਂ ਤੇ ਉਪਨਿਸ਼ਦਾਂ ਦੀ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਯੁੱਧ ਵਿੱਦਿਆ, ਕੁਸ਼ਤੀਆਂ, ਘੋੜ ਦੌੜ, ਤੀਰ ਅੰਦਾਜ਼ੀ ਦਾ ਮਾਹਿਰ ਵੀ ਬਣ ਗਿਆ। ਹਮਉਮਰੇ 'ਚੰਨਾ' ਨਾਂ ਦੇ ਰੱਥਵਾਨ ਨੌਕਰ ਨਾਲ ਦੋਸਤੀ ਹੋ ਗਈ।

ਜਿਵੇਂ ਜਿਵੇਂ ਉਮਰ ਵਧਦੀ ਗਈ, ਤਿਵੇਂ ਤਿਵੇਂ ਦੁਨੀਆਂ ਦੀ ਦੁੱਖਾਂ ਭਰੀ ਜ਼ਿੰਦਗੀ ਤੋਂ ਬੇਚੈਨਤਾ ਵਧਦੀ ਗਈ। ਪਿਤਾ ਨੇ 16 ਸਾਲਾਂ ਦੀ ਉਮਰ 'ਚ ਸ਼ਾਦੀ ਰਾਜਕੁਮਾਰੀ ਯਸ਼ੋਧਰਾ ਨਾਲ ਕਰ ਦਿੱਤੀ। ਪੁੱਤਰ ਰਾਹੁਲ ਨੇ ਜਨਮ ਲਿਆ। ਫਿਰ ਵੀ ਮਨ ਨੂੰ ਸੁਖ-ਸ਼ਾਂਤੀ ਪ੍ਰਾਪਤ ਨਾ ਹੋਈ। ਦੁਨਿਆਵੀ ਦੁੱਖਾਂ ਅਤੇ ਮਾਨਸਿਕ ਦੁੱਖਾਂ ਦੇ ਕਾਰਨਾਂ ਦੀ ਭਾਲ ਵਿਚ ਮਹਿਲਾਂ ਨੂੰ ਛੱਡ ਕੇ ਜੰਗਲਾਂ ਵੱਲ ਨਿਕਲ ਗਿਆ। ਸਾਧੂਆਂ ਅਤੇ ਆਮ ਜਨਤਾ ਦੀ ਸੰਗਤ ਕੀਤੀ। 7 ਸਾਲ ਸੱਚ ਦੀ ਤਲਾਸ਼ ਵਿਚ ਗੁਜ਼ਾਰੇ। ਆਖਿਰ ਇਕ ਦਿਨ, ਪਟਨਾ ਸਾਹਿਬ ਤੋਂ 135 ਕਿਲੋਮੀਟਰ ਦੂਰ, ਇਕ ਬੋਹੜ ਦੇ ਦਰੱਖਤ ਨੀਚੇ ਗਿਆਨ ਪ੍ਰਾਪਤ ਹੋਇਆ। ਅੱਜ ਤੋਂ ਸਿਧਾਰਥ 'ਬੁੱਧ ਅਤੇ ਮਹਾਤਮਾ ਬੁੱਧ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਬੁੱਧ ਸ਼ਬਦ ਸੰਸਕ੍ਰਿਤ ਭਾਸ਼ਾ 'ਚੋਂ ਹੈ, ਇਸ ਦੇ ਮਤਲਬ ਹਨ ਗਿਆਨ-ਸਿਆਣਪ!

ਅੱਜ ਇਸ ਜਗ੍ਹਾ ਮਹਾਰਾਜੇ ਅਸ਼ੋਕ ਦਾ ਬਣਵਾਇਆ ਹੋਇਆ 'ਮਹਾਂਬੋਧੀ ਮੰਦਰ' ਤੇ ਮਹਾਤਮਾ ਬੁੱਧ ਦੀ ਸੁਨਹਿਰੀ ਮੂਰਤੀ ਹੈ। 7ਵੀਂ ਸਦੀ ਵਿਚ ਇਸ ਮੰਦਰ ਤੇ ਮੂਰਤੀ ਦਾ ਪੁਨਰ ਨਿਰਮਾਣ ਬੰਗਾਲ ਦੇ ਪਾਲਾ ਵੰਸ਼ੀ ਰਾਜਿਆਂ ਨੇ ਕਰਵਾਇਆ ਪਹਿਲੀ ਵਾਰ ਬੁੱਧ ਬਾਰੇ ਮੈਂ ਆਪਣੇ ਪਿਤਾ ਜੀ ਡਰਾਇੰਗ ਮਾਸਟਰ ਅਰਜਨ ਸਿੰਘ ਜੀ ਤੋਂ ਸੁਣਿਆ ਸੀ। ਜਦੋਂ ਉਹ 'ਸਰ ਐਡਵਿਨ ਅਰਨੋਲਡ' ਦੀ 1879 ਵਿਚ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਕਿਤਾਬ 'ਏਸ਼ੀਆ ਦਾ ਚਾਨਣ' ਪੜ੍ਹ ਰਹੇ ਸਨ।

ਬੁੱਧ ਨੇ ਪਹਿਲੀ ਸਿੱਖਿਆ ਬਨਾਰਸ ਨੇੜੇ ਆ-ਬੀਪਾਤਨ ਵਿਖੇ 'ਹਿਰਨ ਪਾਰਕ' ਵਿਚ ਦਿੱਤੀ। ਸੰਸਕ੍ਰਿਤੀ ਦੀ ਬਜਾਏ ਸਰਲ ਪਾਲੀ ਬੋਲੀ ਨੂੰ ਆਪਣੀਆਂ ਸਿੱਖਿਆਵਾਂ ਦਾ ਮਾਧਿਅਮ ਚੁਣਿਆ।ਫਿਰ ਆਪਣੇ 5 ਮਿੱਤਰਾਂ ਨੂੰ ਚੇਲੇ (ਭਿਖਸ਼ੂ) ਬਣਾ ਕੇ ਪਾਲੀ ਬੋਲੀ 'ਚ ਪ੍ਰਚਾਰ ਕਰਨ ਵਾਸਤੇ ਭੇਜਿਆ।



**ਬੁੱਧ ਦੀਆਂ ਸਿੱਖਿਆਵਾਂ:**

1. ਜ਼ਿੰਦਗੀ ਮਾਨਸਿਕ ਦੁੱਖਾਂ, ਸਰੀਰਕ ਦੁੱਖਾਂ ਅਤੇ ਉਦਾਸੀਆਂ ਨਾਲ ਭਰੀ ਪਈ ਹੈ।
2. ਕਾਰਨ ਖਾਹਸ਼ਾਂ ਹਨ। ਅਮੀਰੀ, ਤਾਕਤ, ਲੰਬੀ ਜ਼ਿੰਦਗੀ ਦੀ ਲਾਲਸਾ ਜੋ ਕਿ ਅਸਲ ਵਿਚ ਬਨਾਉਟੀ ਸੁਪਨੇ ਹਨ।
3. ਖਾਹਸ਼ਾਂ ਤੇ ਕਾਬੂ ਪਾਉਣ ਨਾਲ ਦੁੱਖਾਂ ਤੋਂ ਮੁਕਤੀ ਮਿਲਦੀ ਹੈ।
4. ਖਾਹਸ਼ਾਂ ਨੂੰ ਕਾਬੂ ਕਰਨ ਵਾਸਤੇ 8 ਮਾਰਗਾਂ 'ਤੇ ਚੱਲਣਾ ਅਪਣਾਓ-ਸਮਝ, ਵਿਚਾਰ, ਬੋਲਚਾਲ, ਕਿਰਿਆ ਤੇ ਪ੍ਰਤੀਕਿਰਿਆਵਾਂ, ਰੋਜ਼ੀ-ਰੋਟੀ, ਕੋਸ਼ਿਸ਼ਾਂ, ਯਾਦਦਾਸ਼ਤ, ਇਕਾਗਰਤਾ ਦਾ ਸਹੀ ਤਰੀਕੇ ਨਾਲ ਪ੍ਰਯੋਗ ਕਰੋ।

**ਪੰਜ ਅਭਿਆਸ:** ਜੀਵ ਹੱਤਿਆ, ਚੋਰੀ, ਬਦਚਲਣੀ, ਝੂਠ ਤੇ ਨਸ਼ੀਲੇ ਪਦਾਰਥਾਂ ਤੋਂ ਗੁਰੇਜ਼।

**ਪੰਜ ਰੁਕਾਵਟਾਂ:** ਸ਼ੱਕ, ਕਾਮ, ਨਫ਼ਰਤ, ਚਿੰਤਾ, ਜ਼ਿੰਦਗੀ ਦੀ ਖੜੋਤ। ਉਪਰ ਵਾਲੇ ਨੁਕਤਿਆਂ ਦੀ ਪਾਲਣਾ ਕਰਨ ਵਾਸਤੇ ਗਿਆਨ, ਸਿੱਖਿਆਵਾਂ ਤੇ ਸੰਘ (ਸੰਗਤ) ਦੀ ਲੋੜ ਤੇ ਜ਼ੋਰ ਦਿੱਤਾ। ਇਹ ਤਿੰਨ ਬੁੱਧ ਧਰਮ ਦੇ 3 ਹੀਰੇ ਮੰਨੇ ਜਾਂਦੇ ਹਨ। ਬੋਧੀ ਭਿਖਸ਼ੂਆਂ ਪਾਸ ਕੋਈ ਵੀ ਨਿੱਜੀ ਜਾਇਦਾਦ ਨਹੀਂ ਹੁੰਦੀ, ਇਹ ਲੋਕਾਂ ਵਿਚ ਰਹਿ ਕੇ, ਮੰਗ ਕੇ ਖਾਂਦੇ ਹਨ ਅਤੇ ਗਿਆਨ ਦਾ ਪ੍ਰਚਾਰ ਕਰਦੇ ਹਨ। ਬੁੱਧ ਧਰਮ ਅੱਜ ਦੇ ਅਮੀਰ ਧਾਰਮਿਕ ਅਤੇ ਸਿਆਸੀ ਆਗੂਆਂ ਦੇ ਪਦਾਰਥਵਾਦੀ ਰਵੱਈਏ ਦਾ ਵਿਰੋਧੀ ਹੈ। ਮਨੂੰ ਦੇ ਬਣੇ ਹੋਏ 4 ਵਰਨਾਂ 'ਚ ਕਸ਼ੱਤਰੀ-ਵਰਨ ਵਿਚ ਜਨਮ ਲੈਣ ਦੇ ਬਾਵਜੂਦ, ਬ੍ਰਾਹਮਣਵਾਦ ਅਤੇ ਵਰਣ ਵੰਡ ਦਾ ਵਿਰੋਧੀ ਹੈ। ਰੱਬ ਦੀ ਹੋਂਦ ਦੀ ਪ੍ਰੋੜਤਾ ਘੱਟ ਕਰਦਾ ਹੈ। ਹਿੰਦੂ ਧਰਮ ਦੇ ਅਲੱਗ-ਅਲੱਗ ਰੱਬਾਂ ਅਤੇ ਬੁੱਧ ਪੂਜਾ ਦਾ ਵਿਰੋਧੀ ਹੈ। ਹਿੰਦੂ ਧਰਮ ਵਾਂਗ ਜਨਮਾਂ-ਕਰਮਾਂ ਅਤੇ ਰੂਹ ਦੀ ਹੋਂਦ ਨੂੰ ਮੰਨਦਾ ਹੈ।ਵਹਿਮਾਂ-ਭਰਮਾਂ ਤੇ ਕੇਵਲ ਬ੍ਰਾਹਮਣ ਪੁਜਾਰੀ ਹੀ ਪੂਜਾ ਕਰ ਸਕਦਾ ਹੈ, ਦਾ ਵਿਰੋਧੀ ਹੈ। ਗਿਆਨ ਤੇ ਨਿਰਵਾਣ ਪ੍ਰਾਪਤ ਕਰਨ ਵਾਸਤੇ ਪਾਠ ਪੂਜਾ ਦਾ ਹਾਮੀ ਹੈ।

**ਧਰਮ ਕੀ ਹੈ:** ਜੀਵਨ ਦੀ ਪਵਿੱਤਰਤਾ ਬਣਾਈ ਰੱਖਣਾ, ਤ੍ਰਿਸ਼ਨਾ ਨੂੰ ਤਿਆਗਣਾ ਤੇ ਜੀਵਨ ਨੂੰ ਪੂਰਨ ਮੁਕਤੀ (ਨਿਰਵਾਣ) ਵੱਲ ਲਾਉਣਾ।

ਰਾਜੇ ਅਸ਼ੋਕ ਨੇ 8 ਸਾਲ ਬੇਰਹਿਮੀ ਨਾਲ ਰਾਜ ਕੀਤਾ। ਬਹੁਤ ਸਾਰੇ ਹਿੰਦੁਸਤਾਨ ਤੇ ਕਾਬੂ ਪਾ ਲਿਆ। ਇਕ ਬੋਧੀ ਭਿਖਸ਼ੂ ਤੋਂ ਗਿਆਨ ਪ੍ਰਾਪਤ ਕਰਕੇ ਹਿੰਦੂ ਤੋਂ ਬੋਧੀ ਬਣ ਗਿਆ। ਆਪਣੇ ਪੁੱਤਰ ਮਹਿੰਦਰ ਨੂੰ ਭਿਖਸ਼ੂ ਬਣਾ ਕੇ ਸ਼੍ਰੀਲੰਕਾ ਭੇਜਿਆ ਅਤੇ ਹੋਰ ਅਣਗਿਣਤ ਭਿਖਸ਼ੂ ਅਲੱਗ-ਅਲੱਗ ਦੇਸ਼ਾਂ ਵਿਚ ਪ੍ਰਚਾਰ ਵਾਸਤੇ ਭੇਜੇ।ਤਕਰੀਬਨ ਸਾਰਾ ਹਿੰਦੁਸਤਾਨ, ਚੀਨ, ਬਰਮਾ, ਜਪਾਨ, ਵੀਅਤਨਾਮ, ਕੋਰੀਆ, ਅਫ਼ਗਾਨਿਸਤਾਨ, ਇੰਡੋਨੇਸ਼ੀਆ, ਫਿਲਪੀਨ, ਮੱਧ ਏਸ਼ੀਆ ਆਦਿ ਮੁਲਕ ਬੋਧੀ ਬਣ ਗਏ। ਯੂਨਾਨੀ 'ਅਲੈਗਜੈਂਡਰ ਦਾ ਗ੍ਰੇਟ' ਮੱਧ ਏਸ਼ੀਆ ਨੂੰ ਜਿੱਤ ਕੇ ਹਿੰਦੁਸਤਾਨ ਵੱਲ ਵਧਿਆ ਪਰ ਜਿੱਤ ਨਾ ਸਕਿਆ। ਇਸ ਕਰਕੇ ਬੋਧੀ ਕਲਾਕਾਰੀ ਉਤੇ ਗ੍ਰੀਕੀ ਝਲਕ ਮੌਜੂਦ ਹੈ। ਕੁਝ ਵਿਦਵਾਨਾਂ ਮੁਤਾਬਕ ਈਸਾ ਮਸੀਹ ਨੇ 3 ਸਾਲ ਉੱਤਰੀ ਹਿੰਦੁਸਤਾਨ ਵਿਚ ਗੁਜ਼ਾਰੇ। ਇੱਥੇ ਬੋਧੀ ਅਤੇ ਹਿੰਦੂ ਧਰਮ ਦਾ ਅਧਿਐਨ ਕੀਤਾ।

ਹਿੰਦੁਸਤਾਨ ਦੇ ਸੁਨਹਿਰੀ ਯੁੱਗ ਦੌਰਾਨ ਜਦੋਂ ਵੈਸ਼ ਵਰਨ ਨਾਲ ਸਬੰਧਤ ਗੁਪਤਾ ਖਾਨਦਾਨ ਦੇ ਰਾਜਿਆਂ ਨੇ ਹਿੰਦੁਸਤਾਨ ਦਾ ਰਾਜ ਪ੍ਰਬੰਧ ਸੰਭਾਲਿਆ ਤਾਂ ਬੁੱਧ ਧਰਮ ਦੀਆਂ ਜੜ੍ਹਾਂ ਹਿੰਦੁਸਤਾਨ 'ਚ ਕਮਜ਼ੋਰ ਹੋਣੀਆਂ ਆਰੰਭ ਹੋਈਆਂ।ਬਾਕੀ ਕਸਰ ਮੁਗਲ-ਇਸਲਾਮੀ, ਹਿੰਦੂ ਧਰਮ ਦੀ ਮੁੜ ਬਹਾਲੀ ਅਤੇ ਸੂਫੀ ਮੱਤ ਨੇ ਕੱਢ ਦਿੱਤੀ। ਅੱਜ ਬੋਧੀ ਹਿੰਦੁਸਤਾਨ ਦੀ ਕੁੱਲ ਆਬਾਦੀ ਦਾ 1 ਫੀਸਦੀ ਤੋਂ ਵੀ ਘੱਟ ਹੈ। ਪਰ ਦੁਨੀਆਂ ਦਾ ਚੌਥਾ ਵੱਡਾ ਧਰਮ ਹੈ, 490 ਮਿਲੀਅਨ ਦੇ ਕਰੀਬ।ਅਲੱਗ ਅਲੱਗ ਮੁਲਕਾਂ ਦੇ ਰੀਤੀ ਰਿਵਾਜ਼ਾਂ ਮੁਤਾਬਕ ਥੋੜ੍ਹਾ-ਥੋੜ੍ਹਾ ਫਰਕ ਹੈ। ਕਲਾਕਾਰੀ 'ਚ ਕਮਲ ਦੇ ਫੁੱਲ ਦਾ ਖਾਸ ਸਥਾਨ ਹੈ।

**ਬੁੱਧ ਪੂਰਨਿਮਾ:** ਬੁੱਧ ਦਾ ਜਨਮ ਅਤੇ ਪੂਰਨ ਨਿਰਵਾਣ- ਸਰੀਰਕ ਖਾਤਮਾ- ਦਾ ਖਾਸ ਸਥਾਨ ਹੈ। ਮੇਰੀ ਸਾਥਣ ਪ੍ਰੋਫੈਸਰ ਜੋ ਬਰਮਾ ਦੀ ਜੰਮਪਲ ਹੈ, ਮੁਤਾਬਕ ਬੁੱਧ ਦੇ ਪੁੱਤਰ ਰਾਹੁਲ ਨੇ ਵਿਰਾਸਤ ਮੰਗੀ ਤਾਂ ਮਹਾਤਮਾ ਬੁੱਧ ਨੇ ਆਪਣਾ ਚੋਲਾ ਲਾਹ ਕੇ ਪੁੱਤਰ ਦੇ ਗਲ਼ ਪਾ ਦਿੱਤਾ ਕਿ ਇਹ ਤੇਰੀ ਵਿਰਾਸਤ ਹੈ। 80 ਸਾਲਾਂ ਦੀ ਉਮਰ ਵਿਚ ਮਹਾਤਮਾ ਬੁੱਧ ਨਿਰਵਾਣ ਪ੍ਰਾਪਤ ਕਰ ਗਏ।

# ਹਿੰਦੁਸਤਾਨ ਨੂੰ ਬੇਗ਼ਮਪੁਰਾ ਸਥਾਨ ਬਣਾਉਣ ਦੀ ਜ਼ਰੂਰਤ



ਬੇਗ਼ਮਪੁਰਾ ਸ਼ਬਦ ਦੇ ਅਰਥ ਹਨ: ਗਮਾਂ ਅਤੇ ਦੁੱਖਾਂ ਤੋਂ ਰਹਿਤ। ਪੁਰ ਸ਼ਬਦ: ਜਗਾਮਾ, ਅਸਥਾਨ, ਪਿੰਡ, ਸ਼ਹਿਰ ਆਦਿ ਦਾ ਪ੍ਰਤੀਕ ਹੈ।

ਬੇਗਮਪੁਰਾ ਸਹਰ ਕੋ ਨਾਉਂ॥
ਦੂਖੁ ਅੰਦਹੁ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨਾ ਮਾਲ॥
ਖਉਫੁ ਨਾ ਖਤਾ ਨ ਤਰਸੁ ਜਵਾਲ॥
ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ –

ਇਹ ਸ਼ਬਦ ਗੁਰੂ ਰਵਿਦਾਸ ਜੀ ਦਾ ਉਚਾਰਿਆ ਹੋਇਆ ਹੈ। ਇਨਸਾਨੀ ਜੀਵਨ ਨਾਲ ਸਬੰਧਤ ਹੈ।ਅਗਰ ਹਰੇਕ ਵਿਅਕਤੀ ਆਪਣੇ ਅੰਦਰ ਬੇਗਮਪੁਰਾ ਬਣਾ ਲਵੇ ਤਾਂ ਸਾਰਾ ਸੰਸਾਰ ਬੇਗ਼ਮਪੁਰ ਬਣ ਜਾਵੇਗਾ। ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਤੇ ਨਿਉਟਿਆਂ ਨੂੰ ਓਟ ਮਿਲ ਜਾਵੇਗੀ।

The city of joytal is the name of city, suffering and sorrow are not there. Neither is there worry of paying taxes, nor does any one hold property. Neigher fear of punishment for error.

ਅਰਥ ਕੁਝ ਅਧਿਆਤਮਿਕਵਾਦ ਅਤੇ ਮਾਸਕਾਵਾਦ ਨਾਲ ਮੇਲ ਖਾਂਦੇ ਹਨ।

ਅੱਜ ਬੇਗ਼ਮਪੁਰਾ ਸ਼ਹਿਰ ਦੀ ਗੱਲ ਰਵਿਦਾਸ ਭਾਈਚਾਰੇ ਨਾਲ ਜੋੜ ਦਿੱਤੀ ਜਾਂਦੀ ਹੈ। ਇਸ ਨੂੰ ਸਮੁੱਚੀ ਇਨਸਾਨੀਅਤ ਦੀ ਪ੍ਰਤੀਨਿਧਕ ਬਣਾਉਣ ਦੀ ਲੋੜ ਹੈ। ਇਹ ਇਕ ਇਨਕਲਾਬੀ ਸੋਚ ਸੀ ਤੇ ਹੈ। ਅੱਜ ਤੋਂ 600 ਸਾਲ ਪਹਿਲਾਂ ਇਹੋ ਜਿਹੀਆਂ ਕਵਿਤਾਵਾਂ ਲਿਖਣਾ ਅਗਰ ਨਾਮੁਮਕਿਨ ਨਹੀਂ ਤਾਂ ਔਖਾ ਕੰਮ ਜ਼ਰੂਰ ਹੋਵੇਗਾ ਕਿਉਂਕਿ ਦੂਸਰਿਆਂ ਨੂੰ ਲਤਾੜ ਕੇ ਸਮਾਜ ਦੇ ਸਿਆਸੀ ਕਾਰੋਬਾਰ ਨੂੰ ਕਾਬੂ ਕਰਨ ਵਾਲੇ ਇਹੋ ਜਿਹੀਆਂ ਗੱਲਾਂ ਤੋਂ ਖੁਸ਼ ਨਹੀਂ ਹੋਣਗੇ।

ਗੁਰੂ ਰਵਿਦਾਸ ਜੀ ਦਾ ਜਨਮ ਤਕਰੀਬਨ 600 ਸਾਲ ਪਹਿਲਾਂ ਪਿੰਡ ਭਾਡੂਰ (ਜਾਂ ਮੰਡੂਰ), ਕਾਸ਼ੀ (ਉਤਰ ਪ੍ਰਦੇਸ਼) ਨਜ਼ਦੀਕ ਪਿਤਾ ਸੰਤੋਖਦਾਸ ਅਤੇ ਮਾਤਾ ਕੌਸ ਦੇਵੀ ਦੇ ਘਰ ਦਾ ਆਖਿਆ ਜਾਂਦਾ ਹੈ। ਅਨੁਮਾਨ ਮੁਤਾਬਕ ਜੀਵਨ ਕਾਲ 1450 ਤੋਂ 1520 ਈ. ਹੈ। ਭਗਤੀ ਲਹਿਰ ਜੋ 8ਵੀਂ ਸਦੀ 'ਚ ਤਾਮਿਲਨਾਡੂ ਦੱਖਣੀ ਭਾਰਤ ਤੋਂ ਸ਼ੁਰੂ ਹੋ ਕੇ ਸਾਰੇ ਹਿੰਦੁਸਤਾਨ ਵਿਚ ਫੈਲ ਗਈ। 17ਵੀਂ ਸਦੀ ਤੱਕ ਚੱਲੀ। ਇਹ ਇਕ ਧਾਰਮਿਕ, ਅਧਿਆਤਮਕ, ਬਰਾਬਰਤਾ ਦੀ ਲਹਿਰ ਸੀ। ਇਸ ਦੌਰਾਨ 14ਵੀਂ ਅਤੇ 16ਵੀਂ ਸਦੀ ਵਿਚ ਸੂਫੀ ਲਹਿਰ ਦਾ ਕਾਲ ਆਇਆ। ਜੋ ਸਮਾਜ ਸੁਧਾਰਕ ਸੀ। ਹੋਰ ਹਿੰਦੂ ਭਗਤਾਂ ਵਾਂਗ ਦਲਿਤ ਭਗਤ: ਸਤਿਕਾਮ, ਜਬਾਲੀ, ਸਦਨਾ, ਬੰਕਾ ਮਾਹਰ, ਧੰਨਾ ਅਤੇ ਹੋਰ ਬਹੁਤ ਭਗਤ ਪੈਦਾ ਹੋਏ।

ਭਗਤ ਸ਼ਬਦ ਦਾ ਮਤਲਬ ਵੰਡਣਾ, ਸੇਵਾ ਕਰਨੀ, ਸਿਮਰਨ ਕਰਨਾ। ਗੁਰੂ ਦਾ ਅਰਥ: ਅਧਿਆਪਕ, ਰਸਤਾ ਦਿ-ਖਾਉਣ ਵਾਲਾ। ਕਿਸੇ ਦਾ ਭਗਤ ਕਿਸੇ ਹੋਰ ਦਾ ਗੁਰੂ ਹੋ ਸਕਦਾ ਹੈ। ਰਵਿਦਾਸ ਜੀ ਸਿੱਖਾਂ ਅਤੇ ਹਿੰਦੂਆਂ ਵਾਸਤੇ ਭਗਤ ਹੈ ਅਤੇ ਰਵਿਦਾਸੀਆਂ ਵਾਸਤੇ ਗੁਰੂ। ਕੋਈ ਸ਼ੰਕੇ ਵਾਲੀ ਗੱਲ ਨਹੀਂ ਹੈ।

ਮਨੂੰ ਦੀ ਵਰਣ ਵੰਡ ਮੁਤਾਬਕ ਜੋ ਪਰਿਵਾਰ ਚਮੜੇ ਦਾ ਕੰਮ ਕਰਦਾ ਸੀ ਚਮਾਰ ਅਤੇ ਸ਼ੂਦਰ ਵਰਣ ਕਿਹਾ ਜਾਂਦਾ ਸੀ। ਹਰੇਕ ਵਰਣ ਵਿਚ ਅਨੇਕਾਂ ਜਾਤੀ ਵੰਡਾਂ ਮੌਜੂਦ ਹਨ। ਭੇਦਭਾਵ ਦਾ ਜ਼ੋਰ ਹੋਣ ਕਾਰਨ ਸ਼ੂਦਰਾਂ ਅਤੇ ਵੈਸ਼ਾਂ ਨੂੰ ਪੂਜਾ ਤੇ ਭਗਤੀ ਨਹੀਂ ਕਰਨ ਦਿੱਤੀ ਜਾਂਦੀ ਸੀ। ਇਹਨਾਂ ਨੂੰ ਅਗਿਆਨਤਾ ਵਿਚ ਜਕੜ ਕੇ ਰੱਖਿਆ ਹੋਇਆ ਸੀ। ਹਿੰਦੁਸਤਾਨ ਮੁਗਲਾਂ ਦੀ ਹਕੂਮਤ ਹੇਠ ਸੀ।

ਮੁਸਲਮਾਨ ਧਰਮ ਜੋ ਅਰਬਾਂ 'ਚ ਸ਼ੁਰੂ ਹੋਇਆ, ਜਾਤੀ ਵੰਡ ਦਾ ਪੈਰੋਕਾਰ ਨਹੀਂ ਹੈ ਪਰ ਹਿੰਦੁਸਤਾਨ, ਪਾਕਿਸਤਾਨ, ਬੰਗਲਾਦੇਸ਼ ਦੇ ਮੁਸਲਿਮ ਲੋਕਾਂ ਵਿਚ ਜਾਤੀ ਵੰਡ ਮੌਜੂਦ ਹੈ। ਲਾਲਚੀ, ਡਰਪੋਕ ਅਤੇ ਬ੍ਰਾਹਮਣੀ ਸੋਚ ਦੇ (ਸਮੁੱਚੇ ਬ੍ਰਾਹਮਣ ਨਹੀਂ) ਮਾਲਿਕ ਹਿੰਦੂ, ਮੁਗਲਾਂ ਨਾਲ ਰਲ ਕੇ ਨਿੱਜੀ ਲਾਭ ਉਠਾਉਂਦੇ ਸਨ। ਅਕਬਰ ਬਾਦਸ਼ਾਹ ਦਾ ਮੁੱਖ ਮੰਤਰੀ ਬੀਰਬਲ ਬ੍ਰਾਹਮਣ ਸੀ।

ਰਵਿਦਾਸ ਜੀ ਹੋਰ ਭਗਤਾਂ ਅਤੇ ਹਿੰਦੂ ਸਮਾਜ ਸੁਧਾਰਕਾਂ ਵਾਂਗ ਗਰੀਬਾਂ ਨੂੰ ਲਤਾੜ ਕੇ ਰੱਖਣ ਵਾਲੀ ਸਮਾਜਿਕ ਪ੍ਰਣਾਲੀ ਦਾ ਵਿਰੋਧ ਕਰਦੇ ਸਨ। ਜਾਤੀ ਦੀ ਬਜਾਏ ਕਰਮਾ (ਇਨਸਾਨੀਅਤ ਅਤੇ ਇਮਾਨਦਾਰੀ ਨਾਲ ਕੰਮ) ਦੀ ਪ੍ਰੋੜ੍ਹਤਾ ਕਰਦੇ ਸਨ। ਜਿੱਥੇ ਹਰੇਕ ਵਿਅਕਤੀ ਨੂੰ ਪੂਜਾ ਕਰਨ ਅਤੇ ਪੁਰਾਣੇ ਹਿੰਦੂ ਗ੍ਰੰਥ ਪੜ੍ਹਨ ਦਾ ਹੱਕ ਹੋਵੇ। ਆਪ ਦੇ 240 ਸ਼ਲੋਕਾਂ ਵਿਚੋਂ 41 ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਵੈਦਿਕ ਤਰੀਕ ਨਾਲ ਕਵਿਤਾਵਾਂ ਲਿਖਣ ਅਤੇ ਗਾਉਣ ਦੇ ਮਾਹਿਰ ਸਨ। ਜ਼ਿਆਦਾ ਸਮਾਂ ਉਤਰ ਪ੍ਰਦੇਸ਼ ਅਤੇ ਮਹਾਂਰਾਸ਼ਟਰ ਵਿਚ ਗੁਜ਼ਾਰਿਆ। ਭਗਤੀ ਲਹਿਰ ਨਾਲ ਜੁੜੀ ਹੋਈ 'ਮੀਰਾ ਬਾਈ' ਜੋ ਰਾਜਸਥਾਨ ਦੇ ਰਾਜੇ ਦੀ ਪੁੱਤਰੀ ਸੀ, ਆਪ ਦੀ ਪੈਰੋਕਾਰ ਸੀ।

ਬਾਅਦ ਵਿਚ ਮਿਥਿਹਾਸਕ ਕਹਾਣੀਆਂ ਜੋੜ ਦਿੱਤੀਆਂ ਗਈਆਂ। ਜਿਵੇਂ ਰਾਣੀ ਦੀ ਜੁੱਤੀ ਦੀ ਕਹਾਣੀ, ਪਹਿਰਾਵੇ ਦਾ ਪਾਣੀ ਚੂਸ ਕੇ ਧੋਬੀ ਦੀ ਲੜਕੀ ਨੂੰ ਗਿਆਨ, ਗੰਗਾ ਨਦੀ ਨੇ ਭੇਟ ਮੰਗੀ, ਗੁਰੂ ਨਾਨਕ ਦੇਵ ਜੀ ਨੇ ਭੋਜਨ ਛਕਾਇਆ ਆਦਿ। ਜਨਸੰਘੀ ਸੋਚ ਵਾਲੇ ਆਖਦੇ ਹਨ ਕਿ ਰਵਿਦਾਸ ਬ੍ਰਾਹਮਣ ਸੀ ਅਤੇ ਚਮੜੇ ਦਾ ਕੰਮ ਕਰਦੇ ਸਨ।

2500 ਸਾਲ ਪਹਿਲਾਂ ਮਹਾਤਮਾ ਬੁੱਧ ਤੇ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਪਿਛਾਂਹ ਖਿੱਚੂ ਵਰਣ ਵੰਡ ਪ੍ਰਣਾਲੀ ਦਾ ਵਿਰੋਧ ਕੀਤਾ। ਅੱਜ 21ਵੀਂ ਸਦੀ ਜੋ ਸਾਇੰਸ ਅਤੇ ਮਸ਼ੀਨੀ ਅਤੇ ਕੰਪਿਊਟਰ ਯੁੱਗ ਦੀ ਹੈ, ਭਾਰਤ ਗਣਤੰਤਰ ਤੇ ਆਜ਼ਾਦ ਦੇਸ਼ ਹੈ।

ਅੱਜ ਵੀ ਭਾਰਤ ਅਤੇ ਦੁਨੀਆਂ ਵਿਚ ਘੱਟ ਗਿਣਤੀਆਂ, ਅਨੁਸੂਚਿਤ ਜਾਤੀਆਂ, ਜਨ ਜਾਤੀਆਂ, ਆਦਿਵਾਸੀਆਂ, ਕਬੀਲਿਆਂ, ਘੱਟ ਗਿਣਤੀ ਧਰਮਾਂ ਦੇ ਲੋਕਾਂ ਨਾਲ ਅਥਾਹ ਅੱਨਿਆ ਤੇ ਭੇਦਭਾਵ ਹੋ ਰਿਹਾ ਹੈ। ਸਗੋਂ ਲੋੜ ਹੈ ਰਵਿਦਾਸ ਜੀ ਦੀ ਤੇ ਹੋਰਾਂ ਦੀ ਸਮਾਜ ਸੁਧਾਰਕ ਦੀ ਸੋਚ ਨੂੰ ਉਤਸ਼ਾਹ ਕਰਨ ਦੀ ਹੈ ਤਾਂ ਮਨੁੱਖਾਂ ਨੂੰ ਮਨੁੱਖੀ ਜੀਵਨ ਪ੍ਰਦਾਨ ਹੋ ਸਕੇ। **– ਪ੍ਰੋ. ਜਸਵੀਰ ਸਿੰਘ ਉਭੀ, ਅਜਨੋਹਾ**

# ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਂਵੀ, ਪਟਿਆਲਾ

**(ਸਫਾ 19 ਦੀ ਬਾਕੀ)**

ਕੀਤਾ ਕਿ ਜੋ ਪ੍ਰਾਣੀ ਇੱਥੇ ਬਸੰਤ ਪੰਚਵੀਂ ਨੂੰ ਇਸ਼ਨਾਨ ਕਰਨਗੇ, ਉਹਨਾਂ ਨੂੰ ਸਾਰੇ ਤੀਰਥਾਂ ਦਾ ਫਲ ਪ੍ਰਾਪਤ ਹੋਵੇਗਾ।

ਗੁਰੂ ਜੀ ਆਮਦ ਬਾਰੇ ਸੁਣ ਕੇ ਇੱਕ ਦੁਖਿਆਰੀ ਕਰਮਾ ਦੇਵੀ ਖਤਰਾਣੀ ਨੇ ਆ ਗੁਰੂ ਜੀ ਨਿਮਰਤਾ ਸਹਿਤ ਬੇਨਤੀ ਕੀਤੀ," ਮਹਾਰਾਜ, ਅਠਰਾਏ ਨਾਲ ਮੇਰੇ ਬੱਚੇ ਸ਼ਾਂਤ ਹੋ ਜਾਂਦੇ ਹਨ ਅਤੇ ਮੇਰੀ ਗੋਦ ਖਾਲੀ ਹੈ। ਮੇਰੇ ਤੇ ਮਿਹਰ ਦੀ ਨਜ਼ਰ ਕਰੋ।" ਗੁਰੂ ਜੀ ਨੇ ਹੁਕਮ ਕੀਤਾ ਕਿ ਇਸ ਅਸਥਾਨ ਤੇ ਇਸ਼ਨਾਨ ਕਰੋ, ਸਾਰੇ ਦੁੱਖ ਦੂਰ ਹੋ ਜਾਣਗੇ।ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਸੇਵਕਾਂ ਦੇ ਦੁੱਖ ਹਰਣ ਕੀਤੇ ਅਤੇ ਇਸ ਧਰਤੀ ਨੂੰ ਭਾਗ ਲਗਾ ਕੇ ਅਮਰ ਦਿੱਤਾ।ਗੁਰੂ ਸਾਹਿਬ 6ਮਾਘ ਸ਼ੁਕਲ ਪੰਚਮੀ 1728 ਬਿਕਰਮੀ ਸੰਮਤ ਨੂੰ ਇੱਥੋਂ ਅਗਲੇ ਪੜਾਅ ਲਈ ਚਲੇ ਗਏ। ਗੁਰੂ ਜੀ ਆਮਦ ਦੀ ਯਾਦ ਵਿੱਚ ਰਾਜਾ ਅਮਰ ਸਿੰਘ ਨੇ ਇੱਥੇ ਸੁੰਦਰ ਬਾਗ ਲਗਵਾਇਆ ਸੀ। ਸੰਨ 1930 ਵਿੱਚ ਮਹਾਰਾਜਾ ਭੁਪਿੰਦਰ ਸਿੰਘ ਨੇ ਇੱਥੇ ਗੁਰਦੁਆਰਾ ਸਾਹਿਬ ਬਣਵਾਇਆ ਸੀ। ਜਿਸ ਸਥਾਨ ਤੇ ਗੁਰੂ ਜੀ ਨੇ ਆਕੇ ਬਿਰਾਜਮਾਨ ਹੋਏ ਸਨ, ਉਸ ਅਸਥਾਨ ਤੇ ਗੁਰੂ ਜੀ ਦੀ ਯਾਦ ਚ ਸੁੰਦਰ ਅਤੇ ਅਲੌਕਿਕ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਬਣਿਆ ਹੋਇਆ ਹੈ ਅਤੇ ਨਾਲ ਹੀ ਸੀਤਲ ਜਲ ਨਾਲ ਭਰਪੂਰ ਪਵਿੱਤਰ ਸਰੋਵਰ ਬਣਿਆ ਹੋਇਆ ਹੈ, ਜਿਸ ਵਿੱਚ ਸੰਗਤਾਂ ਇਸ਼ਨਾਨ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਹਨ। ਇੱਥੇ ਗੁਰੂ




ਤੇਗ ਬਹਾਦਰ ਸਾਹਿਬ ਦੇ ਸ਼ੁਭ ਹੱਥ ਨਾਲ ਲਿਖਿਆ ਪਵਿੱਤਰ ਹੁਕਮਨਾਮਾ ਸਾਹਿਬ ਵੀ ਸ਼ੁਸ਼ੋਭਿਤ ਹੈ। ਗੁਰੂ ਜੀ ਆਪਾਰ ਕਿਰਪਾ ਨਾਲ ਛੱਪੜ ਪਵਿੱਤਰ ਸਰੋਵਰ ਵਿੱਚ ਬਦਲ ਗਿਆ। ਪਹਿਲਾਂ ਇੱਥੇ ਬੋਹੜ੍ਹ ਦੇ ਦਰੱਖਤ ਕੋਲ ਹਰ ਵੇਲੇ ਜੋਤ ਜਗਦੀ ਸੀ, ਪਰ ਹੁਣ ਬੋਹੜ ਦਾ ਦਰੱਖਤ ਕੱਟ ਕੇ ਹੁਣ ਜੋਤ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਸੁਭਾਇਮਾਨ ਹੈ। ਹੁਣ ਹਰ ਮਹੀਨੇ ਚਾਨਣੀ ਪੱਖ ਦੀ ਪੰਚਵੀਂ ਨੂੰ ਦੂਰ ਨੇੜਿਓਂ ਸੰਗਤਾਂ ਆਕੇ ਇੱਥੇ ਸੀਸ ਨਿਵਾਉਂਦੀਆਂ ਅਤੇ ਸਰੋਵਰ ਚ ਇਸ਼ਨਾਨ ਕਰਕੇ ਮਾਨਸਿਕ ਸਾਂਤੀ ਪ੍ਰਾਪਤ ਕਰਦੀਆਂ ਹਨ।

ਗੁਰੂ ਜੀ ਦੇ ਹੁਕਮ ਅਨੁਸਾਰ ਇੱਥੇ ਹਰ ਸਾਲ ਬਸੰਤ ਪੰਚਵੀਂ ਨੂੰ ਭਾਰੀ ਮੇਲਾ ਲੱਗਦਾ ਹੈ। ਇਸ ਦਿਨ ਢਾਡੀ ਵਾਰਾਂ ਦਾ ਇੱਕ ਮਹਾਨ ਕੁੰਭ ਵੀ ਹੁੰਦਾ ਹੈ। ਇੱਥੇ ਦੇਸ਼ ਵਿਦੇਸ਼ ਤੋਂ ਆਕੇ ਸੰਗਤਾਂ ਇੱਥੇ ਨਤਮਸਤਕ ਹੋਕੇ ਸਜਦਾ ਕਰਦੀਆਂ ਹਨ ਅਤੇ ਗੁਰੂ ਘਰ ਦੀ ਖੁਸ਼ੀ ਦੀ ਪ੍ਰਾਪਤੀ ਲਈ ਆਸ਼ੀਰਵਾਦ ਲੈਂਦੀਆਂ ਹਨ। ਇੱਥੇ ਹਰ ਵੇਲੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ।

ਇਹ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਹੈ। ਸਿੱਖ ਅਜਾਇਬ ਘਰ ਵਿੱਚ ਸਿੱਖ ਧਰਮ ਅਤੇ ਮਾਣਮੱਤੇ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਹਨ। ਸੰਗਤਾਂ ਦੇ ਰਾਤ ਠਹਿਰਨ ਲਈ ਸਰਾਂ ਅਤੇ ਕਮਰਿਆਂ ਦਾ ਵਿਸ਼ਾਲ ਪ੍ਰਬੰਧ ਹੈ।

ਸੁਰਿੰਦਰ ਸੋਹਲ ਦਾ ਜਨਮ ਪਿੰਡ ਸੰਗਲ ਸੋਹਲ, ਜ਼ਿਲ੍ਹਾ ਜਲੰਧਰ 'ਚ ਸ਼ ਜਗੀਰ ਸਿੰਘ ਤੇ ਬੀਬੀ ਪ੍ਰੀਤਮ ਕੌਰ ਦੇ ਘਰ 1966 ਨੂੰ ਹੋਇਆ। ਉਸ ਨੇ ਮੁਢਲੀ ਵਿਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹਾਸਿਲ ਕੀਤੀ। ਦਸਵੀਂ ਗੌਰਮਿੰਟ ਹਾਈ ਸਕੂਲ ਮੰਡ ਤੋਂ। ਪ੍ਰੈੱਪ ਤੇ ਬੀ. ਏ. (ਭਾਗ ਪਹਿਲਾ) ਡੀ. ਏ. ਵੀ. ਕਾਲਜ ਜਲੰਧਰ ਤੋਂ ਕੀਤੀ। ਬੀ. ਏ. (ਭਾਗ ਦੂਜਾ) ਪ੍ਰਾਈਵੇਟ ਪਾਸ ਕਰ ਕੇ ਬੀ. ਏ. (ਫ਼ਾਈਨਲ) ਕਰਨ ਵਾਸਤੇ ਖ਼ਾਲਸਾ ਕਾਲਜ ਜਲੰਧਰ 'ਚ ਦਾਖ਼ਲਾ ਲੈ ਲਿਆ। ਐਮ. ਏ. (ਪੰਜਾਬੀ) ਡੀ. ਏ. ਵੀ. ਕਾਲਜ ਜਲੰਧਰ ਤੋਂ ਕਰਨ ਉਪਰੰਤ ਐਮ. ਫ਼ਿਲ ਦੀ ਡਿਗਰੀ ਰਿਜਨਲ ਸੈਂਟਰ ਜਲੰਧਰ ਤੋਂ ਪ੍ਰਾਪਤ ਕੀਤੀ। ਅਕਾਲੀ ਪਤ੍ਰਿਕਾ, ਜੱਗਬਾਣੀ ਵਿਚ ਕੁਝ ਦੇਰ ਨੌਕਰੀ ਕਰਨ ਤੋਂ ਬਾਦ ਜਨਤਾ ਕਾਲਜ ਕਰਤਾਰਪੁਰ ਤੇ ਡੀ. ਏ. ਵੀ. ਕਾਲਜ ਜਲੰਧਰ ਵਿਚ ਲੈਕਚਰਾਰ ਵਜੋਂ ਸੇਵਾ ਨਿਭਾਈ। 1997 ਤੋਂ ਨਿਊਯਾਰਕ ਵਿਚ ਵਸਦਾ ਸੁਰਿੰਦਰ ਸੋਹਲ ਲਗਾਤਾਰ ਸਾਹਿਤ-ਅਧਿਐਨ ਤੇ ਸਾਹਿਤ-ਸਿਰਜਣਾ ਨਾ.ਲ ਜੁੜਿਆ ਹੋਇਆ ਹੈ। ਉਸਦੀ ਕਹਾਣੀ 'ਸੂਰਜ ਵੱਲ ਦੇਖਦਾ ਆਦਮੀ' 'ਤੇ ਪੀਟੀਸੀ ਪੰਜਾਬੀ ਵਲੋਂ ਹਰਜੀਤ ਸਿੰਘ ਦੀ ਨਿਰਦੇਸ਼ਨਾ 'ਚ ਟੈਲੀ-ਫ਼ਿਲਮ 'ਹਾਸਿਲ' (2018) ਵੀ ਬਣ ਚੁੱਕੀ ਹੈ।



**ਸੁਰਿੰਦਰ ਸੋਹਲ ਦੀਆਂ ਰਚਨਾਵਾਂ**

**ਮੌਲਿਕ:**

ਖੰਡਰ, ਖ਼ਾਮੋਸ਼ੀ ਤੇ ਰਾਤ (ਗ਼ਜ਼ਲ-ਸੰਗ੍ਰਹਿ 2002, 2012)
ਕਿਤਾਬ ਆਸਮਾਨ ਦੀ (ਗ਼ਜ਼ਲ-ਸੰਗ੍ਰਹਿ 2015, 2016)
ਚਿਹਰੇ ਦੀ ਤਲਾਸ਼ (ਕਾਵਿ-ਸੰਗ੍ਰਹਿ-2006)
ਇਬਾਰਤ ਚੁੱਪ ਕਿਉਂ ਹੈ? (ਕਾਵਿ-ਸੰਗ੍ਰਹਿ-ਛਪਾਈ ਅਧੀਨ)
ਟੁਕੜਾ ਟੁਕੜਾ ਵਰਤਮਾਨ (ਹਿੰਦੀ ਵਿਚ ਕਾਵਿ ਸੰਗ੍ਰਹਿ-2007)
ਸ਼ੀਸ਼ੇ 'ਤੇ ਖਿੜਦੇ ਫੁੱਲ (ਚੋਣਵੀਆਂ ਗ਼ਜ਼ਲਾਂ ਸ਼ਾਹਮੁਖੀ ਵਿਚ -2013)
ਚਿਤੁ ਲੇਖਾਰੀ (ਮੇਲ-ਮਿਲਾਪ-2015)
ਸਿੰਘਾਸਣ (ਨਾਵਲ- ਛਪਾਈ ਅਧੀਨ)
ਬਹਾਦਰ ਬਾਂਦਰ ਦੇ ਕਾਰਨਾਮੇ (ਬਾਲ ਨਾਵਲੈੱਟ)
ਜਾਸੂਸ ਲੂੰਬੜੀ (ਜਾਸੂਸੀ ਬਾਲ ਕਹਾਣੀਆਂ)
ਖ਼ਜ਼ਾਨੇ ਦਾ ਭੇਤ (ਬਾਲ ਨਾਵਲੈੱਟ -ਛਪਾਈ ਅਧੀਨ))
ਸੁਨਹਿਰੀ ਮਹਿਲ ਦਾ ਰਹੱਸ (ਬਾਲ ਨਾਵਲੈੱਟ -ਛਪਾਈ ਅਧੀਨ))

**ਅਨੁਵਾਦ ਤੇ ਲਿਪੀਅੰਤਰ:**

ਤਿੰਨ ਚਿਹਰਿਆਂ ਵਾ.ਲਾ ਰੱਕਾਸ (ਉਰਦੂ ਤੋਂ ਅਨੁਵਾਦ ਕਵਿਤਾ-2001)
ਸ਼ਬਰੀ (ਇਫ਼ਤਿਖ਼ਾਰ ਨਸੀਮ ਦੀਆਂ ਉਰਦੂ ਕਹਾਣੀਆਂ ਦਾ ਅਨੁਵਾਦ-2005)
ਰੇਤ ਕਾ ਆਦਮੀ (ਉਰਦੂ ਗ਼ਜ਼ਲਾਂ ਦਾ ਗੁਰਮੁਖੀ 'ਚ ਲਿਪੀਅੰਤਰ-2007)
ਧੂਪ ਛਾਓਂ (ਮਨਮੋਹਨ ਆਲਮ ਦੀਆਂ ਉਰਦੂ ਗ਼ਜ਼ਲਾਂ ਦਾ ਗੁਰਮੁਖੀ 'ਚ ਲਿਪੀਅੰਤਰ-2009)
ਤਸਲਸੁਲ ਜ਼ਾਤ ਕਾ (ਵਾਸਿਫ਼ ਹੁਸੈਨ ਵਾਸਿਫ਼ ਦੀਆਂ ਉਰਦੂ ਗ਼ਜ਼ਲਾਂ ਦਾ ਗੁਰਮੁਖੀ 'ਚ ਲਿਪੀਅੰਤਰ-2014)
ਜ਼ਮੀਨ ਚਲਨੇ ਲਗੀ (ਸ਼ਕੇਬ ਜਲਾਲੀ ਦੀ ਚੋਣਵੀਂ ਉਰਦੂ ਸ਼ਾਇਰੀ -2016)
ਬਾਤ ਕਰ ਕੇ ਦੇਖਤੇ ਹੈਂ (ਅਹਿਮਦ ਫ਼ਰਾਜ਼ ਦੀ ਚੋਣਵੀਂ ਸ਼ਾਇਰੀ- 2017)
ਚਰਾਗ਼ੋਂ ਕਾ ਕਾਰਵਾਂ (ਮਨਮੋਹਨ ਆਲਮ ਦੀਆਂ ਉਰਦੂ ਗ਼ਜ਼ਲਾਂ ਤੇ ਕਵਿਤਾਵਾਂ ਦਾ ਗੁਰਮੁਖੀ 'ਚ ਲਿਪੀਅੰਤਰ- 2019)
ਮੁਮਤਾਜ਼ ਹੁਸੈਨ ਦੀਆਂ ਚੋਣਵੀਆਂ ਕਹਾਣੀਆਂ (ਉਰਦੂ ਕਹਾਣੀਆਂ ਦਾ ਪੰਜਾਬੀ ਅਨੁਵਾਦ- 2019)

**ਸੰਪਾਦਨਾ:**

ਗਰੀਨ ਕਾਰਡ (ਸਵ: ਗੁਰਜੀਤ ਕੌਰ ਬੈਦਵਾਨ ਦੀਆਂ ਕਹਾਣੀਆਂ-2008)
ਅਮਰੀਕਾ ਦੀ ਚੋਣਵੀਂ ਪੰਜਾਬੀ ਗ਼ਜ਼ਲ (2013)
ਪਰਵਾਸ ਤੋਂ ਆਵਾਸ ਵੱਲ (ਉਤਰੀ ਅਮਰੀਕੀ ਪੰਜਾਬੀ ਕਹਾਣੀ) (ਸਹਿ-ਸੰਪਾਦਕ-2013)
ਜਾਗਦੇ ਪਲ (ਰਣਧੀਰ ਸਿੰਘ ਨਿਊਯਾਰਕ ਦੀ ਆਖ਼ਰੀ ਕਿਤਾਬ-2014)
ਦਿਸਹੱਦਿਆਂ ਦੇ ਆਰ-ਪਾਰ (ਪਰਵਾਸੀ ਪੰਜਾਬੀ ਕਹਾਣੀ) (ਸਹਿ-ਸੰਪਾਦਕ-2016)
ਜਿਊਣਾ: ਦਲਜੀਤ ਮੋਖਾ: ਕਾਵਿ ਤੇ ਸ਼ਖ਼ਸੀਅਤ (ਸਹਿ-ਸੰਪਾਦਕ-2017)

**ਸੁਰਿੰਦਰ ਸੋਹਲ ਬਾਰੇ:**

ਅਸਤਿਤਵੀ ਸੰਕਟ ਦੇ ਪਰਿਪੇਖ ਵਿਚ ਸੋਹਲ-ਕਾਵਿ (ਸਰਬਜੀਤ ਸਿੰਘ -2016)
ਸੁਰਿੰਦਰ ਸੋਹਲ ਦੀ ਸਾਹਿਤ ਸਿਰਜਣਾ: ਵਿਭਿੰਨ ਪਾਸਾਰ (ਸੰਪਾ. ਡਾ. ਦਵਿੰਦਰ ਮੰਡ-2018)

**ਮਾਣ-ਸਨਮਾਨ**

ਦਵਿੰਦਰ ਜੋਸ਼ ਗ਼ਜ਼ਲ-ਐਵਾਰਡ
ਕੰਵਰ ਚੌਹਾਨ ਗ਼ਜ਼ਲ-ਪੁਰਸਕਾਰ

# ਸਮਾਜ-ਸਭਿਆਚਾਰ ਦਾ ਬਹੁ-ਪਰਤੀ ਵਿਸ਼ਲੇਸ਼ਣ



ਡਾ.ਮੱਖਣ ਸਿੰਘ
991 436 6303

ਮੇਰੇ ਕੋ.ਲ ਸਮੇਂ ਦੀ ਘਾਟ ਕਾਰਨ ਬਹੁਤ ਹੀ ਮਿਆਰੀ, ਸੋਹਣੇ-ਸੋਹਣੇ ਸ਼ਬਦਾਂ ਨਾ.ਲ ਸੰਜੋਈ, ਜ਼ਿੰਦਗੀ ਦੇ ਯਥਾਰਥ ਨੂੰ ਬਹੁ-ਅਰਥਾਂ ਵਿਚ ਸਿਰਜਦੀ, ਮਨੁੱਖ ਦੀ 'ਹਉ" ਤੇ 'ਪਰ' ਨੂੰ ਸੁੰਦਰ ਕਾਵਿ-ਸ਼ੈਲੀ ਵਿਚ ਬਿਆਨ ਕਰਦੀ, ਅਨੰਦ ਤੇ ਖੇੜਾ ਪੈਦਾ ਕਰਦੀ, ਪਾਠਕ ਨੂੰ ਸੋਚਣ ਮਜਬੂਰ ਕਰਦੀ ਬਲਬੀਰ ਸਿੰਘ ਡੁਮੇਲੀ ਰਚਿਤ ਦੋਹਿਆਂ ਦੀ ਪੁਸਤਕ 'ਮੈਂ ਮਿੱਟੀ ਦਾ ਰੂਪ' ਬਾਰੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਰਾਏ ਦੇਣ ਦੀ ਮਜਬੂਰੀ ਲਈ ਮੈਨੂੰ ਮਲਾਲ ਰਹੇਗਾ।

ਦੋਹੇ ਆਦਿ ਕਾਲ ਤੋਂ ਸਾਹਿਤ ਦਾ ਅੰਗ ਰਹੇ ਹਨ। ਇਸ ਦਾ ਸਭ ਤੋਂ ਪਹਿਲਾ ਪ੍ਰਯੋਗ ਕਾਲੀਦਾਸ ਦੀ ਰਚਨਾ 'ਵਿਕ੍ਰਮੋਰਵਸ਼ੀ' ਵਿਚ ਹੋਇਆ ਮਿਲਦਾ ਹੈ। ਹੁਣ ਵੀ ਭਾਰਤ ਦੀਆਂ ਕਈ ਭਾਸ਼ਾਵਾਂ ਵਿਚ ਇਹ ਵਿਧਾ ਵਰਤੀ ਜਾ ਰਹੀ ਹੈ। ਬਲਬੀਰ ਸਿੰਘ ਡੁਮੇਲੀ ਨੇ ਵੀ 'ਦੋਹਾ' ਵਿਧਾ ਬਹੁਤ ਹੀ ਕਲਾਸਕੀ ਅਤੇ ਕਲਾਮਈ ਢੰਗ ਨਾ.ਲ ਇਸ ਪੁਸਤਕ ਵਿਚ ਪੇਸ਼ ਕੀਤੀ ਹੈ। ਸ਼ਬਦ ਦੀ ਤਾਕਤ ਨੂੰ ਇਹਨਾਂ ਦੋਹਿਆਂ ਵਿਚ ਬਹੁਤ ਵਡਿਆਇਆ ਗਿਆ ਹੈ। ਸ਼ਬਦਾਂ ਰਾਹੀਂ ਕੁਲ ਆਲਮ ਵਿਚ ਵਰਤ ਰਹੇ ਮੋਹ ਦੀ ਗੱਲ ਕੀਤੀ ਗਈ ਹੈ। ਇਹ ਗਿਆਨ ਦਾ ਵੀ ਮਸੀਹਾ ਹਨ। ਕਵੀ ਅਨੁਸਾਰ ਸ਼ਬਦ ਸਾਡੀ ਵਿਰਾਸਤ ਹਨ। ਸ਼ਬਦ ਹੀ ਤਬਦੀਲੀ ਦਾ ਹਰਾਵਲ ਦਸਤਾ ਹਨ। ਸ਼ਬਦਾਂ ਦੀ ਸ਼ਕਤੀ ਹਨੇਰੀਆਂ ਰਾਤਾਂ ਵਿਚ ਚਾਨਣ ਦੀ ਕੰਨਸੋਅ ਦਿੰਦੀ ਹੈ। ਜਦੋਂ ਸ਼ਬਦਾਂ ਪਿੱਛੇ ਲੁਕੇ ਅਰਥਾਂ ਦੀ ਅਭਿਧਾ, ਲੱਛਣਾ ਅਤੇ ਵਿਅੰਜਨਾ ਸ਼ਬਦ ਸ਼ਕਤੀਆਂ ਰਾਹੀਆਂ ਸਮਝ ਆ ਜਾਂਦੀ ਹੈ ਉਦੋਂ ਡੁਮੇਲੀ ਨੂੰ ਭਾਸਦਾ ਹੈ ਕਿ ਉਥੇ ਗ਼ੁਲਾਮੀ ਦੀ ਦਹਿਸ਼ਤ ਨਾ.ਲ ਕੋਈ ਡਰਦਾ ਥੋੜ੍ਹੋਂ ਹੈ-

ਅੱਖਰ ਦੇਂਦੇ ਰੌਸ਼ਨੀ ਅੱਖਰ ਦੇਂਦੇ ਬੋਲ।
ਦੂਜੇ ਦੇ ਮੁਹਤਾਜ ਨਾ ਅੱਖਰ ਜਿਹਨਾਂ ਕੋਲ। (ਪੰਨਾ 55)

ਜਦੋਂ ਸ਼ਬਦਾਂ ਦੀ ਲੋਅ ਅੰਦਰ ਬ.ਲਦੀ ਤਦੇ ਹੀ 'ਹਉ" ਮੁੱਕਦੀ ਹੈ। ਜਦੋਂ ਇਹ ਮੁੱਕਦੀ ਹੈ ਤਾਂ ਬੰਦਾ 'ਨਿੱਜ' ਤੋਂ 'ਪਰ' ਵੱਲ ਪੁਲਾਂਘ ਪੁੱਟਦਾ ਹੈ। ਉਹਦੇ ਪੈਰ ਅਗਾਂਹ ਪੈਂਡਾ ਗਾਹੁੰਦੇ ਵੀ ਥੱਕਦੇ ਨਹੀਂ। ਉਸਨੂੰ ਦੁਨੀਆ ਛੋਟੀ ਜਿਹੀ ਨਜ਼ਰ ਆਉਣ ਲੱਗ ਪੈਂਦੀ ਹੈ। ਦੁਨੀਆ ਵਿਚ ਰਹਿਣ ਵਾ.ਲਾ ਹਰ ਕੋਈ ਉਸਨੂੰ ਆਪਣਾ ਦਿਸਦਾ ਹੈ। ਉਹ ਚਾਹੁੰਦਾ ਹੈ ਕਿ ਉਹ ਸੰਸਾਰ ਦੇ ਦੁੱਖਾਂ ਨੂੰ ਆਪਣੇ ਪਿੰਡੇ 'ਤੇ ਹੀ ਹੰਢਾਵੇ ਤੇ ਦੁਨੀਆ ਦੀਆਂ ਸਭ ਔਕੜਾਂ-ਦੁਸ਼ਵਾਰੀਆਂ ਖ਼ਤਮ ਹੋ ਜਾਣ। ਉਹ ਫਿਰ ਕਵੀ ਦੇ ਕਹੇ ਅਨੁਸਾਰ ਨਿਆਰਾ ਤੇ ਵਿਲੱਖਣ ਹੋ ਜਾਂਦਾ ਹੈ-

ਜੇ ਤੂੰ ਚਾਹੁੰਨਾ ਵੱਖਰੀ ਹੋਵੇ ਤੇਰੀ ਦਿੱਖ।
ਲਾਟਾਂ ਦੇ ਵਿਚ ਬੈਠ ਕੇ ਛਾਵਾਂ ਵਰਗਾ ਲਿੱਖ। (ਪੰਨਾ 89)

ਛਾਂ ਬਣਨਾ ਆਸਾਨ ਨਹੀਂ। ਇਹਦੇ ਲਈ ਰੁੱਖਾਂ ਦੀ ਜੂਨ ਹੰਢਾਉਣੀ ਪੈਂਦੀ ਹੈ। ਰੁੱਖਾਂ ਦੀ ਜੂਨੇ ਪੈਣ ਲਈ ਕੱਲਰਾਂ ਵਿਚ ਫੁੱਲ ਉਗਾਉਣੇ ਪੈਂਦੇ ਹਨ। ਉਹ ਫੁੱਲ ਸਦਾ-ਬਹਾਰੀ ਹੁੰਦੇ ਹਨ। ਪਰ ਅਫ਼ਸੋਸ! ਜਿਹਨਾਂ ਨੂੰ ਫੁੱਲ ਦਿਸਦੀ ਹੀ ਨਹੀਂ, ਜਿਹੜੇ ਸਿਰਫ਼ ਕੰਡੇ ਹੀ ਦੇਖਦੇ ਨੇ, ਉਹਨਾਂ ਨੂੰ ਫਿਰ ਖ਼ਾਰ ਹੀ ਚੁੱਭਣੇ ਨੇ। ਜੋ ਸੂਲਾਂ ਵੰਡਦੇ ਨੇ ਉਹ ਅੰਦਰੋਂ ਤੇ ਬਾਹਰੋਂ ਹੋਰ ਹੁੰਦੇ ਨੇ। ਕਾਵਿ-ਵਕਤਾ ਨੂੰ ਉਹਨਾਂ ਦੀ ਨੀਅਤ ਵਿਚ ਖੋਟ ਦਿਸਦੀ ਹੈ। ਉਹ ਆਦਮੀ ਦੀ 'ਆਦਮੀਅਤਾ' ਦੀ ਪਰਿਭਾਸ਼ਾ 'ਤੇ ਖਰੇ ਨਹੀਂ ਉਤਰਦੇ-

ਘੁੱਟ-ਘੁੱਟ ਪਾਵੇ ਜੱਫੀਆਂ ਮਾਰੇ ਤਿਰਛੇ ਤੀਰ।
ਹਰ ਥਾਂ ਠਿੱਬੀ ਲਾ ਰਿਹਾ, ਉਂਝ ਕਹਿੰਦਾ ਹੈ ਵੀਰ। (ਪੰਨਾ 83)

ਜਦੋਂ ਮਨੁੱਖ ਦਾ ਮਨੁੱਖ ਵਾਲਾ ਕਿਰਦਾਰ ਹੀ ਨਾ ਰਹੇ, ਓਥੇ ਥੋਹਰਾਂ ਦਾ ਜੰਗਲ ਉਗਦਾ ਹੈ। ਜਾਂਗਲੀ ਸੋਚ ਪਨਪਦੀ ਹੈ। ਸਭ ਕੁਝ ਭ੍ਰਿਸ਼ਟ ਹੋ ਜਾਂਦਾ ਹੈ। ਹਰ ਕੋਈ ਆਪਣੇ ਫ਼ਰਜ਼ ਭੁੱਲ ਜਾਂਦਾ ਹੈ। ਦੂਸਰਿਆਂ ਦੇ ਅਧਿਕਾਰ ਖੋਂਹਦਾ ਹੈ। ਆਪਣੀ ਹੈਂਕੜ ਠੋਸਦਾ ਹੈ। ਉਸ ਸਮੇਂ ਲੋਕਾਈ ਦੇ ਰਹਿਬਰਾਂ ਨੂੰ ਜਨਤਾ ਵਿਸਰ ਜਾਂਦੀ ਹੈ। ਗ਼ਰੀਬੀ ਨਾਲ ਗ੍ਰੱਸਿਆ ਵਿਅਕਤੀ ਕੋਈ ਆਸਰਾ ਭਾਲਦਾ ਹੈ। ਗੱਲ ਰੋਟੀ ਦੀ ਚੱਲਦੀ ਹੈ ਪਰ ਉਹਦੀ ਫਰਿਆਦ ਸੁਣਦਾ ਕੌਣ ਹੈ? ਕਵੀ ਦਾ ਦੋਹਾ ਕੂਕਦਾ ਹੈ-




ਜਿਸ ਕਿਸ਼ਤੀ ਵਿਚ ਬਹਿ ਗਿਉਂ ਉਸ ਦੇ ਮਾਝੀ ਚੋਰ।
ਦੱਸ ਹੁਣ ਗੋਤੇ ਖਾਣ ਬਿਨ ਚਾਰਾ ਕੀ ਏ ਹੋਰ? (ਪੰਨਾ 38)

ਹੁੰਦਾ ਕੀ ਹੈ? ਆਦਮੀ ਡਿੱਕੇ-ਡੋਲੇ ਖਾਂਦਾ ਰੱਬ ਦੇ ਘਰ ਵੱਲ ਮੁੜਦਾ ਹੈ। ਉਥੇ ਵੀ ਧਰਮਾਤਮਾ ਬਣੇ ਲੋਕ ਉਸ ਦਾ ਨਜਾਇਜ਼ ਫਾਇਦਾ ਉਠਾਉਂਦੇ ਹਨ। ਉਸਨੂੰ ਅੱਖਰਾਂ ਦੀ ਸਮਝ ਨਾ ਹੋਣ ਕਰਕੇ ਉਹ ਮੱਥੇ ਰਗੜਦਾ ਹੈ, ਨੱਕ ਘਸਾਉਂਦਾ ਹੈ। ਉਹ ਚੌਂਕੀਆਂ ਵੀ ਭਰਦਾ ਹੈ। ਮੱਸਿਆ, ਪੁੰਨਿਆ ਅਤੇ ਸੰਗਰਾਂਦ 'ਤੇ ਆਪਣੀ ਦਸਾਂ ਨਹੁੰਆਂ ਦੀ ਕਿਰਤ 'ਚੋਂ ਕੁਝ ਨਾ ਕੁਝ ਭੇਟ ਵੀ ਕਰਦਾ ਹੈ। ਉਸਨੂੰ ਮਹਿਸੂਸ ਹੋ ਰਿਹਾ ਹੁੰਦਾ ਹੈ ਕਿ ਉਸਦੀ ਸੁਣੀ ਗਈ ਹੈ। ਉਸਦਾ ਪਾਰ-ਉਤਾਰਾ ਹੋਣ ਵਾਲਾ ਹੈ ਪਰ ਵਾਪਰ ਕੁਝ ਹੋਰ ਰਿਹਾ ਹੈ। ਬੰਦਾ ਫੈਲ ਰਹੇ ਬਾਬਾ ਵਾਦ ਦਾ ਸ਼ਿਕਾਰ ਹੋ ਜਾਂਦਾ ਹੈ। ਕਵੀ ਅਸਲੀ ਬਾਬੇ ਨੂੰ ਪਛਾਣਨ ਅਤੇ 'ਮਾਡਰਨ' ਬਹਿਰੂਪੀ ਬਾਬਿਆਂ ਦੇ ਪੰਜਿਆਂ ਤੋਂ ਬਚਣ ਲਈ ਪੁਕਾਰ ਕਰਦਾ ਹੈ-

ਸੁੰਦਰ ਚੋਲੇ ਪਹਿਨ ਕੇ ਕਰਦੇ ਨੇ ਪਰਚਾਰ।
ਜੀਕਣ ਬਗਲੇ ਝੀਲ 'ਤੇ ਕਰਦੇ ਫਿਰਨ ਸ਼ਿਕਾਰ। (ਪੰਨਾ 43)

ਕਾਵਿ-ਵਕਤਾ ਕੁਰਾਹੇ ਪਿਆਂ ਨੂੰ ਜਗਾਉਂਦਾ ਹੀ ਨਹੀਂ ਸਗੋਂ ਆਪਣਾ-ਆਪ ਪਛਾਣਨ ਦੀ ਪਰੇਰਨਾ ਵੀ ਦਿੰਦਾ ਹੈ। ਉਹ ਆਖਦਾ ਹੈ ਕਿ ਪਿਛਲੱਗ ਬਣਿਆਂ ਸੱਚ ਦੀ ਤਹਿ ਤੱਕ ਨਹੀਂ ਪਹੁੰਚਿਆ ਜਾ ਸਕਦਾ। ਸੱਚ ਦੇ ਮਾਰਗ 'ਤੇ ਤੁਰਨ ਨਾਲ ਹੀ ਮੰਜ਼ਿਲ ਦਿਸਦੀ ਹੈ। ਹੁਣ ਆਦਮੀ ਨੂੰ ਸ੍ਵੈ-ਭਰੋਸੇ 'ਤੇ ਯਕੀਨ ਕਰਨਾ ਹੋਵੇਗਾ। ਕਵੀ ਆਦਮੀ ਨੂੰ ਆਪਣੇ ਮਨ ਦੀਆਂ ਪਰਤਾਂ ਫਰੋਲਣ ਅਤੇ ਉਹਨਾਂ ਨੂੰ ਪੜ੍ਹਨ ਦਾ ਆਦੇਸ਼ ਦਿੰਦਾ ਹੈ-

ਅਸਲੀਅਤ ਜੇ ਜਾਣਨੀ, ਦੂਜੇ ਤੋਂ ਨਾ ਟੋਲ।
ਆਪਣੇ ਅੰਦਰ ਬੈਠ ਕੇ ਅਪਣਾ ਮਨ ਹੀ ਫੋਲ। (ਪੰਨਾ 45)

ਕਾਵਿ-ਵਕਤਾ ਦੀ ਚੇਸ਼ਟਾ ਹੈ ਕਿ ਜਦੋਂ ਕੋਈ ਵਿਅਕਤੀ ਆਪਣੇ ਮਨ-ਮਸਤਕ ਦਾ ਪੂਰਾ ਅਧਿਐਨ ਕਰ ਲਵੇਗਾ ਤਾਂ ਉਦੋਂ ਹੀ ਉਹ ਆਪਣੇ ਆਲੇ-ਦੁਆਲੇ ਨੂੰ ਸਮਝ ਸਕੇਗਾ। ਉਹ ਚਾਨਣ ਦੇ ਸਾਬਣ ਨਾਲ ਹਨੇਰੇ ਨੂੰ ਧੋ ਸੁੱਟੇਗਾ। ਫਿਰ ਉਸਦੀ ਸੱਜਰੀ ਸੂਝ ਅੱਗੇ ਕੋਈ ਟਿਕ ਨਹੀਂ ਸਕੇਗਾ-

ਚਾਨਣ ਭਾਵੇਂ ਘੇਰਿਆ ਚਾਰ-ਚਫੇਰੇ ਨ੍ਹੇਰ।
ਚਾਨਣ ਫਿਰ ਵੀ ਫੈਲਿਆ, ਦੇਖੋ ਚਾਰ-ਚੁਫੇਰ। (ਪੰਨਾ 70)


ਕਵੀ ਨੂੰ ਇਹ ਅਹਿਸਾਸ ਹੈ ਕਿ ਜਦੋਂ ਕੋਈ ਵਿਅਕਤੀ ਗਿਆਨ-ਵਿਹੂਣਾ ਹੁੰਦਾ ਹੈ ਤਾਂ ਉਦੋਂ ਉਹ ਬਿਨਾ ਸੋਚੇ-ਸਮਝੇ ਆਪਣੇ ਨਿੱਜ ਲਈ ਸਭ ਕੁਝ ਪਲੀਤ ਕਰੀ ਜਾਂਦਾ ਹੈ। ਇਥੋਂ ਤੱਕ ਕਿ ਉਹ ਸੱਚ ਤੋਂ ਤਾਂ ਦੂਰ ਚਲਿਆ ਹੀ ਜਾਂਦਾ ਹੈ, ਉਹ ਰਿਸ਼ਤੇ-ਨਾਤਿਆਂ ਦੇ ਨਾਲ-ਨਾਲ ਆਪਣੇ ਜੀਵਨ ਦੇ ਜ਼ਰੂਰੀ ਤੱਤ ਮਿੱਟੀ, ਪਾਣੀ ਅਤੇ ਹਵਾ ਨੂੰ ਵੀ ਪ੍ਰਦੂਸ਼ਿਤ ਕਰ ਦਿੰਦਾ ਹੈ। ਉਸਨੂੰ ਸੁੰਦਰਤਾ ਦੇ ਪ੍ਰਤੀਕ ਰੁੱਖਾਂ ਦੀ ਅਹਿਮੀਅਤ ਭੁੱਲ ਜਾਂਦੀ ਹੈ। ਕਵੀ ਆਪਣੇ ਕਈ ਦੋਹਿਆਂ ਵਿਚ ਚੌਕੀਦਾਰ ਬਣ ਕੇ ਘਰ-ਘਰ ਹੋਕਾ ਦੇ ਰਿਹਾ ਹੈ ਕਿ ਜੇ ਛਾਵਾਂ ਦੇ ਸਵਰਗ ਨੂੰ ਅੱਗੇ ਤੋਂ ਮਾਣਨਾ ਹੈ ਤਾਂ ਵਿਅਕਤੀ ਨੂੰ ਆਪਣੇ ਅਵੇਸਲਾਪਨ ਛੱਡਣਾ ਪਵੇਗਾ। ਜੇ ਪੰਛੀਆਂ ਨੂੰ ਰੁੱਖਾਂ 'ਤੇ ਚਹਿਕਦਿਆਂ ਦੇਖਣਾ-ਸੁਣਨਾ ਹੈ ਤਾਂ ਰੁੱਖਾਂ ਨਾਲ ਮੁੜ ਮੋਹ ਪਾਉਣਾ ਹੋਵੇਗਾ। ਨਹੀਂ ਤਾਂ ਕਈ ਕੁਝ ਇੱਥੋਂ ਮੁੱਕ ਗਿਆ ਹੈ ਅਤੇ ਹੋਰ ਬਹੁਤ ਕੁਝ ਮੁੱਕ ਜਾਵੇਗਾ-

ਤੋਤੇ-ਚਿੜੀਆਂ ਮੁੱਕ ਗਏ ਮੁੱਕਦੇ ਜਾਂਦੇ ਰੁੱਖ।
ਤੂੰ ਹੀ ਰੱਬਾ ਜਾਣਦੈਂ ਕਰਦਾ ਕੀ ਮਾਨੁੱਖ। (ਪੰਨਾ 54)

ਲੋਕ ਆਪਣੇ ਫ਼ਰਜ਼ ਭੁੱਲ ਗਏ ਹਨ ਪਰ ਕਵੀ ਆਪਣੇ ਆਪਣਾ ਫ਼ਰਜ਼ ਨਹੀਂ ਭੁੱਲਿਆ। ਉਸ ਦੀ ਡੂੰਘੀ ਨੀਝ ਸ਼ਬਦਾਂ ਦੇ ਅਰਥਾਂ ਨੂੰ ਸਮਝਦੀ ਹੈ। ਉਹ ਪ੍ਰਭਾਤੀ ਤਾਰਾ ਬਣ ਕੇ ਪਹੁ-ਫੁੱਟਣ ਦਾ ਸੁਨੇਹਾ ਦੇਣਾ ਚਾਹੁੰਦਾ ਹੈ। ਉਹ ਸ਼ਾਇਰ ਦਾ ਫ਼ਰਜ਼ ਨਿਭਾਉਂਦਿਆਂ ਕੁਝ ਕਰਜ਼ ਲਾਹੁੰਣਾ ਚਾਹੁੰਦਾ ਹੈ-

ਮੈਂ ਤਾਂ ਸੂਖਮ ਸੋਚ ਦਾ ਕੀਤਾ ਨਾ ਵਿਸਥਾਰ।
ਮੇਰੇ ਸਿਰ ਹੁਣ ਅੱਖਰਾਂ ਦੇ ਕਰਜ਼ੇ ਦਾ ਭਾਰ। (ਪੰਨਾ 32)

ਕਵੀ ਸਮਾਜ-ਸਭਿਆਚਾਰ ਵਿਚ ਫੈਲੀ ਹਰ ਬੀਮਾਰੀ ਦੂਰ ਕਰਨਾ ਲੋਚਦਾ ਹੈ। ਇਹ ਲੋਚਾ ਹੀ ਉਸਦੇ ਦੋਹਿਆਂ ਦੀ ਪੁਕਾਰ ਹੈ। ਸੰਜਮੀ ਸ਼ਬਦਾਂ ਨਾਲ ਪਰੁੱਚੇ ਇਹ ਦੋਹੇ ਕਮਾਲ ਦੀ ਜੜ੍ਹਤ ਵਾਲੇ ਹਨ। ਤੋਲ-ਤੁਕਾਂਤ 'ਤੇ ਖਰੇ ਉਤਰਦੇ ਹਨ। ਅਲੰਕਾਰਾਂ, ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਠੰਢੇ ਦਿਮਾ.ਗ ਨੂੰ ਗਰਮਾਉਂਦੇ ਹਨ। ਤਨਜ਼ ਤੇ ਵਿਅੰਗ ਇਹਨਾਂ ਦੋਹਿਆਂ ਦਾ




ਅਗਨੀ-ਹਥਿਆਰ ਹੈ। ਇਹ ਪਾਠਕ ਨੂੰ ਹਲੂਣਦੇ ਹਨ। ਸੰਵਾਦ ਰਚਾਉਂਦੇ ਹਨ। ਦਵੰਦ ਨੂੰ ਉਕਸਾਉਂਦੇ ਹਨ। ਸਮਾਜ ਦੀਆਂ ਤਲਖ਼-ਹਕੀਕਤਾਂ ਦੀ ਦੱਸ ਪਾਉਂਦੇ ਹਨ। ਅਣਗਿਣਤ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੇ ਇਹ ਸਦਾ-ਬਹਾਰ ਦੋਹੇ ਸਾਂਭਣਯੋਗ ਹਨ। ਇਹ ਹੀ ਇਸ ਪੁਸਤਕ ਦੀ ਵੱਡੀ ਪ੍ਰਾਪਤੀ ਹੈ। ਸ਼ਾਲਾ! ਬਲਬੀਰ ਸਿੰਘ ਡੁਮੇਲੀ ਹੋਰੀਂ ਆਪਣੇ ਸਾਹਿਤਕ ਕਾਰਜ ਵਿਚ ਇੰਞ ਹੀ ਜੁਟੇ ਰਹਿਣ। ਮੇਰੀਆਂ ਢੇਰ ਸਾਰੀਆਂ ਸ਼ੁਭ-ਕਾਮਨਾਵਾਂ ਉਹਨਾਂ ਦੇ ਅੰਗ-ਸੰਗ ਰਹਿਣਗੀਆਂ।

## ਕਾਵਿ ਵਿਅੰਗ

## ਗਠਬੰਧਨਾਂ ਦੀਆਂ ਗੱਠਾਂ?

ਦਸਤਕ ਦੇਣ ਜਦ ਚੋਣਾਂ ਦਰਵਾਜ਼ਿਆਂ 'ਤੇ
ਫੜਦੇ ਫੇਰ ਨੇ ਤਿੱਖੀ ਰਫਤਾਰ ਭਾਈ।

ਕਹਿੰਦਾ ਫਤਿਹ ਸਿੰਘ ਸੁਣੀ ਬਈ ਰਾਮ ਚੰਦਾ
'ਕੱਠੇ ਰਹਿਣ ਦਾ ਕਰੀਏ ਇਕਰਾਰ ਭਾਈ।

ਟੱਕਰ ਦੇਣ ਲਈ ਵੱਡਿਆਂ ਦਲਾਂ ਤਾਈਂ
ਕਰ ਕਰ ਮੀਟਿੰਗਾਂ ਕਰਨ ਵਿਚਾਰ ਭਾਈ।

ਬਾਹਾਂ ਉੱਚੀਆਂ ਨਾਲੇ ਹੱਥ ਫੜਨ ਵਾਲੇ
ਆਪੂੰ ਵਿਚ ਹੀ ਲੜਨ ਲਲਕਾਰ ਭਾਈ।

ਸੁਰ ਛੇਤੀ ਹੀ ਸੋਗ ਵਿਚ ਬਦਲ ਜਾਂਦਾ
ਗਈ 'ਗਠਨ' ਦੀ ਖੁਸ਼ੀ ਵਿਚ 'ਬੰਦਨਾਂ' ਦਾ।

'ਬੰਧਨ' ਵਿਚ ਨਾ ਬਹੁਤਾ ਚਿਰ ਰਹਿਣ 'ਗੱਠਾਂ'
ਇਹ ਇਤਿਹਾਸ ਹੈ ਬਣੇ ਗੱਠਬੰਧਨਾਂ ਦਾ!



ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268



# Jagdish Kaur Ram "Jackie"
## September 10, 1984 - January 20, 2019

It is with sadness that Jagdish (Jackie) Kaur Ram (34) passed away on Sunday January 20, 2019. She was the daughter of late Commissioner Mr. Lahori Ram Ji & Mrs. Prito Ram and sister of Mr. Jagdev Ram & Mr. Ajaipaul Ram..

With profound grief www. ambedkartimes. com & www.deshdoaba.com forums send heartfelt condolences to the family of Jagdish (Jackie) Kaur Ram on her untimely and sudden death. May Almighty grant the departed noble soul permanent abode in His lap and give strength to the bereaved Family to bear the irreparable loss.

**- Prem K. Chumber**

# In Loving Memory of Jagdish Kaur Ram "Jackie"


























JAGDISH KAUR RAM "JACKIE"

# In Loving Memory of

# Jagdish Kaur Ram "Jackie"

## Visitation

Tuesday, January 29, 2019
Five o'clock to Eight o'clock p. m.
The Tiffany Chapel of Cypress Lawn
Funeral Home 1370 El Camino Real
Colma, California 94014

## Cremation

Wednesday, January 30, 2019
Three o'clock p. m.
Noble Chapel (East Side)
Cypress Lawn Memorial Park
1370 El Camino Real
Colma, California 94014

## Funeral Services

Wednesday, January 30, 2019
Ten o'clock a. m.
San Francisco Scotish Rite Center
2850 Nineteeth Ave. (at Sloat Boulevard)
San Francisco, California 94132

# JAGDISH KAUR RAM "JACKIE"

## September 10, 1984 - January 20, 2019

**Ms.** Jagdish "Jackie" Kaur Ram was born on September 10, 1984 in Redwood City, California. She called Burlingame, California her home for the past 18 years.

She attended Allen Elementary School and Parkside Intermediate School in San Bruno. Thereafter, she graduated from Burlingame High School in 2002. She fulfilled her childhood dream by attending and graduating from the University of California, Berkeley in 2006 with a Bachelor of Arts Degree in Political Science. The Dean's List recognized Jackie's outstanding performance in each year of her undergraduate studies. She advanced her academic career by earning a Masters in Business Administration (MBA) from San Francisco State University.

Jackie utilized her educational background to establish herself as a successful business woman. She was an invaluable asset and driving force behind the advancement of the family business. Jackie's knowledge combined with her strong communication skills commanded recognition in her profession. She received many accolades from different organizations adding to her list of accomplishments.

Jackie had a passion for politics and public service. She was instrumental in organizing many fundraisers for the local, state, and National Democratic Party. Jackie served as a Board of Director on the San Bruno Chamber of Commerce. She was a very active participant in all of the Chamber's events and activities. Jackie was also very fond of serving the community by doing SEVA at the Gurdwaras in the Bay Area and other types of charitable social work.

Jackie had a wide variety of hobbies which included traveling the world, dining at the most trendiest restaurants, trying different cuisines, keeping up with the newest fashions, and attending sporting events. She was an avid fan of all the bay area sporting teams. Jackie was known as being a social butterfly who always loved meeting new people. She will always be remembered for her sweet blissful face, loving nature towards all, and sense of humor, contagious laugh and infectious smile.

Jackie is the loving daughter of Late Commissioner Lahori Ram and Prito Ram. She is the affectionate and caring sister to Jagdev (Jack) Ram and Ajaipaul (Paul) Ram. She is the devoted sister-in-law to Ramitpal Ram and the nurturing aunt to Jasmyne Kaur Ram. She has a very large extended family some of whom live locally and abroad. Jackie also has a great circle of friends that she cherished and admired.

Jagdish Kaur Ram passed away unexpectedly on January 20, 2019. Our Queen of Hearts will be missed but never forgotten, for she is an eternal flame that will forever shine bright throughout time. Her memories and legacy will be imprinted in everyone's heart forever.

**For More Information Contact**

**Jack Ram (650) 455-9026** **Paul Ram (650) 296-4208**